www.sikhbookclub.com

# ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਜਥੇਦਾਰ ਸਾਹਿਬਾਨ



ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ

www.sikhbookclub.com

ੴ ਸਤਿਗੁਰ ਪ੍ਰਸਾਦਿ ॥

# ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਜਥੇਦਾਰ ਸਾਹਿਬਾਨ

ਲੇਖਕ:
ਸਿੰਘ ਸਾਹਿਬ ਗਿ: ਕਿਰਪਾਲ ਸਿੰਘ ਜੀ
ਸਾਬਕਾ ਹੈੱਡ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ
ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ
ਸ੍ਰੀ ਅੰਮ੍ਰਿਤਸਰ

ਸੰਪਾਦਕ:
ਇੰਦਰਜੀਤ ਸਿੰਘ ਗੋਗੋਆਣੀ

ਪ੍ਰਕਾਸ਼ਕ :
ਭਾ. ਚਤਰ ਸਿੰਘ ਜੀਵਨ ਸਿੰਘ
ਅੰਮ੍ਰਿਤਸਰ

www.sikhbookclub.com

© ਪ੍ਰਕਾਸ਼ਕ

ISBN : 81-7601-319-6

ਪਹਿਲੀ ਵਾਰ : 1999

ਮੁੱਲ : 80-00

ਪ੍ਰਕਾਸ਼ਕ :

**ਭਾ. ਚਤਰ ਸਿੰਘ ਜੀਵਨ ਸਿੰਘ**

ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ

ਫੋਨ : (0183) 542346,547974,557973

ਫੈਕਸ : (0183) 542346

Email : csjs@jla.vsnl.net.in

Website : www.csjs.com

*ਪ੍ਰਿੰਟਰ : ਹਰਭਜਨ ਸਿੰਘ, ਜੀਵਨ ਪ੍ਰਿੰਟਰਜ਼, ਬਜ਼ਾਰ ਧੋਬੀਆਂ, ਅੰਮ੍ਰਿਤਸਰ। ਫੋਨ : 543478*

www.sikhbookclub.com

## ਸਮਰਪਣ

ਖ਼ਾਲਸਾ ਪੰਥ ਦੇ
੩੦੦ ਸਾਲਾ
ਸਾਜਨਾ ਦਿਵਸ ਨੂੰ

www.sikhbookclub.com

# ਤਤਕਰਾ

(ਸੰਨ ੧੬੦੯ ਤੋਂ ੧੯੮੬ ਈ. ਤਕ)

(ਸੰਮਤ ੧੬੬੩ ਤੋਂ ੨੦੪੦ ਤਕ)


| | | |
|---|---|---|
| 1. | ਸ੍ਰੀ ਅਕਾਲ ਤਖ਼ਤ ਸਾਹਿਬ ਆਰੰਭ ਤੋਂ ਹੁਣ ਤਕ | 11 |
| 2. | ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅੱਠ ਪਹਿਰੀ ਮਰਯਾਦਾ | 24 |
| 3. | ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਸ਼ੋਭਿਤ ਇਤਿਹਾਸਕ ਸ਼ਸਤਰ | 29 |
| 4. | ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਪਹਿਲੇ ਮੁੱਖ ਸੇਵਾਦਾਰ (ਜਥੇਦਾਰ) ਭਾਈ ਗੁਰਦਾਸ ਜੀ (ਸੰਮਤ ੧੬੯੪ ਤਕ) | 35 |
| 5. | ਭਾਈ ਸਾਹਿਬ ਭਾਈ ਮਨੀ ਸਿੰਘ ਜੀ (ਸੰਮਤ ੧੭੯੧ ਤਕ) | 38 |
| 6. | ਜਥੇਦਾਰ ਦਰਬਾਰਾ ਸਿੰਘ ਜੀ (ਸੰਮਤ ੧੭੯੧ ਤਕ) | 49 |
| 7. | ਜਥੇਦਾਰ ਨਵਾਬ ਕਪੂਰ ਸਿੰਘ ਜੀ (ਸੰਮਤ ੧੮੧੦ ਤਕ) | 50 |
| 8. | ਸ੍ਰ: ਜੱਸਾ ਸਿੰਘ ਆਹਲੂਵਾਲੀਆ (ਸੰਮਤ ੧੮੪੦ ਤਕ) | 52 |
| 9. | ਜਥੇਦਾਰ ਅਕਾਲੀ ਫੂਲਾ ਸਿੰਘ ਜੀ (ਸੰਮਤ ੧੮੭੯ ਤਕ) | 54 |
| 10. | ਜਥੇਦਾਰ ਅਕਾਲੀ ਫੂਲਾ ਸਿੰਘ ਜੀ ਤੋਂ ਬਾਅਦ | 57 |
| 11. | ਅੰਗਰੇਜ਼ਾਂ ਦੀ ਹਕੂਮਤ ਵੇਲੇ ਸਰਬਰਾਹ | 58 |
| 12. | ਜਥੇਦਾਰ ਤੇਜਾ ਸਿੰਘ ਜੀ ਭੁੱਚਰ (੧੯੨੦-੨੧ ਈ:) | 60 |
| 13. | ਜਥੇਦਾਰ ਤੇਜਾ ਸਿੰਘ ਜੀ ਅਕਰਪੁਰੀ (੧੯੨੧-੨੨ ਅਤੇ ੧੯੨੭-੩੧ ਈ) | 68 |
| 14. | ਜਥੇਦਾਰ ਊਧਮ ਸਿੰਘ ਜੀ ਨਾਗੋਕੇ (੧੯੨੩ ਈ:) | 71 |
| 15. | ਜਥੇਦਾਰ ਅੱਛਰ ਸਿੰਘ ਜੀ (੧੯੨੪ ਅਤੇ ੧੯੫੫-੬੨ ਈ:) | 74 |
| 16. | ਜਥੇਦਾਰ ਦੀਦਾਰ ਸਿੰਘ ਜੀ (੧੯੨੫ ਈ:) | 81 |
| 17. | ਜਥੇਦਾਰ ਜਵਾਹਰ ਸਿੰਘ ਜੀ (੧੯੨੬ ਈ:) | 82 |
| 18. | ਜਥੇਦਾਰ ਗਿਆਨੀ ਗੁਰਮੁਖ ਸਿੰਘ ਜੀ ਮੁਸਾਫਿਰ (੧੯੩੧-੩੪ ਈ:) | 83 |
| 19. | ਜਥੇਦਾਰ ਮੋਹਨ ਸਿੰਘ ਜੀ ਨਾਗੋਕੇ (੧੯੩੫-੫੨ ਈ:) | 86 |
| 20. | ਜਥੇਦਾਰ ਗਿਆਨੀ ਪ੍ਰਤਾਪ ਸਿੰਘ ਜੀ (੧੯੫੨-੫੫ ਈ:) | 90 |
| 21. | ਜਥੇਦਾਰ ਮੋਹਣ ਸਿੰਘ ਜੀ 'ਤੁੜ' (੧੯੬੨-੬੫ ਈ:) | -- |
| 22. | ਜਥੇਦਾਰ ਸਾਧੂ ਸਿੰਘ ਜੀ ਭੌਰਾ (੧੯੬੫-੮੦ ਈ:) | 93 |
| 23. | ਜਥੇਦਾਰ ਗੁਰਦਿਆਲ ਸਿੰਘ ਜੀ ਅਜਨੋਹਾ (੧੯੮੦-੮੨ ਈ:) | 95 |
| 24. | ਜਥੇਦਾਰ ਕਿਰਪਾਲ ਸਿੰਘ ਜੀ (੧੯੬੩ ਤੋਂ ੬੫) (੧੯੮੨-੮੬ ਈ:) | 98 |

www.sikhbookclub.com

# ਭੂਮਿਕਾ

ਖਾਲਸਾ ਪੰਥ ਦੇ ਪੰਜ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ, ਤਖ਼ਤ ਸ੍ਰੀ ਪਟਨਾ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਤਖ਼ਤ ਸ੍ਰੀ ਦਮਦਮਾ ਸਾਹਿਬ ਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਹਨ। ਇਹਨਾਂ ਤਖ਼ਤਾਂ ਵਿਚੋਂ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਨੂੰ ਵਿਸ਼ੇਸ਼ ਮਹੱਤਤਾ ਪ੍ਰਦਾਨ ਕੀਤੀ ਗਈ ਹੈ। ਇਸ ਸਬੰਧੀ ਡਾ. ਸੁਖਦਿਆਲ ਸਿੰਘ ਆਪਣੀ ਪੁਸਤਕ 'ਖ਼ਾਲਸਾ ਪੰਥ ਦੇ ਪੰਜ ਤਖ਼ਤ' ਵਿਚ ਲਿਖਦੇ ਹਨ, "ਇਹ ਪੰਜ ਕੇਂਦਰ ਖ਼ਾਲਸਾ ਪੰਥ ਨੂੰ ਜਥੇਬੰਦਕ ਤੌਰ ਤੇ ਚੰਗੀ ਤਰ੍ਹਾਂ ਸੰਗਠਤ ਕਰਨ ਦੀ ਇਕ ਪਰਣਾਲੀ ਹੈ; ਇਨ੍ਹਾਂ ਤਖ਼ਤਾਂ ਦਾ ਆਪਣਾ ਇਕ ਨੀਅਤ ਖੇਤਰ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਸਮੁੱਚੇ ਪੰਥ ਦਾ ਕੇਂਦਰ ਹੈ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਅਧਿਕਾਰ ਖੇਤਰ ਵਿਚ ਉਤਰ-ਪੱਛਮੀ ਪੰਜਾਬ ਜਿਸ ਵਿਚ ਹਿਮਾਚਲ, ਜੰਮੂ ਕਸ਼ਮੀਰ ਅਤੇ ਸਾਰੇ ਪੱਛਮੀ ਪਾਕਿਸਤਾਨ ਦੇ ਇਲਾਕੇ ਦੀਆਂ ਸਿੱਖ ਸੰਗਤਾਂ ਆਉਂਦੀਆਂ ਹਨ। ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਖੇਤਰ ਵਿਚ ਪੂਰਬੀ ਪੰਜਾਬ, ਹਰਿਆਣਾ, ਦਿੱਲੀ ਅਤੇ ਰਾਜਸਥਾਨ ਆਦਿ ਖੇਤਰਾਂ ਦੀਆਂ ਸੰਗਤਾਂ ਆਉਂਦੀਆਂ ਹਨ। ਤਖ਼ਤ ਸ੍ਰੀ ਪਟਨਾ ਸਾਹਿਬ ਪੂਰਬੀ ਭਾਰਤ ਦੇ ਇਲਾਕੇ ਦੀਆਂ ਸਿੱਖ ਸੰਗਤਾਂ ਦਾ ਕੇਂਦਰ ਹੈ ਜਦੋਂ ਕਿ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੱਖਣੀ ਭਾਰਤ ਦੇ ਇਲਾਕੇ ਦੀਆਂ ਸਿੱਖ ਸੰਗਤਾਂ ਦਾ ਕੇਂਦਰ ਹੈ। ਦੱਖਣੀ ਭਾਰਤ ਵਿਚ ਸ੍ਰੀ ਲੰਕਾ ਵੀ ਸ਼ਾਮਲ ਹੈ.... ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਖੇਤਰੀ ਕੇਂਦਰ ਨਹੀਂ ਸਗੋਂ ਸਮੁੱਚੇ ਖ਼ਾਲਸਾ ਪੰਥ ਦਾ ਕੇਂਦਰ ਹੈ ਜਿਸ ਵਿਚ ਸਾਰੀ ਦੁਨੀਆਂ ਦੇ ਸਿੱਖ ਆ ਜਾਂਦੇ ਹਨ। ਬਾਕੀ ਦੇ ਚਾਰੇ ਤਖ਼ਤ ਵੀ ਇਸ ਦੇ ਅਧਿਕਾਰ ਖੇਤਰ ਹੇਠ ਹਨ। ਹਰ ਤਖ਼ਤ ਆਪਣੇ ਖੇਤਰ ਵਿਚ ਹੁਕਮਨਾਮਾ ਜਾਰੀ ਕਰ ਸਕਦਾ ਹੈ ਪਰ ਉਸ ਹੁਕਮਨਾਮੇ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਪ੍ਰੌੜ੍ਹਤਾ ਹੋਣੀ ਜ਼ਰੂਰੀ ਹੈ। ਇਸ ਪ੍ਰੌੜ੍ਹਤਾ ਦੀ ਅਣਹੋਂਦਤਾ ਨਾਲ ਕਿਸੇ ਵੀ ਤਖ਼ਤ ਦਾ ਹੁਕਮਨਾਮਾ ਪਰਭਾਵ ਰਹਿਤ ਹੁੰਦਾ ਹੈ.... ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਿਨਾਂ ਜੇ ਕਿਸੇ ਖੇਤਰੀ ਤਖ਼ਤ ਵਲੋਂ ਕੋਈ ਹੁਕਮਨਾਮਾ ਜਾਰੀ ਹੁੰਦਾ ਹੈ ਤਾਂ ਉਹ ਸਿਰਫ਼ ਉਸੇ ਖੇਤਰ ਦੀਆਂ ਸਿੱਖ ਸੰਗਤਾਂ ਉੱਪਰ ਹੀ ਲਾਗੂ ਹੁੰਦਾ ਹੈ.... ਜਿਹੜਾ ਹੁਕਮਨਾਮਾ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਹੁੰਦਾ ਹੈ ਉਹ ਸਮੁੱਚੇ ਪੰਥ ਦੇ ਨਾਂ ਜਾਰੀ ਹੁੰਦਾ ਹੈ ਕਿਸੇ ਇਕ ਖੇਤਰ ਦੇ ਨਾਂ ਨਹੀਂ। ਇਸ ਲਈ ਇਹ ਹੁਕਮਨਾਮਾ ਸਾਰੇ ਸਿੱਖਾਂ ਲਈ ਮੰਨਣਾ ਜ਼ਰੂਰੀ ਹੁੰਦਾ ਹੈ।"

ਕੇਂਦਰ ਤੇ ਰਾਜ ਸਬੰਧਾਂ ਨਾਲ ਤੁਲਨਾ ਕਰਦੇ ਹੋਏ ਉਹ ਲਿਖਦੇ ਹਨ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਬਾਕੀ ਚਾਰ ਤਖ਼ਤਾਂ ਦੇ ਸੰਬੰਧ ਬਿਲਕੁਲ ਉਸ ਪੈਟਰਨ ਉੱਪਰ ਹੈ; ਜਿਵੇਂ ਕਿ ਕੇਂਦਰੀ ਸਰਕਾਰ ਅਤੇ ਰਾਜ ਸਰਕਾਰ ਦਾ ਹੁੰਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਖ਼ਾਲਸਾ ਪੰਥ ਦਾ ਕੇਂਦਰੀ ਅਤੇ ਅਧਿਕਾਰਸ਼ਾਲੀ ਤਖ਼ਤ ਹੈ ਅਤੇ ਬਾਕੀ ਚਾਰ ਤਖ਼ਤ ਪੁਰਾਤਨ ਜਾਂ ਖੇਤਰੀ ਕੇਂਦਰ ਹਨ। ਇਹ ਗੱਲ ਇਤਿਹਾਸਕ ਤੌਰ ਤੇ ਪ੍ਰਮਾਣਿਕ ਹੈ ਕਿ ਜਦੋਂ ਵੀ ਖ਼ਾਲਸਾ ਪੰਥ ਤੇ ਭੀੜ ਬਣੀ, ਉਸ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਨੂੰ ਮੂੰਹ ਕੀਤਾ ਹੈ। ਇਸ ਤਖ਼ਤ ਨੇ ਹੀ ਖ਼ਾਲਸਾ ਪੰਥ ਨੂੰ ਹਰ ਸਮੇਂ ਯੋਗ ਅਗਵਾਈ

www.sikhbookclub.com

ਦਿੱਤੀ ਹੈ। ਜੂਨ ੧੯੮੪ ਵਿਚ ਸਾਕਾ ਨੀਲਾ ਤਾਰਾ ਸਮੇਂ ਜਦ ਸਾਰੇ ਪੰਥਕ ਲੀਡਰ ਜੇਲਾਂ ਵਿਚ ਬੰਦ ਕਰ ਦਿੱਤੇ ਗਏ, ਪੰਥ ਲੀਡਰ ਵਿਹੂਣਾ ਹੋ ਗਿਆ ਤਾਂ ਇਹ ਸ੍ਰੀ ਅਕਾਲ ਤਖ਼ਤ ਸਾਹਿਬ ਹੀ ਸੀ ਜਿਸ ਨੇ ਪੰਥ ਨੂੰ ਇਸ ਸੰਕਟ ਵਿਚੋਂ ਕੱਢਿਆ। ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ ਨੇ ਆਪਣੀ ਪੁਸਤਕ 'ਅੱਖੀਂ ਡਿੱਠਾ ਸਾਕਾ ਨੀਲਾ ਤਾਰਾ' ਵਿਚ ਉਹਨਾਂ ਸਾਰੇ ਹਾਲਾਤਾਂ ਦਾ ਵਿਸਥਾਰ ਪੂਰਵਕ ਜ਼ਿਕਰ ਕੀਤਾ ਹੈ, ਜਿਨ੍ਹਾਂ ਵਿਚ ਪੰਜ ਸਿੰਘ ਸਾਹਿਬਾਨ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਹਿਨੁਮਾਈ ਵਿਚ ਕੇਂਦਰੀ ਸਰਕਾਰ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤੋੜ ਕੇ ਗੁਰਦੁਆਰਿਆਂ ਦਾ ਪ੍ਰਬੰਧ ਆਪਣੇ ਹੱਥ ਵਿਚ ਲੈਣ ਦੇ ਮਨਸੂਬਿਆਂ ਨੂੰ ਨਾਕਾਮਯਾਬ ਕੀਤਾ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਇਸ ਤਖ਼ਤ ਦੀ ਅਜੋਕੇ ਜੁਗ ਵਿਚ ਵੀ ਓਨੀ ਹੀ ਮਹੱਤਤਾ ਹੈ।

ਸਿੱਖ ਸੰਘਰਸ਼ ਵਿਚ ਇਸ ਤਖ਼ਤ ਦੀ ਵਿਸ਼ੇਸ਼ ਦੇਣ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਿਸ਼ਵ ਭਰ ਦੀ ਮਨੁਖਤਾ ਨੂੰ ਪਰਮਾਤਮਾ ਨੂੰ ਛੱਡ ਕੇ ਕਿਸੇ ਦੀ ਈਨ ਨਾ ਮੰਨਣ, ਹੱਕ, ਸੱਚ ਤੇ ਇਨਸਾਫ਼ ਲਈ ਪਹਿਰਾ ਦੇਣ ਦਾ ਜੋ ਉਪਦੇਸ਼ ਦਿੱਤਾ ਸੀ, ਬਾਕੀ ਗੁਰੂ ਸਾਹਿਬਾਨ ਨੇ ਵੀ ਉਸ ਉੱਤੇ ਪਹਿਰਾ ਦਿੱਤਾ ਤੇ ਇਸ ਵਿਚਾਰਧਾਰਾ ਨੂੰ ਅਗਾਂਹ ਤੋਰਿਆ। ਸ੍ਰੀ ਗੁਰੂ ਅਰਜਨ ਦੇਵ ਜੀ ਤਕ ਦਾ ਸਮਾਂ ਸ਼ਾਂਤਮਈ ਦਾ ਸਮਾਂ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨਾਲ ਸਿੱਖਾਂ ਤੇ ਮੁਗਲਾਂ ਵਿਚ ਹਥਿਆਰਬੰਦ ਸੰਘਰਸ਼ ਸ਼ੁਰੂ ਹੁੰਦਾ ਹੈ। ਇਸ ਸੰਘਰਸ਼ ਦੀ ਤਿਆਰੀ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਹੀ ਸ਼ੁਰੂ ਹੋ ਗਈ ਸੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਜਿਹੜੇ ਚਾਰ ਸਿੱਖ ਜੱਥਿਆਂ ਦੇ ਜਰਨੈਲ ਥਾਪੇ ਸਨ। ਉਹ ਸ੍ਰੀ ਗੁਰੂ ਅਰਜਨ ਦੇਵ ਜੀ ਸਮੇਂ ਘੋੜ—ਸਵਾਰ ਜਵਾਨਾਂ ਦੇ ਮੁੱਖੀ ਸਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕਰਕੇ ਸਿੱਖ ਕੌਮ ਦੀ ਖ਼ੁਦਮੁਖਤਾਰ ਹਸਤੀ ਦਾ ਪ੍ਰਗਟਾਵਾ ਕੀਤਾ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਦੋ ਕੇਸਰੀ ਨਿਸ਼ਾਨ ਸਾਹਿਬ ਜੋ ਕਿ ਮੀਰੀ ਪੀਰੀ ਦੇ ਪ੍ਰਤੀਕ ਹਨ ਦਰਸਾਉਂਦੇ ਹਨ ਕਿ ਇਹ ਦੋਵੇਂ ਸ਼ਕਤੀਆਂ ਕਿਸੇ ਦੇ ਅਧੀਨ ਨਹੀਂ। ਇਥੇ ਗੂੰਜਦਾ ਨਗਾਰਾ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਆਜ਼ਾਦੀ ਦਾ ਪ੍ਰਤੀਕ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਸਵੇਰੇ ਸ਼ਾਮ ਬਾਦਸ਼ਾਹਾਂ ਵਾਂਗ ਦਰਬਾਰ ਲਾਉਣਾ ਤੇ ਨਗਾਰਾ ਵਜਾਉਣਾ ਹਕੂਮਤ ਨੂੰ ਸਿੱਧੀ ਚੁਣੌਤੀ ਦੇਣਾ ਸੀ। ਇੰਞ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਨਾਲ ਸਿੱਖ ਲਹਿਰ ਨਵੇਂ ਦੌਰ ਵਿਚ ਪ੍ਰਵੇਸ਼ ਕਰਦੀ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਪਿੱਛੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਲਹਿਰ ਨੂੰ ਖ਼ਾਲਸਾ ਪੰਥ ਦੀ ਸਾਜਨਾ ਕਰਕੇ ਪ੍ਰਚੰਡ ਕਰਦੇ ਹਨ। ਹਥਿਆਰਬੰਦ ਸੰਘਰਸ਼ ਪ੍ਰਚੰਡ ਹੁੰਦਾ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਾਜੀ ਖ਼ਾਲਸਾ ਫ਼ੌਜ ਮੁਗਲ ਸਾਮਰਾਜ ਦੀਆਂ ਜੜ੍ਹਾਂ ਹਿਲਾ ਦਿੰਦੀ ਹੈ। ਕੁਝ ਸਮੇਂ ਪਿੱਛੋਂ ਹੀ ਮੁਗਲ ਸਾਮਰਾਜ ਢਹਿ ਢੇਰੀ ਹੋ ਜਾਂਦਾ ਹੈ।

ਹੱਥਲੀ ਪੁਸਤਕ ਵਿਚ ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਇਤਿਹਾਸਕ ਪਿਛੋਕੜ, ਇਥੋਂ ਦੀ ਅੱਠ ਪਹਿਰੀ ਮਰਯਾਦਾ, ਇਥੇ ਸ਼ੁਸ਼ੋਭਿਤ ਇਤਿਹਾਸਕ ਸ਼ਸਤਰਾਂ ਸੰਬੰਧੀ ਵਿਸਥਾਰ ਪੂਰਵਕ ਜਾਣਕਾਰੀ ਦੇਣ ਤੋਂ ਇਲਾਵਾ ੧੬੦੯ ਈ. ਤੋਂ ੧੯੮੬ ਈ.

www.sikhbookclub.com

ਤੀਕ ਦੇ ਜਥੇਦਾਰ ਸਾਹਿਬਾਨ ਬਾਰੇ ਵਡਮੁੱਲੀ ਜਾਣਕਾਰੀ ਦਿੱਤੀ ਹੈ। ਇਕ ਖੋਜੀ ਵਿਦਵਾਨ ਵਾਂਗ ਉਹਨਾਂ ਨੇ ਹਰ ਪੱਖ ਨੂੰ ਬੜੀ ਬਾਰੀਕੀ ਨਾਲ ਘੋਖਣ ਪਰਖਣ ਪਿੱਛੋਂ ਹੀ ਅੰਕਿਤ ਕੀਤਾ ਹੈ। ਬ੍ਰਿਜਭਾਸ਼ਾ ਦੇ ਗਿਆਤਾ ਹੋਣ ਕਰਕੇ, ਉਹਨਾਂ ਨੇ ਪੁਰਾਤਨ ਗ੍ਰੰਥਾਂ ਦੇ ਹਵਾਲੇ ਤੇ ਟਿੱਪਣੀਆਂ ਦਿੱਤੀਆਂ ਹਨ। ਉਹ ਹਰ ਵਿਦਵਾਨ ਦੇ ਵਿਚਾਰ ਨੂੰ ਦਰਜ ਕਰਨ ਤੋਂ ਪਹਿਲਾਂ ਉਸ ਨੂੰ ਪੜਚੋਲਦੇ ਹਨ ਤੇ ਤਰਕ ਸੰਗਤ ਨਾਲ ਸਹਿਮਤੀ ਜਾਂ ਅਸਹਿਮਤੀ ਦਰਸਾਉਂਦੇ ਹਨ। ਉਹਨਾਂ ਨੇ ਸਰਲ ਸਪੱਸ਼ਟ ਭਾਸ਼ਾ ਦਾ ਉਪਯੋਗ ਕੀਤਾ ਹੈ ਤਾਂ ਜੋ ਜਨ ਸਾਧਾਰਨ ਨੂੰ ਪੜ੍ਹਨ ਵਿਚ ਕਠਿਨਾਈ ਨਾ ਆਵੇ। ਇਕ ਉੱਚ ਕੋਟੀ ਦੇ ਵਿਦਵਾਨ ਹੋਣ ਦੇ ਬਾਵਜੂਦ ਵੀ ਉਹਨਾਂ ਨੇ ਆਪਣੀ ਲਿਖਤ ਨੂੰ ਬੋਝਲ ਨਹੀਂ ਹੋਣ ਦਿੱਤਾ।

ਸਿੰਘ ਸਾਹਿਬ ਲੰਬਾ ਸਮਾਂ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਜੁੜੇ ਰਹੇ ਹਨ। ਇਸ ਲਈ ਉਹਨਾਂ ਨੇ ਇਥੋਂ ਦੀਆਂ ਗਤੀਵਿਧੀਆਂ ਅਤੇ ਇਹਨਾਂ ਸਥਾਨਾਂ ਸੰਬੰਧੀ ਜਾਣਕਾਰੀ ਬੜੀ ਨੇੜੇ ਤੋਂ ਹੋ ਕੇ ਪ੍ਰਾਪਤ ਕੀਤੀ ਹੈ। ਇਸ ਦਾ ਪ੍ਰਮਾਣ ਉਹਨਾਂ ਦੀ ਇਸ ਲਿਖਤ ਤੋਂ ਰੂਪਮਾਨ ਹੁੰਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਬਾਰੇ ਕਈ ਪੁਸਤਕਾਂ ਉਪਲੱਬਧ ਹਨ, ਪਰ ਜਿਸ ਬਾਰੀਕੀ ਤੇ ਵਿਸਥਾਰ ਵਿਚ ਸਿੰਘ ਸਾਹਿਬ ਨੇ ਜਾਣਕਾਰੀ ਦਿੱਤੀ ਹੈ, ਇਸ ਪੁਸਤਕ ਦੀ ਵਿਲੱਖਣਤਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬਾਨ ਬਾਰੇ ਜੋ ਵਡਮੁੱਲੀ ਜਾਣਕਾਰੀ ਸਿੰਘ ਸਾਹਿਬਾਨ ਨੇ ਦਿੱਤੀ ਹੈ ਇਹ ਉਹਨਾਂ ਦੀ ਮਹਾਨ ਦੇਣ ਹੈ।

ਤਖ਼ਤ ਸ੍ਰੀ ਪਟਨਾ ਸਾਹਿਬ ਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਪੰਥ ਪ੍ਰਵਾਨਤ ਰਹਿਤ ਮਰਯਾਦਾ ਦੇ ਅਨੁਸਾਰੀ ਨਹੀਂ ਰਹੇ। ਇਹਨਾਂ ਦੀ ਮਰਯਾਦਾ ਹਮੇਸ਼ਾਂ ਵੱਖਰੀ ਰਹੀ ਹੈ ਤੇ ਅਜੇ ਵੀ ਇਸ ਵਿਚ ਤਬਦੀਲੀ ਲਿਆਉਣ ਦੀ ਲੋੜ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਜਿਸ ਦਾ ਵਿਸਥਾਰ ਪੂਰਵਕ ਵੇਰਵਾ ਸਿੰਘ ਸਾਹਿਬ ਨੇ ਇਸ ਪੁਸਤਕ ਵਿਚ ਦਿੱਤਾ ਹੈ, ਨੂੰ ਸਨਮੁਖ ਰੱਖ ਕੇ ਇਹਨਾਂ ਤਖ਼ਤਾਂ ਦੀ ਮਰਯਾਦਾ ਵਿਚ ਤਬਦੀਲੀ ਲਿਆਉਣ ਦੀ ਲੋੜ ਹੈ। ਚਾਹੀਦਾ ਤਾਂ ਇਹ ਹੈ ਕਿ ਸਰਬ ਹਿੰਦ ਗੁਰਦੁਆਰਾ ਐਕਟ ਬਣਾ ਕੇ ਸਾਰੇ ਗੁਰਦੁਆਰਿਆਂ ਦੀ ਮਰਯਾਦਾ ਸਿੱਖੀ ਸਿਧਾਂਤ ਅਨੁਸਾਰ ਚਲਾਈ ਜਾਵੇ।

ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬਾਨ ਦੀ ਇਹ ਪੁਸਤਕ ਇਕ ਇਤਿਹਾਸਕ ਦਸਤਾਵੇਜ਼ ਹੈ। ਜਿੱਥੇ ਇਹ ਪੁਸਤਕ ਆਮ ਪਾਠਕਾਂ ਲਈ ਲਾਹੇਵੰਦ ਹੈ, ਉਥੇ ਆਉਣ ਵਾਲੇ ਖੋਜਾਰਥੀਆਂ ਲਈ ਵੀ ਇਹ ਹਵਾਲਾ ਪੁਸਤਕ ਸਿੱਧ ਹੋਵੇਗੀ। ਸਿੰਘ ਸਾਹਿਬ ਦੀਆਂ ਪਹਿਲੀਆਂ ਪੁਸਤਕਾਂ ਨੂੰ ਪਾਠਕਾਂ ਵਲੋਂ ਭਰਪੂਰ ਹੁੰਗਾਰਾ ਮਿਲਿਆ ਹੈ। ਉਮੀਦ ਹੈ ਕਿ ਇਸ ਪੁਸਤਕ ਦਾ ਵੀ ਉਸੇ ਗਰਮ ਜੋਸ਼ੀ ਨਾਲ ਸਵਾਗਤ ਕੀਤਾ ਜਾਵੇਗਾ। ਮੈਂ ਇਸ ਪੁਸਤਕ ਦੀ ਆਮਦ ਤੇ ਆਪਣੀਆਂ ਸ਼ੁਭ -ਕਾਮਨਾਵਾਂ ਭੇਟ ਕਰਦਾ ਹਾਂ ਤੇ ਸਿੰਘ ਸਾਹਿਬ ਦੇ ਪਰਿਵਾਰ ਅਤੇ ਸਨੇਹੀਆਂ ਨੂੰ ਹਾਰਦਿਕ ਮੁਬਾਰਕਬਾਦ ਦਿੰਦਾ ਹਾਂ।

*ਚਰਨਜੀਤ ਸਿੰਘ ਗੁੰਮਟਾਲਾ (ਡਾ.) ਅੰਮ੍ਰਿਤਸਰ।*

www.sikhbookclub.com

# ਦੋ ਸ਼ਬਦ

ਸਿੰਘ ਸਾਹਿਬ ਗਿ. ਕਿਰਪਾਲ ਸਿੰਘ ਜੀ ਦੇ ਗੁਰਪੁਰੀ ਪਿਆਨੇ ਤੋਂ ਬਾਅਦ ਉਹਨਾਂ ਦੀ ਇਹ ਤੀਸਰੀ ਪੁਸਤਕ ਹੈ ਜੋ ਅਸੀਂ ਪਾਠਕਾਂ ਦੇ ਸਨਮੁਖ ਪੇਸ਼ ਕਰ ਰਹੇ ਹਾਂ। ਭਾਵੇਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉਚਤਾ ਤੇ ਸਿਧਾਂਤਕ ਮਹਾਨਤਾ ਪੱਖੋਂ ਕਈ ਵਿਦਵਾਨਾਂ ਦੀਆਂ ਪੁਸਤਕਾਂ ਛਪੀਆਂ ਹਨ, ਪਰ ਗੁਰਮਤਿ ਸਾਹਿੱਤ ਵਿਚ ਇਸ ਪੁਸਤਕ ਦਾ ਨਿਵੇਕਲਾ ਸਥਾਨ ਹੋਵੇਗਾ ਕਿਉਂਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਰਹਿ ਚੁੱਕੇ ਜਥੇਦਾਰਾਂ ਬਾਰੇ ਇਤਿਹਾਸਕ ਜਾਣਕਾਰੀ ਉਪਲੱਬਧ ਨਹੀਂ ਸੀ। ਇਸ ਸਬੰਧੀ ਇਤਿਹਾਸਕ ਸਰੋਤਾਂ ਤੋਂ ਵੱਧ ਤੋਂ ਵੱਧ ਖੋਜ ਭਰਪੂਰ ਜਾਣਕਾਰੀ ਪ੍ਰਾਪਤ ਕਰਕੇ ਸਿੰਘ ਸਾਹਿਬ ਜੀ ਨੇ ੧੯੯੦, ੯੧, ੯੨ 'ਚ ਵੱਖ-ਵੱਖ ਸਮੇਂ ਗੁਰਮਤਿ ਪ੍ਰਕਾਸ਼ ਵਿਚ ਲੜੀਵਾਰ ਲੇਖ ਲਿਖੇ। ਅਸੀਂ ਸੁਹਿਰਦ ਪਾਠਕਾਂ ਦੀ ਉਮੰਗ ਨੂੰ ਮੱਦੇ ਨਜ਼ਰ ਰੱਖਦੇ ਹੋਏ ਇਹਨਾਂ ਨੂੰ ਪੁਸਤਕ ਰੂਪ ਵਿਚ ਛਾਪਣ ਦਾ ਉਪਰਾਲਾ ਕੀਤਾ ਹੈ।

ਇਹ ਪੁਸਤਕ ਬਾਬਾਣੀਆਂ ਕਹਾਣੀਆਂ ਦੇ ਰੂਪ ਵਿਚ ਇਤਿਹਾਸਕ ਮਹਾਨਤਾ ਰੱਖਦੀ ਹੈ ਅਤੇ ਇਸ ਦੇ ਰਚਨਾ ਕਾਲ ਤੋਂ ਲੈ ਕੇ ਹੁਣ ਤਕ ਰਹਿ ਚੁੱਕੇ ਜਥੇਦਾਰਾਂ ਦੇ ਜੀਵਨ ਬਾਰੇ ਜਿਥੇ ਜਾਨਣ ਦਾ ਮੌਕਾ ਮਿਲੇਗਾ ਉਥੇ ਇਹ ਪੁਸਤਕ ਇਤਿਹਾਸ ਦੇ ਖੋਜੀਆਂ ਲਈ ਅਗਲੇਰੀ ਖੋਜ ਵਾਸਤੇ ਆਧਾਰ ਸਰੋਤ ਸਾਬਤ ਹੋਵੇਗੀ। ਸਿੰਘ ਸਾਹਿਬ ਜੀ ਨੇ ਬਹੁਤ ਲੰਬਾ ਸਮਾਂ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਬਤੌਰ ਗ੍ਰੰਥੀ, ਮੁੱਖ ਗ੍ਰੰਥੀ ਅਤੇ ਜਥੇਦਾਰ ਦੀ ਸੇਵਾ ਨਿਭਾਈ ਹੈ। ਇਸੇ ਲਈ ਉਹਨਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ, ਇਥੋਂ ਦੀ ਅੱਠ ਪਹਿਰੀ ਮਰਯਾਦਾ, ਇਥੇ ਸਸ਼ੋਭਿਤ ਇਤਿਹਾਸਕ ਸ਼ਸਤਰਾਂ ਅਤੇ ਰਹਿ ਚੁੱਕੇ ਮੁੱਖ ਸੇਵਾਦਾਰਾਂ (ਜਥੇਦਾਰਾਂ) ਬਾਰੇ ਬਹੁਤ ਹੀ ਖੋਜ ਭਰਪੂਰ ਚਾਨਣਾਂ ਪਾਇਆ ਹੈ ਅਤੇ ਕਈ ਸਤਿਕਾਰਤ ਜਥੇਦਾਰ ਸਾਹਿਬਾਂ ਨਾਲ ਉਹਨਾਂ ਦੀ ਨਿੱਜੀ ਨੇੜਤਾ ਵੀ ਰਹੀ, ਜਿਵੇਂ:- ਜਥੇਦਾਰ ਸਾਧੂ ਸਿੰਘ ਜੀ ਭੌਰਾ, ਜਥੇਦਾਰ ਗੁਰਦਿਆਲ ਸਿੰਘ ਅਜਨੋਹਾ, ਜਥੇਦਾਰ ਤੇਜਾ ਸਿੰਘ ਅਕਰਪੁਰੀ, ਜਥੇਦਾਰ ਊਧਮ ਸਿੰਘ ਨਾਗੋਕੇ, ਜਥੇਦਾਰ ਅੱਛਰ ਸਿੰਘ ਜੀ, ਜਥੇਦਾਰ ਗੁਰਮੁਖ ਸਿਘ 'ਮੁਸਾਫਰ', ਜਥੇਦਾਰ ਮੋਹਨ ਸਿੰਘ ਨਾਗੋਕੇ ਆਦਿ। ਇਹਨਾਂ ਜਥੇਦਾਰ ਸਾਹਿਬਾਨਾਂ ਬਾਰੇ ਜਿਥੇ ਉਹਨਾਂ ਜੀਵਨ ਇਤਿਹਾਸ ਲਿਖਿਆ, ਉਥੇ ਕੁਝ ਨਿੱਜੀ ਜੀਵਨ ਯਾਦਾਂ ਵੀ ਲਿਖੀਆਂ ਹਨ।

www.sikhbookclub.com

ਜਥੇਦਾਰ ਮੋਹਣ ਸਿੰਘ 'ਤੁੜ' ਬਾਰੇ ਸਿੰਘ ਸਾਹਿਬ ਜੀ ਦੀ ਰਚਨਾਂ ਸਾਨੂੰ ਪ੍ਰਾਪਤ ਨਹੀਂ ਹੋਈ। ਉਹਨਾਂ ਬਾਰੇ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਸਾਨੂੰ ਇਤਿਹਾਸਕ ਵੇਰਵਾ ਨਹੀਂ ਮਿਲਿਆ। ਇਸੇ ਪੁਸਤਕ ਦੇ ਸਫਾ ਨੰ: ੯੨ ਤੇ ਲੇਖਕ ਨੇ ਲਿਖਿਆ ਹੈ ਕਿ ਜਦੋਂ ਮੋਹਣ ਸਿੰਘ ਜੀ 'ਤੁੜ' ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਥਾਪਿਆ ਗਿਆ ਤਾਂ ਉਸ ਸਮੇਂ ਉਹ ਜੇਲ੍ਹ ਵਿੱਚ ਸਨ। ਉਹਨਾਂ ਦੀ ਥਾਂ ਆਰਜੀ ਤੌਰ ਤੇ ਪਹਿਲਾਂ ਗਿ: ਚੇਤ ਸਿੰਘ ਜੀ ਇਹ ਸੇਵਾ ਨਿਭਾਉਂਦੇ ਰਹੇ ਅਤੇ ਫਿਰ ੬-੩-੬੩ ਤੋਂ ੩੦-੩-੬੫ ਤੱਕ ਸਿੰਘ ਸਾਹਿਬ ਜੀ ਨੇ ਜਥੇਦਾਰੀ ਦੇ ਫਰਜ਼ ਨਿਭਾਏ।

ਇਸ ਪੁਸਤਕ ਦਾ ਖਰੜਾ ਕੁਝ ਕੁ ਉਹਨਾਂ ਦੀ ਹੱਥ ਲਿਖਤ ਅਨੁਸਾਰ ਹੈ ਤੇ ਕਾਫੀ ਗੁਰਮਤਿ ਪ੍ਰਕਾਸ਼ ਵਿਚ ਛਪਿਆ ਹੋਇਆ। ਇਸਨੂੰ ਪੁਸਤਕ ਰੂਪ ਦੇਣ ਵਿਚ ਸ੍ਰ. ਹਰਭਜਨ ਸਿੰਘ (ਭਾਈ ਚਤਰ ਸਿੰਘ ਜੀਵਨ ਸਿੰਘ) ਫਰਮ ਵਾਲਿਆਂ ਦਾ ਬਹੁਤ ਵੱਡਾ ਯੋਗਦਾਨ ਹੈ। ਡਾ. ਚਰਨਜੀਤ ਸਿੰਘ ਗੁੰਮਟਾਲਾ ਜੀ ਨੇ ਭੂਮਿਕਾ ਲਿਖ ਕੇ ਆਪਣੇ ਵਿਚਾਰ ਸਾਂਝੇ ਕੀਤੇ ਹਨ। ਸਿੰਘ ਸਾਹਿਬ ਗਿ. ਜੋਗਿੰਦਰ ਸਿੰਘ ਵੇਦਾਂਤੀ ਜੀ ਦੇ ਉਤਸ਼ਾਹ ਤੇ ਪ੍ਰੇਰਨਾਂ ਦੇ ਅਸੀਂ ਸਦਾ ਰਿਣੀ ਹਾਂ। ਸਿੰਘ ਸਾਹਿਬ ਜੀ ਦੀਆਂ ਬਾਕੀ ਰਹਿੰਦੀਆਂ ਅਣਪ੍ਰਕਾਸ਼ਤ ਰਚਨਾਵਾਂ ਨੂੰ ਪੁਸਤਕ ਰੂਪ ਵਿਚ ਛਾਪਣ ਦਾ ਇਸੇ ਤਰ੍ਹਾਂ ਉੱਦਮ ਕਰਾਂਗੇ। ਅੰਤ ਵਿਚ ਸਮੂੰਹ ਸਹਿਯੋਗੀਆਂ ਦਾ ਧੰਨਵਾਦ ਕਰਦਾ ਹਾਂ ਜਿਹਨਾਂ ਦੀ ਪ੍ਰੇਰਨਾ ਅਤੇ ਸਹਿਯੋਗ ਸਦਕਾ ਇਹ ਪੁਸਤਕ ਤਿਆਰ ਹੋ ਕੇ ਪਾਠਕਾਂ ਦੇ ਹੱਥਾਂ ਵਿਚ ਪਹੁੰਚ ਰਹੀ ਹੈ।

*ਇੰਦਰਜੀਤ ਸਿੰਘ ਗੋਗੋਆਣੀ*
*ਅੰਮ੍ਰਿਤਸਰ*

www.sikhbookclub.com



# ਸ੍ਰੀ ਅਕਾਲ ਤਖ਼ਤ ਸਾਹਿਬ ਆਰੰਭ ਤੋਂ ਹੁਣ ਤਕ

ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉਢੀ ਦੇ ਪੱਛਮ ਵਿਚ ਐਨ ਸਾਹਮਣੇ ਪਹਿਲਾ ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਤੇ ਫਿਰ ਗੁਰੂ ਅਰਜਨ ਦੇਵ ਜੀ ਦੇ ਸਮੇਂ ਅੰਮ੍ਰਿਤਸਰ ਸਰੋਵਰ ਦੀ ਕਾਰ ਕੱਢਣ ਵੇਲੇ ਕਾਰ ਦੀ ਮਿੱਟੀ ਇਥੇ ਸੁੱਟਣ ਨਾਲ ਮਿੱਟੀ ਦਾ ਇਕ ਕੱਚਾ ਥੜ੍ਹਾ ਬਣ ਗਿਆ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਾਰ-ਸੇਵਾ ਤੇ ਸਰੋਵਰ ਪੱਕਾ ਕਰਨ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਸਮੇਂ ਆਪਣੇ ਆਰਾਮ ਹਿਤ ਇਸ ਜਗ੍ਹਾ ਇਕ ਕੋਠੜੀ ਬਣਾਈ ਸੀ, ਜਿਸ ਨੂੰ ਅੱਜ ਕੱਲ 'ਕੋਠਾ ਸਾਹਿਬ' ਕਹਿੰਦੇ ਹਨ।

੧੬੬੧ ਬਿ: ਵਿਚ ਇਸ ਜਗ੍ਹਾ ਕੋਠਾ ਸਾਹਿਬ ਬਣਿਆ ਹੋਇਆ ਸੀ, ਜਿਸ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਬਿਰਾਜਿਆ ਕਰਦੇ ਸਨ। ੧੬੬੧ ਬਿ: ਦੀ ਭਾਦਰੋਂ ਸੁਦੀ ਏਕਮ ਵਾਲੇ ਦਿਨ ਸ੍ਰੀ ਹਰਿਮੰਦਰ ਸਾਹਿਬ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲੀ ਵਾਰ ਪ੍ਰਕਾਸ਼ ਕੀਤਾ ਗਿਆ। ਬਾਬਾ ਬੁੱਢਾ ਜੀ ਨੇ ਸਤਿਗੁਰਾਂ ਤੋਂ ਪੁੱਛਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੁਖ-ਆਸਨ ਕਿੱਥੇ ਕੀਤਾ ਜਾਵੇ? '*ਗ੍ਰਿੰਥ ਰਹੈ ਕਿਤ ਨਿਸ ਮਹਿ ਅਬੈ ॥*' ਤਾਂ ਉੱਤਰ ਵਿਚ ਸਤਿਗੁਰਾਂ ਕਿਹਾ-

*ਬਹੁਰੋ ਲੇ ਜਾਵਹੁ ਅਸਵਾਰਾ ॥ ਜਿਸ ਕੋਠਰੀ ਰਹਨਿ ਹਮਾਰਾ ॥ ੪੪ ॥*

ਸਤਿਗੁਰਾਂ ਦੇ ਇਸ ਹੁਕਮ ਅਨੁਸਾਰ ਰਾਤ ਦੀ ਸਮਾਪਤੀ ਦੀ ਅਰਦਾਸ ਉਪਰੰਤ-

*ਬੁਢਾ ਗ੍ਰਿੰਥ ਲੀਨ ਸਿਰ ਧਾਰੀ ਰਵਰ ਕਰਹਿਂ ਗੁਰ ਵਾਰੰਵਾਰੀ ॥ ੪੮ ॥....*
*ਰਹੈਂ ਕੋਠਰੀ ਮਹਿਂ ਗੁਰ ਸਦਾ ਗਮਨਹਿਂ ਸਦਨ ਆਪਨੇ ਕਦਾ ॥ ੪੯ ॥....*
*ਤਹਾਂ ਨਿਵਾਸ ਗ੍ਰਿੰਥ ਕੌ ਕੀਨੋ ਸ੍ਰੀ ਗੁਰ ਭੂਤਲ ਨਿਕਟ ਅਸੀਨੋ ॥ ੫੧ ॥*

*(ਸ੍ਰੀ ਗੁਰ ਪ੍ਰਤਾਪ ਸੂਰਜ, ਰਾਸਿ ੩, ਅੰਸੂ ੫੦)*

ਇਸ ਕੋਠੜੀ ਸਾਹਿਬ ਵਿਚ ਜਿਸ ਨੂੰ ਅੱਜ ਕੱਲ 'ਕੋਠਾ ਸਾਹਿਬ' ਕਹਿੰਦੇ ਹਨ, ਗੁਰੂ ਅਰਜਨ ਦੇਵ ਜੀ ਪਲੰਘ ਉੱਪਰ ਬਿਰਾਜਿਆ ਕਰਦੇ ਸਨ, ਪਰ ਜਿਸ ਦਿਨ ਤੋਂ ਨਵੇਂ ਪਲੰਘ ਉੱਤੇ ਸੁੰਦਰ ਗੱਦੇ ਤੇ ਕੀਮਤੀ ਜ਼ਰੀ ਦਾ ਬਸਤਰ ਸਜਾ ਕੇ ਉੱਪਰ ਚਾਨਣੀ ਤਾਣ ਕੇ ਪਲੰਘ ਉੱਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੁਖਾਸਨ ਕਰਾਇਆ ਗਿਆ, ਉਸ ਦਿਨ ਤੋਂ ਸਤਿਕਾਰ ਹਿਤ ਗੁਰੂ ਅਰਜਨ ਦੇਵ ਜੀ ਉਸ ਪਲੰਘ ਦੇ ਹੇਠ ਦਰੀ ਤੇ ਚਾਦਰ ਵਿਛਾ ਕੇ ਰਾਤ ਨੂੰ ਬਿਰਾਜਦੇ ਰਹੇ। ਉਸ ਯਾਦ ਨੂੰ ਤਾਜ਼ਾ ਰੱਖਣ ਵਾਸਤੇ ਉਸ ਪਲੰਘ ਦੇ ਹੇਠ ਹਰ ਰੋਜ਼ ਦਰੀ ਉੱਪਰ ਚਾਦਰ ਵਿਛਾਈ ਜਾਂਦੀ ਹੈ ਜਿਸ ਨੂੰ ਹਰ ਯਾਤਰੂ ਵੇਖ ਸਕਦਾ ਹੈ। ਉਸ ਦਿਨ ਤੋਂ ਅੱਜ ਤਕ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਪ੍ਰਕਾਸ਼

www.sikhbookclub.com



ਹੋਣ ਵਾਲੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਰਾਤ ਇਸੇ ਕੋਠਾ ਸਾਹਿਬ ਦੇ ਅੰਦਰ ਪਲੰਘ ਉੱਪਰ ਬਿਰਾਜਮਾਨ ਕੀਤੀ ਜਾਂਦੀ ਹੈ।

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਨੇ ਕੋਠਾ ਸਾਹਿਬ ਦੇ ਸਤਿਕਾਰ ਨੂੰ ਕਾਇਮ ਰੱਖਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪੱਕਾ ਥੜ੍ਹਾ ਕੋਠਾ ਸਾਹਿਬ ਦੇ ਖੱਬੇ ਹੱਥ ਨਾਲ ਹੀ ਬਣਵਾਇਆ, ਜਿਸ 'ਤੇ ਬੈਠ ਕੇ ਆਪ ਜੀ ਨੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ। ਛੇਵੇਂ ਸਤਿਗੁਰਾਂ ਦੇ ਸਮੇਂ ੧੬੬੩ ਬਿ: ਤੋਂ ੧੮੩੧ ਬਿ: ਤਕ ਕੇਵਲ ਪੱਕਾ ਥੜ੍ਹਾ ਹੀ ਰਿਹਾ।

ਅਕਾਲ ਤਖ਼ਤ ਦੀ ਪਹਿਲੀ ਮੰਜ਼ਲ ੧੮੩੧ ਬਿ: ਵਿਚ ਸਿੱਖ ਮਿਸਲਾਂ ਸਮੇਂ ਤਿਆਰ ਹੋਈ। ਬਾਕੀ ਚਾਰ ਮੰਜ਼ਲਾਂ ਮਹਾਰਾਜਾ ਰਣਜੀਤ ਸਿੰਘ ਨੇ ਬਣਵਾਈਆਂ। ਉਦੋਂ ਤੋਂ ਕੋਠਾ ਸਾਹਿਬ ਸ੍ਰੀ ਅਕਾਲ ਤਖ਼ਤ ਦੀ ਨਵੀਂ ਇਮਾਰਤ ਦਾ ਇਕ ਹਿੱਸਾ ਬਣ ਗਿਆ।

ਰਿਪੋਰਟ ਸ੍ਰੀ ਦਰਬਾਰ ਸਾਹਿਬ ਨਾਮ ਦੀ ਪੁਸਤਕ ਜੋ ੧੯੩੦ ਈਸਵੀ ਵਿਚ ਸ੍ਰੀ ਦਰਬਾਰ ਸਾਹਿਬ ਕਮੇਟੀ ਵੱਲੋਂ ਲਿਖਵਾ ਕੇ ਛਪਾਈ ਗਈ ਸੀ, ਉਸ ਵਿਚ ਕੋਠਾ ਸਾਹਿਬ ਬਾਰੇ ਇਸ ਤਰ੍ਹਾਂ ਲਿਖਿਆ ਹੋਇਆ ਹੈ—

(੧) ਇਹ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਅੰਦਰ ਹੈ ਤੇ ਉਹ ਪਵਿੱਤਰ ਅਸਥਾਨ ਹੈ ਜਿਸ ਨੂੰ ਚੌਥੀ ਤੇ ਪੰਜਵੀਂ ਪਾਤਸ਼ਾਹੀ ਨੇ ਆਪਣੇ ਹੱਥੀਂ ਗਾਰ ਸੁੱਟ ਕੇ ਉੱਚਾ ਕੀਤਾ ਸੀ। ਇਥੇ ਸ੍ਰੀ ਹਰਿਮੰਦਰ ਸਾਹਿਬ ਜੀ ਵਿਚ ਪ੍ਰਕਾਸ਼ ਹੋਣ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਿਰਾਜਮਾਨ ਕਰਵਾਏ ਜਾਂਦੇ ਹਨ। ਗੁਰੂ ਸਾਹਿਬ ਜੀ ਦੇ ਵੇਲੇ ਭੀ ਇਸੇ ਪਵਿੱਤਰ ਅਸਥਾਨ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੁਖਾਸਨ ਕੀਤਾ ਜਾਂਦਾ ਸੀ। *(ਪੰਨਾ ੨੨੮)*

## *ਮਹਾਰਾਜ ਜੀ ਦੀ ਸਵਾਰੀ-*

(੨) ਸਵਾਰੀ ਹਮੇਸ਼ਾਂ ਸ੍ਰੀ ਦਰਬਾਰ ਸਾਹਿਬ ਦੇ ਕਿਵਾੜ ਖੁਲ੍ਹਣ ਤੋਂ ਦੋ ਘੰਟੇ ਪਿਛੋਂ ਚਲਦੀ ਹੈ। ਗ੍ਰੰਥੀ ਸਿੰਘ ਦੇ ਕੋਠਾ ਸਾਹਿਬ (ਸ੍ਰੀ ਅਕਾਲ ਤਖ਼ਤ ਸਾਹਿਬ ਦੇ ਉੱਤੇ) ਪੁੱਜਣ ਤੋਂ ਪਹਿਲਾਂ ਬੇਅੰਤ ਸੰਗਤਾਂ ਸਤਿਗੁਰੂ ਜੀ ਦੇ ਦਰਸ਼ਨਾਂ ਦੀ ਅਭਿਲਾਖਾ ਵਿਚ ਚਕੋਰ ਦੀ ਤਰ੍ਹਾਂ ਬਿਰਤੀ ਲਾਈ ਬੈਠੀਆਂ ਹੁੰਦੀਆਂ ਹਨ। *(ਪੰਨਾ ੨੭)*

(੩) ਇਸ ਸਮੇਂ ਅੰਦਰ ਗ੍ਰੰਥੀ ਸਿੰਘ 'ਕੋਠਾ ਸਾਹਿਬ' ਪਹੁੰਚਦਾ ਹੈ ਤੇ ਨਗਾਰੇ ਪਰ ਚੋਟ ਵੱਜਦੀ ਹੈ। *(ਪੰਨਾ ੨੮)*

(੪) ਸਮਾਪਤੀ ਤੋਂ ਉਪਰੰਤ ਸਵਾਰੀ ਉਸੇ ਤਰ੍ਹਾਂ 'ਕੋਠਾ ਸਾਹਿਬ' ਪਹੁੰਚਾਈ ਜਾਂਦੀ ਹੈ। *(ਪੰਨਾ ੨੯)*

(੫) ਸ੍ਰੀ ਅਕਾਲ ਤਖ਼ਤ ਸਾਹਿਬ ਦੇ ਉੱਪਰ 'ਕੋਠਾ ਸਾਹਿਬ' ਦੀ ਜੋੜੀ ਤਿਆਰ ਕਰਵਾਈ

www.sikhbookclub.com



ਗਈ। ਇਸ ਦੇ ਪੱਤਰੇ ਚਾਂਦੀ ਦੇ ਹਨ। ਇਹ ਸਾਰੀ ਸੇਵਾ ਪ੍ਰੇਮੀਆਂ ਨੇ ਕੀਤੀ। 'ਕੋਠੇ ਸਾਹਿਬ' ਵਿਚ ਕਈ ਪ੍ਰੇਮੀਆ ਨੇ ਸੰਗ-ਮਰਮਰ ਲਗਾਣ ਦੀ ਸੇਵਾ ਕੀਤੀ। (ਪੰਨਾ ੧੬੯)

ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪੱਕਾ ਥੜ੍ਹਾ ਠੋਸ ਹੈ ਜਦ ਕਿ ਕੋਠਾ ਸਾਹਿਬ ਦੇ ਹੇਠ ਭੋਰਾ ਹੈ। ਕੋਠਾ ਸਾਹਿਬ ਦੇ ਉੱਪਰ ਦੋ ਮੰਜ਼ਲਾ ਹੋਰ ਸਨ। ਕੋਠਾ ਸਾਹਿਬ ਦੀ ਛੱਤ ਅਤੇ ਉਸ ਦੇ ਅਗਲੇ ਹਿੱਸੇ ਦੀ ਛੱਤ ਤੇ ਬੂਹਿਆਂ ਤੇ ਉੱਪਰ ਕੰਧਾਂ 'ਤੇ ਪਹਿਲਾਂ ਸੀਮਿੰਟ ਨਾਲ ਫੁੱਲ ਬੂਟੇ ਬਣਾ ਕੇ ਉਨ੍ਹਾਂ ਉੱਪਰ ਵੱਖ-ਵੱਖ ਰੰਗ ਭਰੇ ਹੋਏ ਸਨ, ਉਨ੍ਹਾਂ ਵਿਚ ਸੁਨਹਿਰੀ ਰੰਗ ਸੋਨਾ ਪੀਸ ਕੇ ਬਣਾਇਆ ਹੋਇਆ ਰੰਗ ਹੈ, ਇਸ ਨੂੰ ਗੱਚ ਦੀ ਮੁਨੱਵਤ ਆਖਦੇ ਹਨ।

੧੯੮੪ ਈ: ਦੇ ੪ ਤੋਂ ੬ ਜੂਨ ਨੂੰ ਹੋਏ ਘੱਲੂਘਾਰੇ ਸਮੇਂ ਭਾਰਤੀ ਫੌਜ ਦੇ ਟੈਂਕਾਂ ਦੇ ਗੋਲਿਆਂ ਨਾਲ ਜਿੱਥੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦਾ ਸਾਹਮਣਿਓਂ ਸਾਰੀਆਂ ਮੰਜ਼ਲਾਂ ਤੇ ਗੁੰਬਦ ਦਾ ਭਾਰੀ ਨੁਕਸਾਨ ਹੋਇਆ। ਉੱਥੇ ਕੋਠਾ ਸਾਹਿਬ ਵਾਲੇ ਕਮਰੇ ਨੂੰ ਕੋਈ ਆਂਚ ਨਹੀਂ ਆਈ। ਕਾਰਨ ਇਹ ਸੀ, ਟੈਂਕ ਸਰੋਵਰ ਦੀ ਉੱਤਰੀ ਤੇ ਦੱਖਣੀ ਬਾਹੀ ਵਲੋਂ ਦੋਹਾਂ ਤਰਫਾਂ ਤੋਂ ਗੋਲਾਬਾਰੀ ਕਰਦੇ ਸਨ। ਦੱਖਣੀ ਬਾਹੀ ਵੱਲੋਂ ਚੱਲੇ ਗੋਲੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਸਾਹਮਣਿਓਂ ਵੱਜਦੇ ਸਨ ਤੇ ਉੱਤਰੀ ਬਾਹੀ ਵੱਲੋਂ ਚੱਲੇ ਗੋਲੇ ਅਕਾਲ ਤਖ਼ਤ ਦੇ ਦਫ਼ਤਰ ਤੇ ਉਸ ਦੀਆਂ ਉਪਰਲੀਆਂ ਮੰਜ਼ਲਾਂ ਵਿਚ ਲੱਗਦੇ ਸਨ। ਕੋਠਾ ਸਾਹਿਬ ਦੋਹਾਂ ਦੇ ਵਿਚਕਾਰ ਤੇ ਪਿੱਛੇ ਹੱਟਵਾਂ ਸੀ, ਜਿਸ ਕਰਕੇ ਗੋਲੇ ਕੋਠਾ ਸਾਹਿਬ ਦੇ ਸੱਜੇ ਖੱਬੇ ਵੱਜਦੇ ਰਹੇ ਤੇ ਕੋਠਾ ਸਾਹਿਬ ਸਹੀ ਸਲਾਮਤ ਰਿਹਾ। ੧੦ ਜੂਨ ਨੂੰ ਅਸਾਂ ਜਾ ਕੇ ਦੇਖਿਆ ਕੋਠਾ ਸਾਹਿਬ ਦੇ ਅੰਦਰ ਗੋਲੀ ਦਾ ਕੋਈ ਨਿਸ਼ਾਨ ਨਹੀਂ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਾਵਨ ਬੀੜਾਂ, ਪੋਥੀਆਂ, ਗੁਟਕੇ, ਰੁਮਾਲੇ, ਬਿਲਕੁਲ ਸਹੀ ਸਲਾਮਤ ਸਨ ਜੋ ਉੱਥੋਂ ਸਤਿਕਾਰ ਸਹਿਤ ਲੈ ਜਾ ਕੇ ਝੰਡਾ ਬੁੰਗਾ ਡਿਉਢੀ ਦੀ ਉੱਪਰਲੀ ਮੰਜ਼ਲ ਦੇ ਕਮਰਿਆਂ ਵਿਚ ਸਥਾਪਤ ਕਰ ਦਿੱਤੇ ਗਏ ਜਿੱਥੇ ਪਹਿਲਾਂ ਵੀ ਹੱਥ ਲਿਖਤ ਬੀੜਾਂ ਨੂੰ ਸੈਲਫਾਂ ਵਿਚ ਰੱਖਣ ਦਾ ਪ੍ਰਬੰਧ ਸੀ। ਜਿਨ੍ਹਾਂ ਲੋਕਾਂ ਨੂੰ ਇਸ ਬਾਰੇ ਕੋਈ ਸ਼ੱਕ ਹੈ ਉਹ ਉਸ ਪਲੰਘ ਦੇ ਦਰਸ਼ਨ ਕਰ ਕੇ ਤਸੱਲੀ ਕਰ ਸਕਦੇ ਹਨ ਜਿਸ ਉੱਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਬਿਰਾਜਮਾਨ ਕੀਤੇ ਜਾਂਦੇ ਸਨ। ਉਹ ਬਿਲਕੁਲ ਸਹੀ ਸਲਾਮਤ ਹੈ, ਜੇ ਕੋਠਾ ਸਾਹਿਬ ਵਿਚ ਕੋਈ ਗੋਲੀ ਜਾਂ ਗੋਲਾ ਵੱਜਾ ਹੁੰਦਾ ਤਾਂ ਉਹ ਲੱਕੜ ਦਾ ਪਲੰਘ ਕਿਵੇਂ ਸਾਬਤ ਰਹਿ ਸਕਦਾ ਸੀ? ਜਿਵੇਂ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਸੁਨਹਿਰੀ ਬੰਗਲਾ ਨਗਾਰਾ 'ਤੇ ਉਹ ਲੱਕੜ ਦਾ ਢਾਂਚਾ ਜਿਸ ਉੱਪਰ ਨਗਾਰਾ ਰੱਖਿਆ ਹੋਇਆ ਸੀ ਤੇ ਸ਼ਸਤਰਾਂ ਵਾਲੀ ਲੱਕੜ ਦੀ ਅਲਮਾਰੀ ਸਭ ਹੀ ਸੜ ਕੇ ਸੁਆਹ ਹੋ ਗਏ ਪਰ ਕੋਠਾ ਸਾਹਿਬ ਵਿਚ ਪਏ ਲੱਕੜ ਦੇ ਪਲੰਘ ਨੂੰ ਆਂਚ ਨਹੀਂ ਆਈ। ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ, ਸਿੱਖ ਮੁਖੀਆਂ ਤੇ ਪ੍ਰਬੰਧਕਾਂ ਨੇ ਉਨ੍ਹਾਂ ਦਿਨਾਂ ਵਿਚ ਕੋਠਾ ਸਾਹਿਬ ਦੇ ਦਰਸ਼ਨ ਕਰ ਕੇ ਤਸੱਲੀ ਪ੍ਰਗਟ ਕੀਤੀ ਸੀ। ਉਹ ਪਲੰਘ ਝੰਡਾ ਬੁੰਗਾ ਡਿਉਢੀ ਦੇ ਪੱਛਮ ਵੱਲ ਦੇ ਕਮਰੇ ਵਿਚ ਸਜਾਇਆ ਹੋਇਆ ਹੈ 'ਤੇ ਉਸ ਉੱਪਰ ਉਸੇ ਤਰ੍ਹਾਂ ਹਰ ਰੋਜ਼

www.sikhbookclub.com



ਹਰਿਮੰਦਰ ਸਾਹਿਬ ਦੇ ਅੰਦਰ ਰੋਜ਼ਾਨਾ ਪ੍ਰਕਾਸ਼ ਹੋਣ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਸ੍ਰੀ ਹਰਿਮੰਦਰ ਸਾਹਿਬ ਤੋਂ ਲਿਆ ਕੇ ਬਿਰਾਜਮਾਨ ਕੀਤਾ ਜਾਂਦਾ ਹੈ।

## ਗੁਰਗੱਦੀ ਦਾ ਤਿਲਕ—

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਹੋਣਹਾਰ ਨੂੰ ਸਮਝਦੇ ਹੋਏ ਲਾਹੌਰ ਜਾਣ ਤੋਂ ਪਹਿਲਾ ਬਾਬਾ ਬੁੱਢਾ ਜੀ ਨਾਲ ਸਲਾਹ ਕਰਕੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਨਾਲ ਲੈ ਕੇ ੧੬੬੩ ਬਿ: ਦੀ ਜੇਠ ਵਦੀ ੮ ਨੂੰ ਕੋਠਾ ਸਾਹਿਬ ਵਾਲੇ ਕਮਰੇ ਵਿਚ ਆ ਗਏ। ਪੰਜ ਪੈਸੇ ਨਰੇਲ ਅੱਗੇ ਰੱਖ ਕੇ ਤਿੰਨ ਪ੍ਰਕਰਮਾ ਕਰਕੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਮੱਥਾ ਟੇਕ ਦਿੱਤਾ ਤੇ ਕਿਹਾ ਕਿ ਸਾਡੇ ਬਾਅਦ ਇਹ ਸਾਡਾ ਰੂਪ ਗੁਰੂ ਹੋਵੇਗਾ। ਸਤਿਗੁਰੂ ਜੀ ਦੇ ਹੁਕਮ ਅਨੁਸਾਰ ਬਾਬਾ ਬੁੱਢਾ ਜੀ ਨੇ ਗੁਰੂ ਘਰ ਦੀ ਮਰਯਾਦਾ ਅਨੁਸਾਰ ਕੇਸਰ ਤੇ ਚੰਦਨ ਦਾ ਗੁਰਤਾ-ਗੱਦੀ ਦਾ ਤਿਲਕ ਕਰ ਦਿੱਤਾ—

*ਇਮ ਸੁਨਿ ਕਰਿ ਸ੍ਰੀ ਅਰਜਨ ਨਾਥ। ਉਠੇ ਹਰਖ ਲੇ ਸ੍ਰੀ ਫਲ ਹਾਥ॥*
*ਕਰੀ ਪ੍ਰਦੱਛਨ ਫਿਰਿ ਕਰਿ ਤੀਨ। ਜਗਤ ਰੀਤਿ ਸੁਤ ਲਖਜੈ ਪ੍ਰਬੀਨ॥ ੨੪॥*
*ਪੈਸੇ ਪੰਚ ਸਹਿਤ ਨਲੀਏਰ। ਧਰਿ ਆਗੈ ਨੰਮ੍ਰੇ ਤਿਸ ਬੇਰ॥*
*ਕਰੀ ਸਥਾਪਨਿ ਅਪਨੀ ਜੋਤਿ। ਸਭਿ ਗੁਰੂ ਕੇ ਆਈ ਜਿਮ ਹੋਤਿ॥ ੨੫॥*
*ਦੋਹਰਾ—ਸਾਹਿਬ ਬੁੱਢੇ ਨਿਕਟ ਤੇ ਕੁੰਕਮ ਮਲੱਯ ਘਸਾਇ॥*
*ਸੋਢੀ ਕੁਲ ਕੇ ਤਿਲਕ ਕੈ, ਦੀਨੋ ਤਿਲਕ ਕਰਾਇ॥ ੩੯॥*

(ਸ੍ਰੀ ਗੁਰ ਪ੍ਰਤਾਪ ਸੂਰਜ, ਰਾਸਿ ੪ ਅੰਸੂ, ੩੦)

## ਦਸਤਾਰ ਬੰਦੀ—

ਸੰਮਤ ੧੬੬੩ ਬਿ: ਜੇਠ ਸੁਦੀ ੪ ਨੂੰ ਲਾਹੌਰ ਵਿਖੇ ਪੰਚਮ-ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਸ਼ਹੀਦੀ ਉਪਰੰਤ ਗੁਰਮਤਿ ਰਹੁ ਰੀਤੀ ਅਨੁਸਾਰ ਸਤਿਗੁਰਾਂ ਨਮਿੱਤ 'ਕੋਠਾ ਸਾਹਿਬ' ਵਾਲੇ ਕਮਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਹਜ ਪਾਠ ਆਰੰਭ ਕਰ ਕੇ ਸਾਰਾ ਪਾਠ ਬਾਬਾ ਬੁੱਢਾ ਜੀ ਨੇ ਕੀਤਾ। ਤੇਰ੍ਹਵੇਂ ਦਿਨ ਹਾੜ ਵਦੀ ੧ ਹਾੜ ਦੀ ਸੰਗਰਾਂਦ, ਬੁੱਧਵਾਰ ਨੂੰ ਕੋਠਾ ਸਾਹਿਬ ਦੇ ਸਾਹਮਣੇ ਸਜੇ ਦੀਵਾਨ ਵਿਚ ਬਾਬਾ ਜੀ ਨੇ ਹੀ ਪਾਠ ਦਾ ਭੋਗ ਪਾਇਆ। ਪੁਰਾਤਨ ਰੀਤੀ ਅਨੁਸਾਰ ਮਸੰਦ ਸੇਲੀ, ਮਾਲਾ, ਟੋਪੀ ਤੇ ਮੰਜੀ ਲੈ ਆਏ ਤਾਂ ਗੁਰੂ ਜੀ ਨੇ ਬਾਬਾ ਜੀ ਨੂੰ ਇਹ ਕਹਿ ਕੇ ਕਿ ਸਾਨੂੰ ਦਸਤਾਰ ਪਹਿਨਾਉ, ਅਸੀਂ ਸ਼ਸਤ੍ਰ ਪਹਿਨ ਕੇ ਜੰਗ ਕਰਨੇ ਹਨ। ਸਤਿਗੁਰਾਂ ਦੇ ਹੁਕਮ ਅਨੁਸਾਰ ਇਹਨਾਂ ਵਸਤੂਆਂ ਨੂੰ ਤੋਸ਼ੇ-ਖਾਨੇ ਭੇਜ ਦਿੱਤਾ ਗਿਆ। ਪਾਠ ਦੇ ਭੋਗ ਦੀ ਅਰਦਾਸ ਉਪਰੰਤ ਬਾਬਾ ਬੁੱਢਾ ਜੀ ਨੇ ਗੁਰੂ ਹਰਿਗੋਬਿੰਦ ਜੀ ਨੂੰ ਪੱਗ ਬਨ੍ਹਾਈ ਭਾਵ

www.sikhbookclub.com



ਦਸਤਾਰ-ਬੰਦੀ ਦੀ ਰਸਮ ਕੀਤੀ:-

*ਹਾੜ ਪ੍ਰਿਥਮ ਏਕਮ ਥਿਤ ਮਾਹੀਂ। ਹਰਿਗੋਬਿੰਦ ਗੁਰੂ ਪਾਗ ਬੰਧਾਹੀਂ॥*

*(ਗੁ: ਬਿ: ਪਾ: ੬, ਅ: ੮, ਅੰ: ੩੩)*

ਫਿਰ ਬੰਦੀਆਂ, ਤਰੇਹਣਾਂ, ਭੱਲਿਆਂ, ਸੋਢੀਆਂ, ਮਸੰਦਾਂ, ਮੁਖੀ ਸਿੱਖਾਂ, ਸ਼ਹਿਰ ਦੇ ਪਤਵੰਤਿਆਂ, ਦੇਸ ਪ੍ਰਦੇਸ ਦੀਆਂ ਸੰਗਤਾਂ ਨੇ ਗੁਰੂ ਜੀ ਨੂੰ ਦਸਤਾਰਾਂ ਤੇ ਮਾਇਆ ਭੇਟ ਕੀਤੀ, ਕੜਾਹ ਪ੍ਰਸਾਦ ਵਰਤਾਇਆ ਗਿਆ ਤੇ ਸੰਗਤਾਂ ਨੇ ਲੰਗਰ ਛਕੇ।

## ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਿਰਜਨਾ—

ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉਢੀ ਦੇ ਪੱਛਮ ਵਿਚ ਐਨ ਸਾਹਮਣੇ ਪਹਿਲਾਂ ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਤੇ ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਸਮੇਂ ਅੰਮ੍ਰਿਤਸਰ ਸਰੋਵਰ ਦੀ ਕਾਰ ਕੱਢਦਿਆਂ ਕਾਰ ਦੀ ਮਿੱਟੀ ਬਾਹਰ ਸੁੱਟਣ ਨਾਲ ਇਸ ਥਾਂ ਇਕ ਕੱਚਾ ਥੜ੍ਹਾ ਬਣ ਗਿਆ ਸੀ। ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਸਮੇਂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਇਸ ਕੱਚੇ ਥੜ੍ਹੇ ਉੱਪਰ ਆਪਣੇ ਆਰਾਮ ਹਿਤ ਇਕ ਕੋਠੜੀ ਬਣਵਾਈ ਸੀ। ਜਿਸ ਨੂੰ ਅੱਜ ਕੱਲ ਕੋਠਾ ਸਾਹਿਬ ਕਹਿੰਦੇ ਹਨ ਜਿਥੇ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪ੍ਰਕਾਸ਼ ਹੋਣ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਰਾਤ ਨੂੰ ਬਿਰਾਜਮਾਨ ਕੀਤੇ ਜਾਂਦੇ ਹਨ। ਪਾਠਕ ਪਿਛੇ ਪੜ੍ਹ ਆਏ ਹਨ ਕਿ ਇਸੇ ਕੋਠਾ ਸਾਹਿਬ ਵਿਚ ਹੀ ਗੁਰੂ ਅਰਜਨ ਦੇਵ ਜੀ, ਗੁਰੂ ਹਰਿਗੋਬਿੰਦ ਸਾਹਿਬ ਨੂੰ ਗੁਰਤਾ-ਗੱਦੀ ਅਰਪ ਗਏ ਸਨ ਤੇ ਇਥੇ ਹੀ ਪੰਚਮ ਪਾਤਸ਼ਾਹ ਨਮਿਤ ਬਾਬਾ ਬੁੱਢਾ ਜੀ ਨੇ ਗੁਰੂ ਗ੍ਰੰਥ ਸਾਹਿਬ ਦਾ ਸਹਿਜ ਪਾਠ ਕਰ ਕੇ ਭੋਗ ਪਾਇਆ ਤੇ ਦਸਤਾਰ-ਬੰਦੀ ਦੀ ਰਸਮ ਅਦਾ ਕੀਤੀ।

ਗੁਰੂ ਹਰਿਗੋਬਿੰਦ ਸਾਹਿਬ ਜੀ ਤਖ਼ਤ ਰਚਨਾ ਚਾਹੁੰਦੇ ਸਨ। ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨਾਲ ਸਲਾਹ ਕਰਕੇ ਹਾੜ ਵਦੀ ਪੰਚਮੀ ਦਾ ਦਿਨ ਮੁਕਰਰ ਕਰਕੇ ਉਪਰੋਂ ਥਾਂ ਪੱਧਰਾ ਕਰਨ, ਇੱਟਾਂ ਤੇ ਚੂਨਾ ਆਦਿ ਸਮੱਗਰੀ ਤਿਆਰ ਕਰਨ ਦਾ ਹੁਕਮ ਕੀਤਾ। ਨੀਅਤ ਸਮੇਂ ਹਾੜ ਵਦੀ ਪੰਚਮੀ ਵਾਲੇ ਦਿਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਕੇ ਮਹਲਾਂ ਤੋਂ ਚੱਲ ਕੇ ਬਾਬਾ ਜੀ ਤੇ ਭਾਈ ਗੁਰਦਾਸ ਜੀ ਸਮੇਤ ਸ੍ਰੀ ਹਰਿਮੰਦਰ ਸਾਹਿਬ ਅੰਦਰ ਜਾ ਕੇ ਨਮਸਕਾਰ ਕੀਤੀ, ਪ੍ਰਕਰਮਾ ਕੀਤੀਆਂ ਤੇ ਵਾਪਸ ਸ੍ਰੀ ਅਕਾਲ ਤਖ਼ਤ ਸਾਹਿਬ ਵਾਲੀ ਥਾਂ ਆ ਗਏ। ਅਰਦਾਸ ਉਪਰੰਤ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਤਖ਼ਤ ਸਾਹਿਬ ਦੀ ਪਹਿਲੀ ਇੱਟ ਆਪਣੇ ਪਵਿੱਤਰ ਕਰ ਕਮਲਾਂ ਨਾਲ ਰੱਖੀ:-

*ਬ੍ਰਿਧ ਕੇ ਸੰਮਤ ਸਤਿਗੁਰ ਹੋਇ। ਆਇ ਸੁਧਾਸਰ ਦਿਸ਼ਿ ਸਭਿ ਕੋਇ॥*
*ਸ੍ਰੀ ਹਰਿਮੰਦਰ ਬੰਦਨ ਕਰੇ। ਚਤੁਰ ਪ੍ਰਦੱਛਨ ਕੇ ਹਿਤ ਫਿਰੇ॥ ੧੪॥*
*ਬਹੁਰੋ ਆਇ ਦਰਸ਼ਨੀ ਪੌਰ। ਪਿਖਿ ਅਕਾਲ ਬੁੰਗੇ ਕੀ ਠੌਰ॥*

www.sikhbookclub.com



*ਆਇਸ ਦਈ ਸੁਥਲ ਸੁਧਰਾਵਹੁ। ਹਿਤ ਬੈਠਨਿ ਕੇ ਚਾਰੁ ਬਨਾਵਹੁ॥ ੧੫॥*
*ਪ੍ਰਥਮ ਆਪਨੇ ਲੇ ਕਰਿ ਹਾਥ। ਧਰੀ ਈਂਟ ਬਲ ਤੇਜ ਕਿ ਸਾਥ॥ ੧੬॥*
*(ਗੁ: ਪ੍ਰ: ਸੂ: ਰਾ: ੪, ਅੰ: ੪੨)*

ਹਾੜ ਵਦੀ ਪੰਚਮੀ ਨੂੰ ਪਹਿਲੀ ਇੱਟ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਆਪਣੇ ਹੱਥੀਂ ਰੱਖਣ ਦੀ ਪ੍ਰੁਸ਼ਟੀ ਗੁਰ ਬਿਲਾਸ ਪਾਤਸ਼ਾਹੀ ੬ ਦੀ ਹੇਠ ਲਿਖੀ ਲਿਖਤ ਤੋਂ ਵੀ ਹੁੰਦੀ ਹੈ-

*ਹਾੜ ਪੰਚਮੀ ਕੌ ਦਿਨ ਜਾਨ। ਸ੍ਰੀ ਗੁਰ ਉਦਮ ਕੀਨ ਮਹਾਨ॥....੩੫॥*
*ਰਵਿ ਦਿਨ ਪੰਚਮ ਥਿਤ ਲਗਨ। ਉੱਤਮ ਸਮਾ ਵਿਚਾਰ॥....੩੭॥*
*ਪ੍ਰਿਥਮ ਨੀਵ ਸ੍ਰੀ ਗੁਰੂ ਰਖੀ। ਅਬਚਲ ਤਖ਼ਤ ਸੁਹਾਇ॥....੩੮॥*
*(ਗੁਰ ਬਿਲਾਸ ਪਾ: ੬, ਅਧਿ: ੮)*

ਇਹ ਤਖ਼ਤ ਇਕ ਪੱਕੇ ਥੜ੍ਹੇ ਦੇ ਰੂਪ ਵਿਚ ਉਸਾਰਿਆ ਗਿਆ। ਗੁਰੂ ਜੀ ਦੇ ਪਾਵਨ ਕਰ-ਕਮਲਾਂ ਦੁਆਰਾ ਰੱਖੀ ਨੀਂਹ ਦੀ ਪਹਿਲੀ ਇੱਟ ਤੋਂ ਬਾਅਦ ਕਿਸੇ ਰਾਜ ਨੇ ਹੱਥ ਨਹੀ ਲਾਇਆ, ਸਿਰਫ਼ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਹੀ ਇਸ ਕੰਮ ਨੂੰ ਸੰਪੂਰਨ ਕੀਤਾ—

*ਕਿਸੀ ਰਾਜ ਨਹਿ ਹਾਥ ਲਗਾਯੋ। ਬੁੱਢੇ ਔ ਗੁਰਦਾਸ ਬਨਾਯੋ॥ ੩੯॥*
*(ਗੁ: ਬਿ: ਪਾ: ੬, ਅ: ੮)*

ਸ੍ਰੀ ਹਰਿਮੰਦਰ ਸਾਹਿਬ ਦੇ ਸਤਿਕਾਰ ਨੂੰ ਮੁੱਖ ਰੱਖਦਿਆਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਰੁਖ ਥੋੜ੍ਹਾ ਜੇਹਾ ਉੱਤਰ ਦਿਸ਼ਾ ਵੱਲ ਨੂੰ ਰਖਿਆ ਥੱਠਾ ਸਾਹਿਬ ਦਾ ਰੁਖ ਸਿੱਧਾ ਸ੍ਰੀ ਹਰਿਮੰਦਰ ਸਾਹਿਬ ਵੱਲ ਨੂੰ ਹੈ। ਥੜ੍ਹੇ ਦਾ ਆਕਾਰ ੧੪ ਫੁੱਟ ਲੰਬਾ, ੮ ਫੁੱਟ ਚੌੜਾ ਤੇ ੭ ਫੁੱਟ ਉੱਚਾ ਹੈ। ਇਸ ਥੜ੍ਹੇ ਦਾ ਨਾਮ ਸਤਿਗੁਰਾਂ ਨੇ ਆਪਣੇ ਮੁੱਖ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਰੱਖਿਆ।

## ਤਖ਼ਤ ਨਸ਼ੀਨੀ ਦਾ ਤਿਲਕ-ਸਮਾਗਮ—

ਥੋੜ੍ਹੇ ਹੀ ਦਿਨਾਂ ਵਿਚ ਪੱਕਾ ਥੜ੍ਹਾ ਤਿਆਰ ਹੋ ਗਿਆ। ਤਖ਼ਤ ਨਸ਼ੀਨੀ ਦੇ ਤਿਲਕ-ਸਮਾਗਮ ਦੀ ਤਾਰੀਖ ਹਾੜ ਸੁਦੀ ਦਸਮੀ ਮਿੱਥ ਕੇ ਸਤਿਗੁਰਾਂ ਨੇ ਦੇਸ ਪ੍ਰਦੇਸ ਦੀਆਂ ਸੰਗਤਾਂ ਨੂੰ ਇਸ ਮੌਕੇ 'ਤੇ ਹੁੰਮ-ਹੁੰਮਾ ਕੇ ਪੁੱਜਣ ਹਿਤ ਹੁਕਮਨਾਮੇ ਭੇਜ ਦਿੱਤੇ ਤੇ ਨਾਲ ਹੀ ਲਿਖ ਭੇਜਿਆ ਕਿ ਉਸ ਸਮੇਂ ਸੋਨਾ ਚਾਂਦੀ ਦੇ ਗਹਿਣਿਆਂ ਤੇ ਕੀਮਤੀ ਕੱਪੜਿਆਂ ਦੀ ਥਾਂ ਚੰਗੇ ਸ਼ਸਤ੍ਰਾਂ ਤੇ ਘੋੜਿਆਂ ਦੀ ਭੇਟਾ ਲੈ ਕੇ ਆਉ। ਹਾੜ ਸੁਦੀ ਨੌਵੀਂ ਦੀ ਸ਼ਾਮ ਤਕ ਦੇਸ ਪ੍ਰਦੇਸ ਦੀਆਂ ਸੰਗਤਾਂ ਦਾ ਭਾਰੀ ਇਕੱਠ ਅੰਮ੍ਰਿਤਸਰ ਪੁੱਜ ਗਿਆ। ੨੯ ਹਾੜ ਸੁਦੀ ਦਸਮੀ, ਐਤਵਾਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਸਾਹਿਬ ਉੱਪਰ ਸਤਿਗੁਰਾਂ ਦੇ ਬੈਠਣ ਲਈ ਬਾਦਸ਼ਾਹਾਂ ਵਰਗਾ ਸ਼ਾਹੀ ਸਿੰਘਾਸਣ ਸਜਾਇਆ ਗਿਆ।

*ਹੋ ਦਸਮੀ ਥਿਤ ਰਵਿ ਵਾਰ ਅਮੋਲਕ ਜਾਨੀਏ........॥ ੪੪॥*

www.sikhbookclub.com



*ਭਗਤ ਸਿੰਘ ਦਸ ਖੋੜਸ ਦਿਨਗੇ ਹਾੜ ਕੇ॥*
*ਦਸਮੀ ਥਿਤ ਉਦਾਰ ਮਹੂਰਤ ਗਾੜ ਕੇ॥ ੪੫॥*

(ਗੁ: ਬਿਲਾਸ ਪਾ: ੬, ਅਧਿਆਇ ੮)

**ਦਸਮੀ ਸੁਦੀ ਅਸਾਢ ਮਝਾਰੀ। ਆਦਿਤ ਵਾਰ ਤੇਜ ਬਲ ਭਾਰੀ॥ ੩੩॥**

(ਗੁ: ਪ੍ਰ: ਸੂਰਜ, ਰਾਸਿ ੪, ਅੰਸੂ ੪੨)

ਗੁਰੂ ਹਰਿਗੋਬਿੰਦ ਸਾਹਿਬ ਜੀ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਸਮੇਤ ਮਹਿਲਾਂ ਤੋਂ ਚਲ ਕੇ, ਦਰਸ਼ਨੀ ਡਿਉਢੀ ਮੱਥਾ ਟੇਕ, ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਜਾ ਨਮਸਕਾਰ ਕੀਤੀ। ਪ੍ਰਕਰਮਾ ਕਰਕੇ ਵਾਪਸ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਆ ਬਿਰਾਜੇ:-

**ਬ੍ਰਿਧ ਗੁਰਦਾਸ ਬਾਮ ਅਰੁ ਦਾਏਂ। ਅਪਰ ਮਸੰਦ ਸਿੱਖ ਸਮੁਦਾਏ॥ ੧੪॥**
**ਨਿਜ ਮਹਿਲਨਿ ਤੇ ਚਲਿ ਕਰਿ ਆਏ। ਪੌਰ ਦਰਸ਼ਨੀ ਸੀਸ ਨਿਵਾਏ॥**
**ਪੁਨ ਹਰਿਮੰਦਰਿ ਸੁੰਦਰ ਗਏ। ਦਰਸ਼ਨਿ ਲੈ ਅਭਿਬੰਦਨ ਕਿਏ॥ ੧੫॥**
**ਪੁਨਹ ਪ੍ਰਦੱਛਨ ਕਰਿ ਚਲਿ ਆਏ। ਥਲ ਅਕਾਲ ਬੁੰਗੇ ਥਿਤ ਪਾਏ॥ ੧੬॥**

(ਅੰਸੂ ੪੩)

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਪਹੁੰਚ ਕੇ ਸਜੇ ਹੋਏ ਸੁੰਦਰ ਸਿੰਘਾਸਨ 'ਤੇ ਬੈਠ ਗਏ। ਤਖ਼ਤ ਸਾਹਿਬ ਦੇ ਸਾਹਮਣੇ ਹੇਠ ਸਿਹਨ ਵਿੱਚ ਸੰਗਤਾਂ ਦਾ ਖਚਾ ਖੱਚ ਦੀਵਾਨ ਭਰਿਆ ਹੋਇਆ ਸੀ। ਸਤਿਗੁਰਾਂ ਨੇ ਬਹੁਤ ਸੁੰਦਰ ਕੀਮਤੀ ਪੀਲੀ ਪੋਸ਼ਾਕ ਪਹਿਨੀ ਹੋਈ ਸੀ। ਸੀਸ 'ਤੇ ਸੁੰਦਰ ਦਸਤਾਰ ਉਪਰ ਜਿਗ੍ਹਾ ਤੇ ਕਲਗੀ ਸਜਾਈ ਹੋਈ ਸੀ। ਬਾਹਾਂ ਵਿਚ ਅੰਗਦ ਸੋਭ ਰਹੇ ਸਨ ਜਦ ਕਿ ਪਿੱਠ ਉੱਤੇ ਢਾਲ ਸਜਾਈ ਫੱਬ ਰਹੀ ਸੀ। ਸੰਗਤਾਂ ਚਕੋਰਾਂ ਵਾਂਗ ਗੁਰੂ ਜੀ ਦੇ ਚੰਦ੍ਰਮਾਂ ਵਰਗੇ ਮੁਖ ਵੱਲ ਸ਼ਰਧਾ ਤੇ ਭਾਵਨਾ ਨਾਲ ਤਕ ਰਹੀਆਂ ਸਨ। ਸਤਿਗੁਰਾਂ ਨੇ ਹੁਕਮ ਕੀਤਾ ਕਿ ਉਹ ਸ਼ਸਤ੍ਰ ਲਿਆਓ ਜੋ ਅਸਾਂ ਬਣਵਾਏ ਹਨ:-

**ਬੈਠੇ ਆਨਿ ਸਿੰਘਾਸਨ ਚਾਰੂ। ਸ੍ਰੀ ਮੁਖ ਆਇ ਸੁ ਕੀਨਿ ਉਚਾਰੂ॥ ੧੬॥**
**ਆਨਹੁ ਸ਼ਸਤ੍ਰ ਜੋ ਹਮ ਬਨਵਾਏ। ਜਿਨ ਕੈ ਹਾਟਿਕ ਅਧਿਕ ਲਗਾਏ॥ ੧੭॥**

(ਗੁਰ ਪ੍ਰਤਾਪ ਸੂਰਜ, ਰਾਸਿ ੪, ਅੰਸੂ ੪੩)

ਸੇਵਕਾਂ ਨੇ ਸਾਰੇ ਸ਼ਸਤ੍ਰ ਸਤਿਗੁਰਾਂ ਦੇ ਅੱਗੇ ਲਿਆ ਰੱਖੇ। ਗੁਰੂ ਜੀ ਦੇ ਹੁਕਮ ਅਨੁਸਾਰ ਬਾਬਾ ਬੁੱਢਾ ਜੀ ਨੇ ਦੋਹੀ ਪਾਸੀ ਦੋ ਸ੍ਰੀ ਸਾਹਿਬ ਸਤਿਗੁਰਾਂ ਨੂੰ ਪਹਿਨਾਏ। ਤੀਰਾਂ ਦਾ ਭਰਿਆ ਭੱਥਾ ਲੱਕ ਨਾਲ ਸਜਾਇਆ। ਖੱਬੇ ਹੱਥ ਵਿੱਚ ਭਾਰੀ ਧਨੁੱਖ ਪਕੜਿਆ ਤੇ ਸੱਜੇ ਹੱਥ ਵਿਚ ਤੀਰ ਪਕੜ ਕੇ ਘੁਮਾਇਆ। ਮੁਖੀ ਸਿੱਖਾਂ ਅਤੇ ਸੰਗਤਾਂ ਨੇ ਦੋ ਤਲਵਾਰਾਂ ਪਹਿਨਣ ਦਾ ਕਾਰਨ ਪੁੱਛਿਆ ਤਾਂ ਹਜ਼ੂਰ ਨੇ ਫ਼ੁਰਮਾਇਆ:-

**ਇਕ ਤੇ ਲੇਂ ਮੀਰਨਿ ਕੀ ਮੀਰੀ। ਦੂਸਰ ਤੇ ਪੀਰਨਿ ਕੀ ਪੀਰੀ॥ ੨॥**

www.sikhbookclub.com



*ਮੀਰੀ ਪੀਰੀ ਦੋਨੋ ਧਰੈਂ। ਬਚਹਿ ਸ਼ਰਨਿ ਨਤੁ ਜੁਗ ਪਰਹਰੈ॥ ੨੩॥*

ਗੁਰ ਬਿਲਾਸ ਪਾਤਸ਼ਾਹੀ ਛੇਵੀ ਦੇ ਲੇਖਕ ਨੇ ਲਿਖਿਆ ਹੈ ਕਿ ਸਤਿਗੁਰਾਂ ਨੂੰ ਦੋ ਸ੍ਰੀ ਸਾਹਿਬ ਅਕਾਲ ਪੁਰਖ ਨੇ ਪਹਿਨਾਏ:-

*ਪੀਤ ਪੁਸ਼ਾਕ ਧਰੀ ਸੁਖ ਸਾਗਰ ਔ ਕਲਗੀਧਰ ਸੀਸ ਸੁਹਾਏ॥*
*ਔ ਭੁਜ ਅੰਗਦ ਸੋਹਤਿ ਹੈਂ ਫੁਨਿ ਪੀਠ ਪੈ ਚਰਮ ਧਰੀ ਛਬਿ ਪਾਏ॥*
*ਦੋ ਅਸਿ ਲੈ ਭਗਵੰਤ ਤਬੈ ਗੁਰ ਕੋ ਗੁਰ ਡਾਰ ਦੀਏ ਹਰਖਾਏ॥*
*ਮੀਰੀ ਕੀ ਮੀਰ ਔ ਪੀਰੀ ਕੀ ਪੀਰ ਸੋ ਦੋਊ ਧਰੀ ਭਗਵੰਤ ਅਲਾਏ॥ ੧੭॥*

*(ਗੁਰ ਬਿਲਾਸ ਪਾ. ੬, ਅਧਿਆਇ ੮)*

ਸਤਿਗੁਰਾਂ ਦੇ ਉਪਰੋਕਤ ਸੁੰਦਰ ਸਰੂਪ ਦੇ ਦਰਸ਼ਨ ਕਰਕੇ ਇਕ ਕਵੀ ਨੇ ਆਪਣੀ ਸੁੰਦਰ ਕਾਵਿ ਵਿਚ ਇਸ ਤਰ੍ਹਾਂ ਵਰਣਨ ਕੀਤਾ ਹੈ:-

**ਬੀਰ ਬਰਾਸਨ ਸੋਹਿ ਸਿੰਘਾਸਨ ਪੰਕਜ ਹਾਥ ਸੁ ਬਾਨ ਫਿਰਾਵੈ॥**
**ਕੰਠਿ ਵਿਖੇ ਅਸਿ ਦੋਇ ਬਿਰਾਜਤ ਚਰਮ ਸੁ ਸੁੰਦਰ ਪੀਠ ਸੁਹਾਵੈ॥**
**ਬਾਵੇਂ ਹੀ ਹਾਥ ਬਿਖੈ ਧਨੁ ਰਾਜਤ ਦੇਖ ਗਾਂਡੀਵ ਮਨੋ ਸੁਕਚਾਵੈ॥**
**ਸੁੰਦਰ ਐਸੇ ਸਰੂਪ ਕੇ ਉਪਰ ਦਾਸ ਕਵੀ ਪਿਖ ਕੇ ਬਲ ਜਾਵੈ॥ ੫੬॥**

ਗੁਰੂ ਜੀ ਦੇ ਹਜ਼ੂਰੀ ਢਾਡੀ ਅਬਦੁਲਾ ਤੇ ਨੱਥ ਮਲ ਨੇ ਗੁਰੂ ਜੀ ਦੇ ਜੱਸ ਦੀ ਵਾਰ ਆ ਕੇ ਸੁਣਾਈ ਜੋ ਇਸ ਪ੍ਰਕਾਰ ਹੈ:-

*ਸੱਚਾ ਤਖ਼ਤ ਸੁਹਾਯੋ ਸ੍ਰੀ ਗੁਰ ਪਾਇ ਕੈ॥*
*ਛਬ ਬਰਨੀ ਨਹਿ ਜਾਇ ਕਹੌਂ ਕਿਆ ਗਾਇ ਕੈ॥*
*ਰਵਿ ਸਸਿ ਭਏ ਮਲੀਨ ਸੁ ਦਰਸ ਦਿਖਾਇ ਕੈ॥*
*ਸ੍ਰੀ ਗੁਰ ਤਖ਼ਤ ਬਿਰਾਜੇ ਪ੍ਰਭੂ ਧਿਆਇ ਕੈ॥*
*ਮੀਰ ਅਬਦੁਲ ਔ ਨੱਥਾ ਜਸ ਕਹੈ ਬਨਾਇ ਕੈ॥ ੬੨॥*

*(ਗੁ: ਬਿ: ਪਾ: ੬, ਅ: ੮)*

ਇਕ ਹੋਰ ਪ੍ਰਸਿੱਧ ਵਾਰ ਜਿਸ ਵਿਚ ਦੋ ਤਲਵਾਰਾਂ ਬੰਨ੍ਹਣ ਦਾ ਜ਼ਿਕਰ ਹੈ ਤੇ ਗੁਰੂ ਜੀ ਦੀ ਦਸਤਾਰ ਦੇ ਮੁਕਾਬਲੇ ਜਹਾਂਗੀਰ ਦੀ ਦਸਤਾਰ ਹੇਚ ਵਰਣਨ ਕੀਤੀ ਹੈ:-

*ਦੋ ਤਲਵਾਰਾਂ ਬੱਧੀਆਂ ਇਕੀ ਮੀਰੀ ਦੀ ਇਕ ਪੀਰੀ ਦੀ।*
*ਇਕ ਅਜ਼ਮਤ ਦੀ ਇਕ ਰਾਜ ਦੀ, ਇਕ ਰਾਖੀ ਕਰੇ ਵਜ਼ੀਰ ਦੀ।*
*ਹਿੰਮਤ ਬਾਹਾਂ ਕੋਟ ਗੜ੍ਹ ਦਰਵਾਜ਼ਾ ਬਲਖ ਬਖ਼ੀਰ ਦੀ।*
*ਨਾਲ ਸਿਪਾਹੀ ਨੀਲ ਨਲ ਮਾਰ ਦੁਸ਼ਟਾਂ ਕਰੇ ਤਗੀਰ ਦੀ।*
*ਪੱਗ ਤੇਰੀ, ਕੀ ਜਹਾਂਗੀਰ ਦੀ।*

www.sikhbookclub.com



ਉਪਰੰਤ ਬਾਦਸ਼ਾਹਾਂ ਵਾਂਗ ਸੱਚੇ ਪਾਤਸ਼ਾਹ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮਸਤਕ ਉੱਪਰ ਤਖਤ ਨਸ਼ੀਨੀ ਦਾ ਤਿਲਕ ਲਾਇਆ। ਗੁਰਬਿਲਾਸ ਪਾਤਸ਼ਾਹੀ ਛੇਵੀਂ ਦੇ ਲੇਖਕ ਨੇ ਲਿਖਿਆ ਹੈ ਕਿ ਅਕਾਲ ਪੁਰਖ ਨੇ ਗੁਰੂ ਜੀ ਦੇ ਤਿਲਕ ਕੀਤਾ ਪਰ ਸੰਗਤਾਂ ਨੂੰ ਐਉਂ ਲੱਗਾ ਜਿਵੇਂ ਬਾਬਾ ਬੁੱਢਾ ਜੀ ਨੇ ਤਿਲਕ ਕੀਤਾ ਹੋਵੇ:-

*ਬੀਰਾਸਨ ਬੈਠੇ ਗੁਰੂ ਪ੍ਰਭੂ ਤਿਲਕ ਤਬ ਕੀਨ॥*
*ਸਿੱਖ ਸੰਗਤ ਐਸੇ ਲਖਯੋ ਸਾਹਿਬ ਬੁੱਢੇ ਦੀਨ॥ ੫੩॥*

(ਅਧਿ: ੮)

ਸਭ ਤੋਂ ਪਹਿਲਾਂ ਬਾਬਾ ਬੁੱਢਾ ਜੀ ਨੇ ਆਪਣੇ ਵੱਲੋਂ ਭੇਟਾ ਅਰਪੀ ਫਿਰ ਭਾਈ ਗੁਰਦਾਸ, ਮਸੰਦਾਂ, ਮੁਖੀ ਸਿੱਖਾਂ, ਸ਼ਹਿਰ ਦੇ ਚੌਧਰੀਆਂ ਤੇ ਦੇਸ ਪ੍ਰਦੇਸ ਦੀਆਂ ਸਿੱਖ ਸੰਗਤਾਂ ਨੇ ਆਪੋ ਆਪਣੀਆਂ ਭੇਟਾਂ ਅਰਪੀਆਂ। ਭੇਟਾਂ ਵਿਚ ਸਤਿਗੁਰਾਂ ਦੇ ਹੁਕਮ ਅਨੁਸਾਰ ਤਲਵਾਰਾਂ, ਢਾਲਾਂ, ਬੰਦੂਕਾਂ, ਸੁੰਦਰ ਤੇ ਤੇਜ਼ ਰਫਤਾਰ ਘੋੜੇ, ਨੇਜ਼ੇ, ਬਰਛੀਆਂ ਬਰਛੇ, ਕਟਾਰਾਂ, ਖੰਡੇ, ਧਨੁੱਖ, ਕਮਾਣਾਂ, ਤ੍ਰਿਖੇ ਤੀਰ ਤੇ ਤੀਰਾਂ ਦੇ ਭਰੇ ਭੱਥੇ, ਜੰਗੀ ਕੁਹਾੜੇ ਸਫਾਜੰਗ ਆਦਿ ਸੁੰਦਰ ਤੇ ਕੀਮਤੀ ਸ਼ਸਤ੍ਰਾਂ ਦੇ ਢੇਰ ਲੱਗ ਗਏ ਤੇ ਘੋੜਿਆਂ ਦਾ ਪੂਰਾ ਤਬੇਲਾ ਬਣ ਗਿਆ।

ਇਹ ਉਪਰੋਕਤ ਚਾਰ ਸਮਾਗਮ ਹੋਏ: ਪਹਿਲਾ ਗੁਰਿਆਈ ਗੱਦੀ ਦਾ ਜੇਠ ਵਦੀ ੯ ਨੂੰ, ਦੂਜਾ ਦਸਤਾਰ-ਬੰਦੀ ਹਾੜ ਵਦੀ ਏਕਮ, ਇਕ ਹਾੜ ਨੂੰ, ਤੀਜਾ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਨੀਂਹ ਪੱਥਰ ਰੱਖਣ ਦਾ ਹਾੜ ਵਦੀ ਪੰਚਮੀ ਨੂੰ ਅਤੇ ਚੌਥਾ ਗੁਰੂ ਪਾਤਸ਼ਾਹ ਜੀ ਦੀ ਤਖਤ ਨਸ਼ੀਨੀ ਦਾ ੨੬ ਹਾੜ, ਹਾੜ ਸੁਦੀ ਦਸਮੀ ਨੂੰ।

ਪਰ ਸਾਡੇ ਸਿੰਘ ਤੇ ਗੈਰ ਸਿੱਖ ਇਤਿਹਾਸ ਲੇਖਕਾਂ ਨੇ ਇਨ੍ਹਾਂ ਚੌਹਾਂ ਵੱਖ ਵੱਖ ਸਮਿਆਂ ਵਿਚ ਅੱਡ-ਅੱਡ ਹੋਏ ਸਮਾਗਮਾਂ ਨੂੰ ਰਲਗੱਡ ਕਰ ਦਿੱਤਾ ਹੈ। ਕਈਆਂ ਨੇ ਦਸਤਾਰ-ਬੰਦੀ ਸਮੇਂ ਗੁਰਤਾ ਗੱਦੀ ਦਾ ਤਿਲਕ ਦੇਣਾ ਲਿਖ ਦਿੱਤਾ ਹੈ ਜਦ ਕਿ ਕਈਆਂ ਨੇ ਤਖਤ-ਨਸ਼ੀਨੀ ਤਿਲਕ ਨੂੰ ਗੁਰਤਾ-ਗੱਦੀ ਤਿਲਕ ਸਮਾਗਮ ਲਿਖ ਦਿੱਤਾ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨੀਂਹ ਪੱਥਰ ਰੱਖਣ ਦੇ ਸਮੇਂ ਬਾਰੇ ਵੀ ਲੇਖਕਾਂ ਦੇ ਵੱਖ-ਵੱਖ ਵਿਚਾਰ ਹਨ। ਜਿਵੇਂ ਕਿ ਗਿਆਨੀ ਗਿਆਨ ਸਿੰਘ ਜੀ ਨੇ ਤਵਾਰੀਖ ਗੁਰੂ ਖਾਲਸਾ ਭਾਗ ਪਹਿਲਾ ਛਾਪਾ ਪੱਥਰ ਦੇ ਪੰਨਾ ੨੧੬ ਉੱਪਰ, ਡਾਕਟਰ ਤ੍ਰਿਲੋਚਨ ਸਿੰਘ ਨੇ ਆਪਣੀ ਅੰਗਰੇਜ਼ੀ ਪੁਸਤਕ 'ਗੁਰੂ ਤੇਗ ਬਹਾਦਰ ਪ੍ਰਾਫਟ ਐਂਡ ਮਾਰਟਰ' ਦੇ ਪੰਨਾ ੨ ਉੱਪਰ, ਅਕਾਲ ਤਖਤ ਦੀ ਰਚਨਾ ਦਾ ਸਮਾਂ ੧੬੦੯ ਈ: (੧੬੬੬ ਬਿ:) ਲਿਖਿਆ ਹੈ, ਇਹੋ ਹੀ ਸੰਮਤ ਪ੍ਰਿੰ: ਤੇਜਾ ਸਿੰਘ, ਡਾ: ਗੰਡਾ ਸਿੰਘ ਨੇ ਸਿੱਖ ਇਤਿਹਾਸ ਪੰਜਾਬੀ ਦੇ ਪੰਨਾ ੪੪ ਉੱਪਰ ਲਿਖਿਆ ਹੈ।

ਦੂਜਾ ਸਰੋਤ ਹੈ ਭਾਈ ਕਾਨ੍ਹ ਸਿੰਘ ਜੀ ਨਾਭਾ ਨੇ 'ਮਹਾਨ ਕੋਸ਼' ਵਿਚ, ਸ਼ਮਸ਼ੇਰ ਸਿੰਘ ਅਸ਼ੋਕ ਨੇ 'ਪੰਜਾਬ ਦੀ ਵੀਰ ਪਰੰਪਰਾ' ਦੇ ਪੰਨਾ ੨੧ 'ਤੇ ਅਤੇ ਗਿਆਨੀ ਲਾਲ ਸਿੰਘ ਸੰਗਰੂਰ ਨੇ 'ਗੁਰੂ ਖਾਲਸਾ ਤਵਾਰੀਖ' ਦੇ ਪੰਨਾ ੩੦੨ ਉੱਪਰ ਸ੍ਰੀ ਅਕਾਲ ਤਖ਼ਤ ਰਚਨਾ ਦਾ ਸਮਾਂ

www.sikhbookclub.com



੧੬੬੫ ਬਿ: (੧੬੦੮ ਈ:) ਲਿਖਿਆ ਹੈ।

ਸ੍ਰ: ਹਰਜਿੰਦਰ ਸਿੰਘ ਦਿਲਗੀਰ ਨੇ ਆਪਣੀ ਅੰਗਰੇਜ਼ੀ ਪੁਸਤਕ 'ਦੀ ਅਕਾਲ ਤਖ਼ਤ' ਵਿਚ ਲਿਖਿਆ ਹੈ ਕਿ ਹਾੜ ਵਦੀ ਪੰਚਮੀ ਤਾਂ ਗੁਰ ਬਿਲਾਸ ਪਾ: ੬ ਵਾਲੀ ਠੀਕ ਹੈ ਪਰ ਸੰਨ ੧੬੦੯ ਈ: ਹੀ ਠੀਕ ਹੈ। ਅੱਗੇ ਜਾ ਕੇ ਦੋਹਾਂ ਸੰਮਤਾਂ ਨੂੰ ਇਸ ਤਰ੍ਹਾਂ ਮੇਲਣ ਦੀ ਕੋਸ਼ਿਸ਼ ਕੀਤੀ ਹੈ ਕਿ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਦੀ ਸ਼ੁਰੂਆਤ ੧੬੦੬ ਈ: ਵਿਚ ਹੋਈ ਸੀ ਅਤੇ ਸੰਪੂਰਨਤਾ ੧੬੦੯ ਈ: ਵਿਚ ਹੋਈ। ਇਸ ਲਈ ੧੬੦੬ ਈ: ਤੇ ੧੬੦੯ ਈ: ਦੋਵੇਂ ਸੰਮਤ ਹੀ ਠੀਕ ਹਨ। ਪਰ ਲੇਖਕ ਇਹ ਹਕੀਕਤ ਭੁੱਲ ਗਿਆ ਹੈ ਕਿ ਗੁਰੂ ਸਾਹਿਬ ਦੇ ਸਮੇਂ ਪੰਜ ਮੰਜ਼ਲੀ ਗੁੰਬਦ ਸਹਿਤ ਇਮਾਰਤ ਨਹੀ ਉਸਾਰੀ ਗਈ ਸੀ। ਉਸ ਸਮੇਂ ਤਾਂ ਸਿਰਫ ਪੱਕਾ ਥੜ੍ਹਾ ਹੀ ਬਣਾਇਆ ਗਿਆ ਸੀ। ਥੜ੍ਹੇ ਦੇ ਬਣਨ 'ਤੇ ਤਿੰਨ ਸਾਲ ਕਿਵੇਂ ਲੱਗ ਗਏ। ਇਤਿਹਾਸ ਅਨੁਸਾਰ ੧੮੩੧ ਬਿ: ਤਕ ਕੇਵਲ ਥੜ੍ਹਾ ਹੀ ਸੀ। ਵਰਤਮਾਨ ਪੰਜ ਮੰਜ਼ਲੀ ਇਮਾਰਤ ਵੇਖ ਕੇ ਹੀ ਦਿਲਗੀਰ ਸਾਹਿਬ ਨੇ ਤਿੰਨ ਸਾਲ ਦਾ ਅਨੁਮਾਨ ਲਾ ਲਿਆ ਹੋਵੇਗਾ। ਗਿਆਨੀ ਗਿਆਨ ਸਿੰਘ ਜੀ ਦੇ ਲਿਖਣ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਹਿਲੀ ਮੰਜ਼ਲ ਦੀ ਉਸਾਰੀ ੧੮੩੧ ਬਿ: ਵਿਚ ਜੱਸਾ ਸਿੰਘ ਆਹਲੂਵਾਲੀਏ ਦੀ ਨਿਗਰਾਨੀ ਅੰਦਰ ਕੀਤੀ ਗਈ। ਬਾਕੀ ਉਪਰਲੀਆਂ ਮੰਜ਼ਲਾਂ ਮਹਾਰਾਜਾ ਰਣਜੀਤ ਸਿੰਘ ਨੇ ਤਿਆਰ ਕਰਵਾਈਆਂ ਜਿਨ੍ਹਾਂ ਉੱਪਰ ੨ ਲੱਖ ੯੫ ਹਜ਼ਾਰ ਰੁਪਏ ਖਰਚ ਆਇਆ, ਅਖ਼ੀਰਲਾ ਬੰਗਲਾ ਤੇ ਗੁੰਬਦ ਸ: ਹਰੀ ਸਿੰਘ ਜੀ ਨਲਵਾ ਨੇ ਬਣਵਾਇਆ ਤੇ ਗੁੰਬਦ ਨੂੰ ਸੁਨਹਿਰੀ ਕਰਵਾਇਆ। ਉਸ ਸਮੇਂ ਇਸ ਪੰਜ ਮੰਜ਼ਲੀ ਇਮਾਰਤ ਉੱਪਰ ਤਿੰਨ ਲੱਖ ਰੁਪਇਆ ਖਰਚ ਹੋਇਆ ਸੀ, ਇਸ ਸਾਰੀ ਇਮਾਰਤ ਦੀ ਚਿਣਾਈ ਬੜੀ ਪੱਕੀ ਸੀ। ਸਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸ੍ਰੀ ਹਰਿਮੰਦਰ ਸਾਹਿਬ ਵਾਂਗ ਸੁਨਹਿਰੀ ਕਰਨ ਦੇ ਖ਼ਿਆਲ ਨਾਲ ਆਰੰਭ ਵਿਚ ਸ੍ਰ: ਹਰੀ ਸਿੰਘ ਨਲਵਾ ਨੇ ਇਕ ਲੱਖ ਪੱਚੀ ਹਜ਼ਾਰ ਰੁਪਏ ਦਾ ਸੋਨਾ ਅਰਦਾਸ ਕਰਵਾਇਆ ਸੀ ਪਰ ਛੇਤੀ ਹੀ ਉਨ੍ਹਾਂ ਦੇ ਸ਼ਹੀਦ ਹੋ ਜਾਣ ਦੇ ਕਾਰਨ ਉਹ ਸਾਰਾ ਸੋਨਾ ਖੁਰਦ-ਬੁਰਦ ਹੋ ਗਿਆ।

ਛੇਵੇਂ ਸਤਿਗੁਰਾਂ ਦੇ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਸਿਰਫ ਪੱਕੇ ਥੜ੍ਹੇ ਦੇ ਰੂਪ ਵਿਚ ਹੀ ਸੁਸ਼ੋਭਤ ਰਿਹਾ ਜਿਸ ਉੱਪਰ ਬਾਦਸ਼ਾਹਾਂ ਵਰਗਾ ਸਿੰਘਾਸਨ ਸਜਾ ਕੇ, ਗੁਰੂ ਜੀ ਦੋ ਤਲਵਾਰਾਂ ਪਹਿਨ, ਸੀਸ 'ਤੇ ਜਿਗ੍ਹਾ ਕਲਗੀ ਅਤੇ ਮੋਢੇ ਉੱਪਰ ਧਨੁੱਸ਼ ਤੇ ਤੀਰਾਂ ਦਾ ਭਰਿਆ ਭੱਥਾ ਸਜਾ, ਕਮਰ-ਕਸਾ ਕਰਕੇ ਹੱਥ ਵਿਚ ਇਕ ਤੀਰ ਪਕੜ ਕੇ ਸਿੰਘਾਸਨ ਉੱਪਰ ਬੀਰ ਆਸਨ ਬੈਠ ਕੇ ਸੰਗਤਾਂ ਨੂੰ ਦਰਸ਼ਨ ਬਖਸ਼ਦੇ, ਝਗੜੇ ਨਿਬੇੜਦੇ, ਫ਼ੈਸਲੇ ਸੁਣਾਉਂਦੇ ਅਤੇ ਹੁਕਮ-ਨਾਮੇ ਜਾਰੀ ਕਰਦੇ ਸਨ। ਦੁਖੀਆਂ ਦੀ ਫ਼ਰਿਆਦ ਸੁਣ ਕੇ ਉਹਨਾਂ ਦੇ ਦੁੱਖ ਦੂਰ ਕਰਦੇ, ਦੋਸ਼ੀਆਂ ਨੂੰ ਯੋਗ ਦੰਡ ਦੇਂਦੇ ਤੇ ਹਰ ਇਕ ਨਾਲ ਪੂਰਾ ਨਿਆਉਂ ਕਰਦੇ ਸਨ। ਸੋਹਣੇ ਸ਼ਸਤ੍ਰ ਘੋੜੇ ਤੇ ਜੰਗੀ ਸਾਮਾਨ ਦੀ ਭੇਟਾ ਅੰਗੀਕਾਰ ਕਰਦੇ, ਅਬਦੁਲ ਨੱਥੇ ਢਾਡੀਆਂ ਪਾਸੋਂ ਬੀਰ ਰਸੀ ਵਾਰਾਂ ਸਿੱਖਾਂ ਨੂੰ ਸੁਣਵਾ ਕੇ ਕੌਮ ਵਿਚ ਬੀਰ ਰਸ ਭਰਦੇ ਤੇ ਆਉਣ ਵਾਲੇ ਸਮੇਂ ਵਿਚ ਹੋਣ ਵਾਲੇ ਜੰਗਾਂ ਲਈ ਫ਼ੌਜੀ ਸਿਖਲਾਈ ਹਿਤ ਨਵੇਂ ਨੌਜਵਾਨ ਭਰਤੀ ਕਰਦੇ ਸਨ।

www.sikhbookclub.com



੧੬੭੬ ਬਿ: ਵਿਚ ਤਖਤ ਸਾਹਿਬ ਦੇ ਪਿਛਲੇ ਪਾਸੇ ਬਾਹਰ-ਵਾਰ ਇਕ ਖੂਹ ਲਗਵਾਇਆ ਜਿਸ ਦਾ ਨਾਮ ਅਕਾਲ ਸਰ ਰੱਖਿਆ। ਇਸੇ ਖੂਹ ਦੇ ਜਲ ਨਾਲ ਤਖਤ ਸਾਹਿਬ ਦਾ ਇਸ਼ਨਾਨ ਕਰਵਾਇਆ ਜਾਂਦਾ ਰਿਹਾ ਹੈ। ਇਸੇ ਹੀ ਸਾਲ ਬਾਗ ਅਕਾਲੀਆਂ ਲਗਵਾਇਆ ਜੋ ਹੁਣ ਤਕ ਹੈ।

ਸਤਿਗੁਰਾਂ ਦੇ ਬੈਠਣ ਵਾਲੀ ਅਸਲ ਜਗ੍ਹਾ ਉਹ ਹੈ ਜਿੱਥੇ ਸੁਨਹਿਰੀ ਬੰਗਲੇ ਵਿਚ ਇਤਿਹਾਸਕ ਸ਼ਸਤ੍ਰ ਸਜਾਏ ਜਾਂਦੇ ਹਨ। ਇਹ ਬੰਗਲਾ ਵੀ ਮਹਾਰਾਜਾ ਰਣਜੀਤ ਸਿੰਘ ਨੇ ਬਣਵਾਇਆ ਤੇ ਸੁਨਹਿਰੀ ਕਰਵਾਇਆ ਸੀ। ਇਸ ਦੇ ਨੇੜੇ ਹੀ ਅੰਦਰ-ਵਾਰ ਥੜ੍ਹੇ ਉੱਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ।

ਤਖਤ ਸਾਹਿਬ ਦੇ ਅਗਲੇ ਸੰਗਮਰਮਰ ਦੇ ਥੰਮ ਤੋਂ ਅੱਗੇ ਜੋ ਹਿੱਸਾ ਸੰਗਮਰਮਰੀ ਜਾਲੀ ਤਕ ਵਧਿਆ ਹੋਇਆ ਸੀ। ਪਹਿਲਾਂ ਇਹ ਇੱਟਾਂ ਤੇ ਚੂਨੇ ਦਾ ਬਣਿਆ ਹੋਇਆ ਸੀ। ਤਵਾਰਖੀ ਅੰਮ੍ਰਿਤਸਰ (ਪੰਜਾਬੀ) ਕ੍ਰਿਤ ਗਿਆਨੀ ਗਿਆਨ ਸਿੰਘ ਦੇ ਪੰਨਾ ੬੬ ਦੀ ਲਿਖਤ ਅਨੁਸਾਰ ਸੰਮਤ ੧੯੨੬ ਬਿ: ਨੂੰ ਜ਼ਿਲ੍ਹਾ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਮਿ: ਕਪੂਰ ਸਾਹਿਬ ਨੇ ਸੰਗਮਰਮਰ ਦੀ ਚੌਕੀ (ਜੋ ਰਾਮ ਬਾਗ ਵਿਚ ਲੱਗੀ ਹੋਈ ਸੀ ਤੇ ਜਿਸ ਉੱਪਰ ਬੈਠ ਕੇ ਮਹਾਰਾਜਾ ਰਣਜੀਤ ਸਿੰਘ ਕਚਹਿਰੀ ਕਰਦੇ ਹੁੰਦੇ ਸਨ) ਰਾਮ ਬਾਗ ਤੋਂ ਉਖਾੜ ਕੇ ਇਥੇ ਲਿਆ ਕੇ ਜੜ ਦਿੱਤੀ ਜਿਸ ਉੱਪਰ ਸੁਬ੍ਹਾ ਦੇ ਦੀਵਾਨ ਸਮੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। ਅਕਾਲੀ ਲਹਿਰ ਦੇ ਪ੍ਰਬੰਧ ਅਧੀਨ ਤੇ ਪਹਿਲਾ ਇਸੇ ਥਾਂ ਬੈਠ ਕੇ ਪੰਜ ਪਿਆਰੇ ਅੰਮ੍ਰਿਤ ਤਿਆਰ ਕਰਕੇ ਪ੍ਰੇਮੀਆਂ ਨੂੰ ਛਕਾਉਂਦੇ ਹੁੰਦੇ ਸਨ। ਸ੍ਰੀ ਅਕਾਲ ਤਖਤ ਸਾਹਿਬ ਦੀ ਪ੍ਰਕਰਮਾ ਅੰਮ੍ਰਿਤਧਾਰੀ ਤਿਆਰ-ਬਰ-ਤਿਆਰ ਸਿੰਘ ਸਿੰਘਣੀਆਂ ਹੀ ਕਰ ਸਕਦੇ ਹਨ।

ਸ੍ਰੀ ਅਕਾਲ ਤਖਤ ਸਾਹਿਬ ਦੇ ਅੱਗੇ ਹੇਠਾਂ ਦੱਖਣ ਦਿਸ਼ਾ ਵੱਲ ਇਕ ਇਮਲੀ ਦਾ ਦਰੱਖਤ ਸੀ ਜਿਸ ਨਾਲ ਬੰਨ੍ਹ ਕੇ ਕੋਰੜੇ ਮਾਰਨ ਦੀ ਸਜ਼ਾ ਮਹਾਰਾਜਾ ਰਣਜੀਤ ਸਿੰਘ ਨੂੰ ਅਕਾਲੀ ਫੂਲਾ ਸਿੰਘ ਨੇ ਲਾਈ ਸੀ। ਉਹ ਇਮਲੀ ਦੇ ਹੇਠ ਸੰਗਮਰਮਰੀ ਹੌਜ਼ ਵਿਚ ਇਕ ਫੁਹਾਰਾ ਲੱਗਾ ਹੁੰਦਾ ਸੀ ਜਿਸ ਵਿਚ ਅਕਾਲ ਸਰ ਖੂਹ ਦਾ ਪਾਣੀ ਪੈਂਦਾ ਸੀ।

ਇਹ ਫੁਹਾਰਾ ਪੇਚਦਾਰ ਬਣਿਆ ਹੋਇਆ ਸੀ। ਗੁਰਪੁਰਬਾਂ ਦੇ ਦਿਨਾਂ ਵਿਚ ਫੁਹਾਰੇ ਵਿਚ ਗੁਲਾਬ ਆਦਿਕਾਂ ਦਾ ਅਰਕ ਪਾ ਕੇ ਜਲ ਨੂੰ ਸੁਗੰਧਿਤ ਕਰ ਦਿੱਤਾ ਜਾਂਦਾ ਸੀ। ਪਰ ਅੱਜ ਕੱਲ ਹੁਣ ਸਮੇਂ 'ਤੇ ਫੁਹਾਰਾ ਨਹੀਂ ਹੈ। ੧੯੮੪ ਈ: ਜੂਨ ਦੇ ਨੀਲਾ ਤਾਰਾ ਘੱਲੂਘਾਰੇ ਸਮੇ ਟੈਂਕਾਂ ਦੇ ਗੋਲਿਆਂ ਦੇ ਵੱਜਣ ਨਾਲ ਤੇ ਗੈਸਾਂ ਆਦਿ ਦੇ ਸੇਕ ਨਾਲ ਇਮਲੀ ਦਾ ਦਰਖੱਤ ਸੁੱਕ ਗਿਆ ਜਿਸ ਨੂੰ ਬਾਅਦ ਵਿਚ ਉਖਾੜ ਦਿੱਤਾ ਗਿਆ ਕਿਉਂਕਿ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਮਾਹਿਰਾਂ ਨੇ ਰਾਏ ਦਿੱਤੀ ਸੀ ਕਿ ਹੁਣ ਇਹ ਦਰੱਖਤ ਹਰਾ ਨਹੀ ਹੋ ਸਕਦਾ।

ਸ੍ਰੀ ਅਕਾਲ ਤਖਤ ਸਾਹਿਬ ਦੀ ਭੋਰੇ ਸਮੇਤ ਪੰਜ ਮੰਜ਼ਲੀ ਇਮਾਰਤ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਮੁਕੰਮਲ ਹੋਈ। ਅੰਗਰੇਜ਼ੀ ਰਾਜ ਸਮੇ ਇਹ ਆਪਣੇ ਸਹੀ ਰੂਪ ਵਿਚ ਕਾਇਮ ਰਹੀ। ਪੰਥਕ ਪ੍ਰਬੰਧ ਆ ਜਾਣ ਤੇ ਇਸ ਦੀ ਯੋਗ ਮੁਰੰਮਤ ਤੇ ਇਲਾਵਾ ਕੁਝ ਬਾਵਾਂ 'ਤੇ ਨਕਾਸ਼ੀ,

www.sikhbookclub.com



ਮੂਹਰਾਕਸੀ, ਗੱਚ ਦੀ ਮੁਨੱਵਤ, ਟੁਕੜੀ ਤੇ ਸ਼ੀਸ਼ੇ ਦੀ ਮਨੱਵਤ ਆਦਿ ਸੁੰਦਰ ਕਲਾ ਦਾ ਕੀਮਤੀ ਕੰਮ ਵੀ ਕਰਾਇਆ ਗਿਆ ਸੀ। ਜਿਵੇਂ ਕਿ ਤਖ਼ਤ ਸਾਹਿਬ ਦੀ ਸਾਹਮਣੀ ਵੱਡੀ ਡਾਟ ਦੇ ਅੰਦਰ-ਵਾਰ ਤੇ ਬਾਹਰ ਵਾਰ ਉਪਰਲੇ ਹਿੱਸੇ ਵਿਚ, ਡਾਟ ਤੋਂ ਅੱਗੇ ਨੂੰ ਵਧੇ ਹੋਏ ਵਧਾਅ ਦੀ ਛੱਤ ਤੇ ਹੇਠ ਵਾਰ ਦੋਹੀ ਪਾਸੀ ਅਤੇ ਕੋਠਾ ਸਾਹਿਬ ਦੀ ਅੰਦਰੋ ਛੱਤ ਤੇ ਬੂਹੇ ਤੋਂ ਉੱਪਰ ਕੰਧਾਂ 'ਤੇ, ਕੋਠਾ ਸਾਹਿਬ ਦੇ ਅਗਲੇ ਬਰਾਂਡੇ ਦੀਆਂ ਦਰਵਾਜ਼ੇ ਤੋਂ ਉਪਰਲੇ ਹਿੱਸੇ ਦੀਆਂ ਚੋਹਾਂ ਕੰਧਾਂ ਤੇ ਸ੍ਰੀ ਹਰਿਮੰਦਰ ਸਾਹਿਬ ਵਾਂਗ ਸੁੰਦਰ ਚਿੱਤ੍ਰਕਾਰੀ ਤੇ ਜੜਤ-ਕਾਰੀ ਕੀਤੀ ਗਈ ਸੀ। ਤਖ਼ਤ ਸਾਹਿਬ ਦੇ ਹਾਲ ਦੀ ਉੱਤਰ-ਦਿਸ਼ਾ ਦੀ ਦੂਜੀ ਮੰਜ਼ਲ ਵਿਚ ਕੰਧਾਂ ਉੱਪਰ ਕੁਝ ਚਿੱਤਰ ਬਣੇ ਹੋਏ ਸਨ। ਸ਼ਸਤ੍ਰ ਰੱਖਣ ਵਾਲੀ ਅਲਮਾਰੀ ਵੀ ਸਾਗਵਾਨ ਦੀ ਵਧੀਆ ਲੱਕੜ ਦੀ ਕਾਫ਼ੀ ਲਾਗਤ ਤੇ ਰੀਝ ਨਾਲ ਸੁੰਦਰ ਬਣਾਈ ਹੋਈ ਸੀ। ਤਖ਼ਤ ਸਾਹਿਬ ਅਤੇ ਉਸ ਦੇ ਇਰਦ-ਗਿਰਦ ਤੇ ਕੋਠਾ ਸਾਹਿਬ ਦੇ ਅੰਦਰ ਫ਼ਰਸ਼ ਤੇ ਕੰਧਾਂ ਉੱਪਰ ਸੰਗਮਰਮਰ ਲਾਇਆ ਗਿਆ ਸੀ। ਸਾਰੀਆਂ ਮੰਜ਼ਲਾਂ ਦੇ ਨਵੇਂ ਪਲੱਸਤਰ ਤੇ ਰੰਗ ਰੋਗਨ ਕੀਤੇ ਗਏ ਸਨ।

ਸ਼ਸਤ੍ਰਾਂ ਵਾਲਾ ਸੁਨਹਿਰੀ ਬੰਗਲਾ ਪਹਿਲਾ ਪੁਰਾਣੀਆਂ ਛੋਟੀਆਂ ਇੱਟਾਂ ਤੇ ਚੂਨੇ ਨਾਲ ਬਣਿਆ ਹੋਇਆ ਸੀ। ੧੯੬੨ ਈ: ਦੇ ਮਾਰਚ ਦੇ ਅੰਤਲੇ ਦਿਨਾਂ ਵਿਚ ਜਦ ਦਾਸ ਨੇ ਸ੍ਰੀ ਅਕਾਲ ਤਖ਼ਤ ਦੇ ਜੱਥੇਦਾਰ ਦੀ ਸੇਵਾ ਸੰਭਾਲੀ ਤਾਂ ਇਸ ਦੇ ਸੁਨਹਿਰੀ ਪੱਤਰੇ ਉਤਾਰ ਕੇ ਉਨ੍ਹਾਂ ਉੱਪਰ ਨਵਾਂ ਸੋਨਾ ਚੜ੍ਹਾਉਣ ਦਾ ਪ੍ਰੋਗਰਾਮ ਬਣਾਇਆ। ਜਦ ਪੁਰਾਣੇ ਪੱਤਰੇ ਉਤਾਰੇ ਤਾਂ ਵਿਚੋਂ ਪੁਰਾਣੀਆਂ ਇੱਟਾਂ ਤੇ ਚੂਨਾ ਝੜਨ ਲੱਗ ਪਿਆ। ਜਿਸ ਕਰਕੇ ਇਹ ਸਲਾਹ ਬਣੀ ਕਿ ਇਸ ਦੀ ਥਾਂ ਬਜਰੀ, ਸੀਮਿੰਟ ਤੇ ਰੇਤ ਰਲਾ ਕੇ ਨਵਾਂ ਪੁਖ਼ਤਾ ਬੰਗਲਾ ਬਣਾਇਆ ਜਾਏ ਪਰ ਪੱਤਰੇ ਚੜ੍ਹਾਉਣ ਵਾਲੇ ਸੱਜਣਾਂ ਨੇ ਸਲਾਹ ਦਿੱਤੀ ਕਿ ਪੱਤਰੇ ਚੜ੍ਹਾਉਣ ਸਮੇਂ ਜੋ ਮੇਖਾਂ ਗੱਡੀ ਦੀਆਂ ਹਨ, ਉਹ ਬਜਰੀ ਸੀਮਿੰਟ ਵਿਚ ਠੁੱਕ ਨਹੀਂ ਸਕਣਗੀਆਂ। ਇਸ ਲਈ ਇਹ ਰਾਇ ਬਣੀ ਕਿ ਸਾਗਵਾਨ ਦੀ ਵਧੀਆ ਲੱਕੜ ਲੈ ਕੇ ਪਹਿਲੇ ਬਣੇ ਬੰਗਲੇ ਦੇ ਸਾਈਜ਼ ਦਾ ਬੰਗਲਾ ਬਣਾ ਕੇ ਉਸੇ ਥਾਂ 'ਤੇ ਜੜਿਆ ਜਾਵੇ ਤੇ ਉੱਪਰ ਪੁਰਾਣੇ ਤਾਂਬੇ ਦੇ ਪੱਤਰਿਆਂ 'ਤੇ ਸੋਨਾ ਚੜ੍ਹਾ ਦਿੱਤਾ ਜਾਵੇ। ਇਹ ਸਾਰੀ ਸੇਵਾ ਸੰਤ ਬਾਬਾ ਕਰਤਾਰ ਸਿੰਘ ਜੀ ਪਟਨੇ ਸਾਹਿਬ ਵਾਲਿਆਂ ਨੂੰ ਸੌਂਪੀ ਗਈ, ਸੰਤਾਂ ਨੇ ਪੂਰੀ ਤਨ-ਦੇਹੀ, ਲਗਨ, ਸ਼ਰਧਾ ਤੇ ਪਿਆਰ ਸਹਿਤ ਇਹ ਸੇਵਾ ਕਰਵਾਈ। ਲੱਕੜ, ਮਿਹਨਤ ਮਜ਼ਦੂਰੀ ਤੋਂ ਇਲਾਵਾ ਸਿਰਫ਼ ਸੋਨਾ ਚੜ੍ਹਾਉਣ 'ਤੇ ਚਾਰ ਲੱਖ ਖਰਚ ਆਇਆ। ਸੰਤ ਜੀ ਨੇ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਤੇ ਬਾਹਰ ਅਤੇ ਦਰਸ਼ਨੀ ਡਿਉਢੀ ਦੇ ਅੰਦਰ ਵੀ ਸੋਨਾ ਚੜ੍ਹਾਉਣ ਦੀ ਸੇਵਾ ਕਰਵਾਈ ਸੀ।

੪ ਤੇ ੬ ਜੂਨ ੧੯੮੪ ਈ: ਦੇ ਘੱਲੂਘਾਰੇ ਸਮੇਂ ਭਾਰਤੀ ਫੌਜ ਦੇ ਟੈਂਕਾਂ ਦੇ ਗੋਲਿਆਂ ਦੇ ਵੱਜਣ ਨਾਲ ਗੁੰਬਦ ਵਿਚ ਦੋ ਮਘੋਰੇ ਹੋ ਗਏ। ਵੱਡੇ ਗੁੰਬਦ ਦੇ ਇਕ ਨੁੱਕਰ 'ਤੇ ਬਣੀ ਸੁਨਹਿਰੀ ਗੁੰਬਦ ਵਾਲੀ ਬੁਰਜੀ ਉਡ ਗਈ। ਤਿੰਨ ਮੰਜ਼ਲਾਂ ਦੇ ਅਗਲੇ ਹਿੱਸੇ ਦਾ ਭਾਰੀ ਨੁਕਸਾਨ ਹੋਇਆ। ਤਖ਼ਤ ਸਾਹਿਬ ਉਪਰਲਾ ਸ਼ਸਤ੍ਰਾਂ ਵਾਲਾ ਸੁਨਹਿਰੀ ਬੰਗਲਾ ਵੀ ਉਡ ਗਿਆ। ਸਾਹਮਣੇ ਵਾਲੇ

www.sikhbookclub.com



ਸੰਗਮਰਮਰੀ ਥੰਮ੍ਹ ਡਿੱਗ ਪਏ। ਉਪਰਲੀਆ ਦੋਹਾ ਮੰਜਲਾ ਦੀਆ ਬਾਰੀਆ ਟੁੱਟ-ਭੱਜ ਗਈਆਂ। ਭਾਵ ਇਹ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦਾ ਬਹੁਤ ਭਾਰੀ ਨੁਕਸਾਨ ਹੋਇਆ। ਬਾਅਦ ਵਿਚ ਕੇਂਦਰ ਸਰਕਾਰ ਨੇ ਆਪਣੇ ਰਾਜ ਮਜਦੂਰ ਲਾ ਕੇ ਡਿੱਗੇ-ਢੱਠੇ ਹਿੱਸੇ ਦੀ ਮੁਰੰਮਤ ਕਰਵਾਈ ਪਰ ਪੰਥਕ ਹਲਕਿਆ ਨੇ ਉਸ ਨੂੰ ਪ੍ਰਵਾਨ ਨਾ ਕੀਤਾ। ਪੰਜ ਸਿੰਘ ਸਾਹਿਬਾਨ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਂਝੇ ਪੰਥਕ ਫੈਸਲੇ ਅਨੁਸਾਰ ਪੁਰਾਣੀ ਇਮਾਰਤ ਢਾਹ ਕੇ ਨਵੀ ਇਮਾਰਤ ਉਸਾਰਨ ਦਾ ਫੈਸਲਾ ਕੀਤਾ ਗਿਆ।

ਭੋਰੇ ਸਮੇਤ ਸਾਰੀ ਇਮਾਰਤ ਢਾਹ ਦਿੱਤੀ ਗਈ। ਕਾਰ ਸੇਵਾ ਵਾਲੇ ਪੰਜ ਸੰਤਾ ਨੂੰ ਇਹ ਸੇਵਾ ਸਉਂਪੀ ਗਈ। ਅਸਲ ਥੜ੍ਹਾ ਜਿਸ ਦੀ ਪਹਿਲੀ ਇੱਟ ਅਰਦਾਸ ਉਪਰੰਤ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਕਰ ਕੰਵਲਾ ਨਾਲ ਰੱਖੀ ਸੀ ਤੇ ਕਿਸੇ ਰਾਜ ਨੇ ਹੱਥ ਨਹੀ ਸੀ ਲਗਾਇਆ ਸਿਰਫ ਬਾਬਾ ਬੁੱਢਾ ਜੀ ਤੇ ਭਾ: ਗੁਰਦਾਸ ਜੀ ਨੇ ਬਣਾਇਆ ਸੀ ਅਤੇ ਜਿਸ ਇਤਿਹਾਸਕ ਥੜ੍ਹੇ ਦਾ ਨਾਮ ਸਤਿਗੁਰਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਰਖਿਆ ਸੀ। ਇਹ ਥੜ੍ਹਾ ਨੀਹਾ ਤੋ ਉੱਪਰ ਤਕ ਠੋਸ ਤੇ ਬੜਾ ਹੀ ਪ੍ਰਖਤਾ ਸੀ। ਇਸ ਨੂੰ ਵੀ ਢਾਹੁਣ ਲੱਗੇ ਸਨ. ਪੰਜ ਸਿੰਘ ਸਾਹਿਬਾਨ ਅਤੇ ਹੋਰ ਪੰਥਕ ਮੁਖੀਆਂ ਦੇ ਜ਼ੋਰ ਦੇਣ 'ਤੇ ਇਹ ਥੜ੍ਹਾ ਗੁਰੂ ਜੀ ਦੇ ਹੱਥਾ ਦੀ ਅਮਰ ਯਾਦਗਾਰ ਹੈ। ਇਸ ਨੂੰ ਕਾਇਮ ਰੱਖਣਾ ਚਾਹੀਦਾ ਹੈ। ਇਸ ਤਰ੍ਹਾਂ ਇਹ ਇਤਿਹਾਸਕ ਥੜ੍ਹਾ ਬਚਾ ਲਿਆ ਗਿਆ।

ਨਵੀ ਇਮਾਰਤ ਪਹਿਲੀ ਇਮਾਰਤ ਨਾਲੋਂ ਵਧਾ ਦਿੱਤੀ ਗਈ ਹੈ। ਪਹਿਲੀ ਇਮਾਰਤ ਸਾਹਮਣੇਓਂ ੫੧ ਫੁੱਟ ੩ ਇੰਚ ਸੀ। ਪਰ ਹੁਣ ੭੭ ਫੁੱਟ ਕਰ ਦਿੱਤੀ ਹੈ। ਚੌੜਾਈ ੪੧ ਫੁੱਟ ੩ ਇੰਚ ਸੀ ਜੋ ਹੁਣ ੫੪ ਫੁੱਟ ਕਰ ਦਿੱਤੀ ਹੈ। ਬਾਕੀ ਉਸਾਰੀ ਪ੍ਰਕਰਮਾ ਦੇ ਫਰਸ਼ ਤੋਂ ਸੁਨਹਿਰੀ ਗੁੰਬਦ ਦੇ ਉਪਰਲੇ ਸਿਰੇ ਤਕ ੮੫ ਫੁੱਟ ੩ ਇੰਚ ਉਚਾਈ ਵਿਚ ਹੈ। ਭੋਰੇ ਸਮੇਤ ਸਾਰੀਆ ਮੰਜਲਾਂ ਦੀਆ ਛੱਤਾ ਪਹਿਲਾਂ ਨਾਲੋਂ ਉੱਚੀਆਂ ਹੋ ਗਈਆ ਹਨ। ਕੋਠਾ ਸਾਹਿਬ ਸਮੇਤ ਕਮਰਿਆ ਦੇ ਆਕਾਰ ਵੀ ਵੱਧ ਗਏ ਹਨ। ਪੌੜੀਆਂ ਅੱਗੇ ਅੰਦਰ-ਵਾਰੋਂ ਪਾਸਿਓਂ ਚੜ੍ਹਦੀਆਂ ਸਨ। ਹੁਣ ਦੋ ਪਾਸਿਆਂ ਤੇ ਪੌੜੀਆਂ ਚੜ੍ਹਾ ਦਿੱਤੀਆਂ ਗਈਆਂ ਹਨ। ਅਕਾਲਸਰ ਖੂਹ ਪਹਿਲਾ ਇਮਾਰਤ ਦੇ ਬਾਹਰ-ਵਾਰ ਸੀ ਹੁਣ ਅੰਦਰਵਾਰ ਕਰ ਦਿੱਤਾ ਗਿਆ ਹੈ. ਗੁਬੰਦ ਉੱਪਰ ਸੋਨਾ ਚੜ੍ਹਾ ਦਿੱਤਾ ਗਿਆ ਹੈ। ਉਸਾਰੀ ਲਗਪਗ ਸੰਪੂਰਨ ਹੋ ਗਈ ਹੈ।

ਨੋਟ:-ਜੂਨ ੧੯੮੪ ਈ: ਦੇ ਘੱਲੂਘਾਰੇ ਸਮੇਂ ਭਾਰਤੀ ਫੌਜ ਦੇ ਟੈਂਕਾ ਦੇ ਗੋਲੇ ਵੱਜਣ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਨੂੰ ਬਹੁਤ ਭਾਰੀ ਨੁਕਸਾਨ ਪੁੱਜਾ ਸੀ। ਪੰਜ ਸਿੰਘ ਸਾਹਿਬਾਨ ਅਤੇ ਪੰਥਕ ਫੈਸਲੇ ਅਨੁਸਾਰ ਪਹਿਲੀ ਇਮਾਰਤ ਢਾਹ ਕੇ ਨਵੀ ਇਮਾਰਤ ਬਣਾਈ ਗਈ। ਇਸ ਲਈ ਜੂਨ ੮੪ ਤੋ ਅਪ੍ਰੈਲ ੯੭ ਤਕ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਧਾਰਮਿਕ ਮਰਯਾਦਾ ਸਿਰੋਪਿਆਂ ਝੰਡਾ ਬੁੰਗਾ ਦੀ ਪਹਿਲੀ ਮੰਜਲ ਦੇ ਸੱਜੇ ਖੱਬੇ ਕਮਰਿਆ ਵਿਚ ਨਿਭਾਈ ਜਾਂਦੀ ਰਹੀ ਅਤੇ ਅਪ੍ਰੈਲ, ੧੯੯੭ ਈ. ਦੀ ਵਿਸਾਖੀ ਤੋ ਮੁੜ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਰੋਜ਼ਾਨਾ ਦੀ ਧਾਰਮਿਕ ਮਰਯਾਦਾ ਬਹਾਲ ਹੋ ਗਈ ਹੈ।

www.sikhbookclub.com



# ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅੱਠ ਪਹਿਰੀ ਮਰਯਾਦਾ

## *ਕਿਵਾੜ ਖੁਲ੍ਹਣੇ :*

ਸ੍ਰੀ ਹਰਿਮੰਦਰ ਸਾਹਿਬ ਦੇ ਸੁਬ੍ਹਾ ਕਿਵਾੜ ਖੁੱਲਣ ਤੋਂ ਇਕ ਘੰਟਾ ਬਾਦ ਅਕਾਲ ਤਖ਼ਤ ਸਾਹਿਬ ਦੇ ਕਿਵਾੜ ਖੁੱਲ੍ਹ ਜਾਂਦੇ ਹਨ। ਇਹ ਸਮਾਂ ਮੌਸਮ ਅਨੁਸਾਰ ਬਦਲਦਾ ਰਹਿੰਦਾ ਹੈ। ਜਿਵੇਂ ਕਿ ਜੇਠ ਹਾੜ ਦੇ ਦੋ ਮਹੀਨੇ ਤਿੰਨ ਵਜੇ, ਵਿਸਾਖ ਤੇ ਸਾਵਣ ਦੇ ਦੋ ਮਹੀਨੇ ਸਵਾ ਦੋ ਵਜੇ, ਚੇਤਰ ਤੇ ਭਾਦਰੋਂ ਦੇ ਦੋ ਮਹੀਨੇ ਢਾਈ ਵਜੇ, ਅੱਸੂ ਤੇ ਫੱਗਣ ਦੇ ਦੋ ਮਹੀਨੇ ਪੌਣੇ ਤਿੰਨ ਵਜੇ ਅਤੇ ਕੱਤਕ, ਮੱਘਰ, ਪੋਹ ਤੇ ਮਾਘ ਦੇ ਚਾਰ ਮਹੀਨੇ ਤਿੰਨ ਵਜੇ ਕਿਵਾੜ ਖੁੱਲ੍ਹਦੇ ਹਨ। ਤਖ਼ਤ ਸਾਹਿਬ ਦੇ ਅੰਦਰਵਾਰ ਤੇ ਬਾਹਰਵਾਰ ਦੋਹਾਂ ਥਾਵਾਂ ਉੱਪਰ ਗਲੀਚੇ, ਦਰੀਆਂ ਤੇ ਚਾਦਰਾਂ ਆਦਿ ਦੀ ਵਿਛਾਈ ਕਰ ਦਿੱਤੀ ਜਾਂਦੀ ਹੈ। ਦੋਹਾਂ ਥਾਵਾਂ ਉੱਪਰ ਪ੍ਰਕਾਸ਼ ਅਸਥਾਨਾਂ ਤੇ ਮੰਜੀ ਸਾਹਿਬਾਂ ਉੱਪਰ ਗੱਦੇ ਰੁਮਾਲ ਤੇ ਸਰਹਾਣੇ ਆਦਿ ਸਜਾ ਦਿੱਤੇ ਜਾਂਦੇ ਹਨ।

ਕਿਵਾੜ ਖੁੱਲ੍ਹਣ ਤੋਂ ਇਕ ਘੰਟਾ ਬਾਅਦ ਤਖ਼ਤ ਸਾਹਿਬ ਦੇ ਉੱਪਰ ਨਗਾਰੇ 'ਤੇ ਨਗਾਰਚੀ ਚੋਟ ਲਾਉਂਦਾ ਹੈ। ਤਖ਼ਤ ਸਾਹਿਬ ਦੇ ਸਾਹਮਣੇ ਹੇਠ ਹਜ਼ੂਰੀ ਵਿਚ ਬੈਠੀ ਸੰਗਤ ਜਿਸ ਨੇ ਰਲ ਕੇ ਜੋਟੀਆਂ ਨਾਲ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰ ਲਿਆ ਹੁੰਦਾ ਹੈ, ਨਗਾਰੇ ਦੀ ਚੋਟ ਸੁਣ ਕੇ ਸਾਵਧਾਨ ਹੋ ਜਾਂਦੀ ਹੈ। ਨਗਾਰਾ ਵੱਜਣ ਤੋਂ ਕੁਝ ਮਿੰਟ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਗ੍ਰੰਥੀ ਜਾਂ ਹੈੱਡ ਗ੍ਰੰਥੀ ਸਾਹਿਬ ਕੋਠਾ ਸਾਹਿਬ ਅੰਦਰ ਜਾ ਕੇ ਪਲੰਘ ਉੱਪਰ ਬਿਰਾਜਮਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਉੱਪਰ ਪਿਆਰ ਸਤਿਕਾਰ ਸਹਿਤ ਚੌਰ ਕਰਦਾ ਹੋਇਆ ਕੁਝ ਪ੍ਰਕਰਮਾ ਕਰਦਾ ਹੈ। ਨਗਾਰੇ ਦੀ ਆਵਾਜ਼ ਨਾਲ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਜਾਂ ਮੁਖ ਗ੍ਰੰਥੀ (ਜਿਨ੍ਹਾਂ ਦੀ ਡਿਊਟੀ ਹੁੰਦੀ ਹੈ) ਕੋਠਾ ਸਾਹਿਬ ਦੇ ਅੰਦਰ ਦਾਖਲ ਹੁੰਦੇ ਹਨ।

ਤਖ਼ਤ ਸਾਹਿਬ ਦੇ ਗ੍ਰੰਥੀ ਜਾਂ ਮੁੱਖ ਗ੍ਰੰਥੀ ਪਾਸੋਂ ਚੌਰ ਪਕੜ ਕੇ ਚੌਰ ਕਰਦਿਆਂ ਹੋਇਆਂ ਪਲੰਘ ਸਾਹਿਬ ਦੀਆਂ ਕੁਝ ਪ੍ਰਕਰਮਾਂ ਕਰਦਾ ਹੈ ਤੇ ਚੌਰ ਵਾਪਸ ਪਕੜਾ ਕੇ ਗੁਰੂ ਸਾਹਿਬ ਜੀ ਦੀ ਸਵਾਰੀ ਹਰਿਮੰਦਰ ਸਾਹਿਬ ਵੱਲ ਚਲਣ ਦੀ ਸੰਖੇਪ ਜੇਹੀ ਅਰਦਾਸ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਆਪਣੇ ਸੀਸ ਉਪਰ ਸਜਾਉਣ ਹਿਤ ਇਕ ਪਾਸੇ ਹੱਥ ਪਾਉਂਦੇ ਹਨ। ਤਖ਼ਤ ਸਾਹਿਬ ਦੇ ਗ੍ਰੰਥੀ ਸਾਹਿਬ ਚੌਰ ਪਲੰਘ ਉਪਰ ਰਖ ਕੇ ਗੁਰੂ ਸਾਹਿਬ ਦੇ ਸਰੂਪ ਨੂੰ ਹੱਥ ਪਾ ਕੇ

www.sikhbookclub.com



ਸਤਿਕਾਰ ਸਹਿਤ ਸਿੰਘ ਸਾਹਿਬ ਦੇ ਸੀਸ ਉਪਰ ਰਖਾਉਂਦੇ ਹਨ ਤੇ ਚੌਰ ਸ੍ਰੀ ਹਰਿਮੰਦਰ ਸਾਹਿਬ ਦੇ ਡਿਊਟੀ ਵਾਲੇ ਚੌਰ ਬਰਦਾਰ ਨੂੰ ਪਕੜਵਾ ਦੇਂਦੇ ਹਨ ਤੇ ਆਪ ਹੇਠ ਪਾਲਕੀ ਸਾਹਿਬ ਤਕ ਨਾਲ ਜਾਂਦੇ ਹਨ। ਚਾਂਦੀ ਦੀਆਂ ਚੋਬਾਂ ਪਕੜ ਕੇ ਦੋ ਚੋਬਦਾਰ ਸਿੰਘ ਸਾਹਿਬ ਦੇ ਅੱਗੇ ਅੱਗੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਹਿਤ ਚਲਦੇ ਹਨ। ਦਰਸ਼ਨੀ ਡਿਉਢੀ ਵਿਚ ਪਾਲਕੀ ਦੇ ਦਾਖਲ ਹੋਣ 'ਤੇ ਨਗਾਰਾ ਵਜਦਾ ਰਹਿੰਦਾ ਹੈ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼—

ਤਖਤ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਦੇ ਚਲੇ ਜਾਣ ਤੋਂ ਬਾਅਦ ਤਖਤ ਸਾਹਿਬ ਦੇ ਅੰਦਰਵਾਰ ਤੇ ਬਾਹਰਵਾਰ ਦੋਹਾਂ ਥਾਵਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦੋ ਸਰੂਪਾਂ ਦਾ ਸਤਿਕਾਰ ਸਹਿਤ ਪ੍ਰਕਾਸ਼ ਕਰ ਦਿੱਤਾ ਜਾਂਦਾ ਹੈ। ਜੇ ਅੰਦਰਵਾਰ ਅਖੰਡ ਪਾਠ ਚਲ ਰਿਹਾ ਹੋਵੇ ਤਾਂ ਫਿਰ ਸਿਰਫ ਬਾਹਰਵਾਰ ਹੀ ਪ੍ਰਕਾਸ਼ ਕੀਤਾ ਜਾਂਦਾ ਹੈ। ਉਪਰੰਤ ਮੁੱਖ ਗ੍ਰੰਥੀ ਸਾਹਿਬ ਸੰਗਤਾਂ ਨੂੰ ਮਹਾਂਵਾਕ ਸੁਣਨ ਕਰਾਉਂਦਾ ਹੈ। ਫਿਰ ਇਤਿਹਾਸਕ ਸ਼ਸਤ੍ਰਾਂ ਦੇ ਸੰਗਤਾਂ ਨੂੰ ਦਰਸ਼ਨ ਕਰਵਾ ਕੇ ਤਖਤ ਸਾਹਿਬ ਉਪਰ ਬਣੇ ਸੁਨਹਿਰੀ ਬੰਗਲੇ ਵਿਚ ਸਜਾ ਦਿੱਤੇ ਜਾਂਦੇ ਹਨ। ਜਿਥੇ ਬਾਹਰੋਂ ਦਰਸ਼ਨ ਕਰਨ ਆਈਆਂ ਸੰਗਤਾਂ ਸ਼ੀਸ਼ਿਆਂ ਰਾਹੀ ਸ਼ਸਤਰਾਂ ਦੇ ਦਰਸ਼ਨ ਕਰ ਲੈਂਦੀਆਂ ਹਨ। ਤਖਤ ਸਾਹਿਬ ਦੇ ਹਜ਼ੂਰ ਜੁੜੀ ਸੰਗਤ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਣ ਵਾਲੇ ਪਹਿਲੇ ਮਹਾਂਵਾਕ ਨੂੰ ਸੁਣਨ ਲਈ ਅੰਦਰ ਪਹੁੰਚ ਜਾਂਦੀ ਹੈ। ਕੀਰਤਨ ਤਖਤ ਸਾਹਿਬ ਉਪਰ ਮਹਾਂਵਾਕ ਸੁਣਨ ਤੋਂ ਬਾਅਦ ਤਖਤ ਸਾਹਿਬ ਦੇ ਸਾਹਮਣੇ ਹੇਠ ਸਿਹਨ 'ਚ ਬਣੀ ਸਟੇਜ ਉਪਰ ਸਜਾ ਕੇ, ਤਖਤ ਸਾਹਿਬ ਦਾ ਹਜ਼ੂਰੀ ਰਾਗੀ ਜੱਥਾ 'ਆਸਾ ਦੀ ਵਾਰ' ਦਾ ਅਖੰਡ ਕੀਰਤਨ ਆਰੰਭ ਕਰ ਦੇਂਦਾ ਹੈ। ਦੋਹੀ ਵਾਰੀਂ ਦੇ ਗ੍ਰੰਥੀ ਸਿੰਘ ਜਾਂ ਪੰਜਾਂ ਪਿਆਰਿਆਂ 'ਚੋਂ ਦੋ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਤਾਬਿਆ ਵਿਚ ਬੈਠਦੇ ਹਨ ਅਤੇ ਦੋਹੀ ਥਾਈਂ ਇਕ ਇਕ ਸੇਵਾਦਾਰ ਜ਼ਰੂਰੀ ਸੇਵਾਵਾਂ ਹਿਤ ਹਜ਼ੂਰੀ ਵਿਚ ਹਾਜ਼ਰ ਰਹਿੰਦੇ ਹਨ। ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਆਸਾ ਜੀ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ ਹੋਈ ਅਰਦਾਸ ਅਤੇ ਮਹਾਂਵਾਕ ਉਪਰੰਤ ਥੋੜ੍ਹੇ ਸਮੇਂ ਬਾਅਦ ਤਖਤ ਸਾਹਿਬ ਉਪਰ ਹੋ ਰਹੇ 'ਆਸਾ ਜੀ ਦੀ ਵਾਰ' ਦੇ ਕੀਰਤਨ ਦਾ ਭੋਗ ਪਾਇਆ ਜਾਂਦਾ ਹੈ।

ਗੁਰੂ ਕੇ ਖਜ਼ਾਨੇ ਵਿਚੋਂ ਅਤੇ ਪ੍ਰੇਮੀ ਸੱਜਣਾਂ ਵਲੋਂ ਕੜਾਹ ਪ੍ਰਸ਼ਾਦ ਹਜ਼ੂਰੀ ਵਿਚ ਪਹੁੰਚ ਜਾਂਦਾ ਹੈ। ਗ੍ਰੰਥੀ ਸਿੰਘ ਪੰਥ ਪ੍ਰਵਾਣਤ ਅਰਦਾਸ ਕਰਦਾ ਹੈ। ਅਰਦਾਸ ਤੋਂ ਬਾਅਦ ਮੱਥਾ ਟੇਕ ਕੇ ਸਾਰੀ ਸੰਗਤ ਖੜੀ ਹੋ ਕੇ ਆਗਿਆ ਭਈ ਅਕਾਲ........ਗੁਰੂ ਗ੍ਰੰਥ ਜੀ ਮਾਨੀਓ.......ਅਤੇ ਰਾਜ ਕਰੇਗਾ ਖਾਲਸਾ.........ਇਹ ਉਪਰੋਕਤ ਤਿੰਨੇ ਦੋਹਰੇ ਗੱਜ ਕੇ ਪੜ੍ਹਦੀ ਹੈ ਤੇ ਜੈਕਾਰਾ ਛਡਿਆ ਜਾਂਦਾ ਹੈ ਜਦ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਨਾ ਉਪਰੋਕਤ ਤਿੰਨ ਦੋਹਰੇ ਪੜ੍ਹੇ ਜਾਂਦੇ ਹਨ ਤੇ ਨਾ ਹੀ ਜੈਕਾਰਾ ਗੁੰਜਾਇਆ ਜਾਂਦਾ ਹੈ।

ਮੁੱਖ ਗ੍ਰੰਥੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮਹਾਂਵਾਕ ਪੜ੍ਹ ਕੇ ਸੰਗਤਾਂ ਨੂੰ ਸਰਵਣ

www.sikhbookclub.com



ਕਰਾਉਂਦੇ ਹਨ। ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਹੋਏ ਵਾਕ ਨੂੰ ਸੁਣ ਕੇ ਸ਼ਹਿਰ ਦੀ ਕਾਫੀ ਸੰਗਤ ਤਖ਼ਤ ਸਾਹਿਬ ਉਪਰ ਹੋਣ ਵਾਲੇ ਮਹਾਂਵਾਕ ਵੀ ਬੜੀ ਸ਼ਰਧਾ ਨਾਲ ਸਰਵਣ ਕਰਦੀ ਹੈ। ਉਪਰੰਤ ਕੜਾਹ ਪ੍ਰਸ਼ਾਦ ਵਰਤਾਇਆ ਜਾਂਦਾ ਹੈ ਤੇ ਨਾਲ ਨਾਲ ਸਾਰੀ ਸੰਗਤ ਜੋਟੀਆ ਦੇ ਸ਼ਬਦ ਪੜ੍ਹਦੀ ਹੈ। ਕੜਾਹ ਪ੍ਰਸ਼ਾਦ ਵਰਤ ਜਾਣ ਤੋਂ ਬਾਅਦ ਬਾਹਰਵਾਰ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੁਖ ਆਸਣ ਕਰ ਦਿੱਤਾ ਜਾਂਦਾ ਹੈ। ਸਾਰਾ ਦਿਨ ਤਖ਼ਤ ਸਾਹਿਬ ਦੇ ਅੰਦਰਵਾਰ ਜਗ੍ਹਾ ਉਪਰ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਇਕ ਗ੍ਰੰਥੀ ਸਿੰਘ ਜਾਂ ਪੰਜ ਪਿਆਰੇ ਹਰ ਵਕਤ ਤਾਬਿਆ ਸਜੇ ਰਹਿੰਦੇ ਹਨ। ਇਕ ਜਾਂ ਦੋ ਸੇਵਾਦਾਰ ਤਖ਼ਤ ਸਾਹਿਬ ਉਪਰ ਡਿਊਟੀ ਤੇ ਹਾਜ਼ਰ ਰਹਿੰਦੇ ਹਨ ਜਿਨ੍ਹਾਂ ਦੇ ਜ਼ਿੰਮੇ ਵਿਸ਼ੇਸ਼ ਕਰਕੇ ਬਾਹਰੋ ਆਏ ਪ੍ਰੇਮੀਆਂ ਨੂੰ ਤਖ਼ਤ ਸਾਹਿਬ ਦੇ ਇਤਿਹਾਸ ਬਾਰੇ ਜਾਣਕਾਰੀ ਦੇਣੀ ਪ੍ਰੇਮੀਆ ਵਲੋਂ ਭੇਟਾ ਹੋਏ ਕੜਾਹ ਪ੍ਰਸ਼ਾਦਿ ਦੀ ਅਰਦਾਸ ਕਰਕੇ ਵਰਤਾਉਣਾ ਆਦਿ ਸੇਵਾਵਾਂ ਹੁੰਦੀਆਂ ਹਨ। ਸੇਵਾਦਾਰ ਕੋਲ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਪੀ ਹੋਈ ਰਸੀਦ ਬੁਕ ਹੁੰਦੀ ਹੈ ਜੋ ਦਾਨੀ ਸੱਜਣ ਰਸੀਦ ਲੈਣਾ ਚਾਹੇ, ਉਸ ਨੂੰ ਸੇਵਾਦਾਰ ਰਸੀਦ ਕੱਟ ਕੇ ਦੇਂਦਾ ਹੈ ਤੇ ਉਹ ਰਸੀਦਾਂ ਦੀ ਮਾਇਆ ਡਿਊਟੀ ਤੋਂ ਬਾਅਦ ਦਫ਼ਤਰ 'ਚ ਜਮ੍ਹਾਂ ਕਰਵਾ ਦੇਂਦਾ ਹੈ। ਜੋ ਪ੍ਰੇਮੀ ਦਾਨੀ ਸਜਣ ਰਸੀਦ ਨਹੀ ਲੈਣੀ ਚਾਹੁੰਦੇ, ਉਹ ਤਖ਼ਤ ਸਾਹਿਬ ਦੀ ਗੋਲਕ ਵਿੱਚ ਆਪਣੇ ਹੱਥੀ ਮਾਇਆ ਪਾ ਜਾਂਦੇ ਹਨ ਜਾਂ ਸੇਵਾਦਾਰ ਉਨ੍ਹਾਂ ਸਾਹਮਣੇ ਵੇਖਦਿਆ ਉਨ੍ਹਾਂ ਦੀ ਮਾਇਆ ਗੋਲਕ 'ਚ ਪਾ ਦੇਂਦੇ ਹਨ।

ਵਧੇਰੇ ਮਾਇਆ ਭੇਟਾ ਕਰਨ ਵਾਲੇ ਦਾਨੀ ਸੱਜਣ ਨੂੰ ਪੁਰਾਣੇ ਸਮੇ ਮਿਸ਼ਰੀ ਦੇ ਕੂਜੇ ਤੇ ਖੱਦਰ ਤੇ ਸਿਰਪਾਉ ਦਿੱਤੇ ਜਾਂਦੇ ਸਨ ਪਰ ਅੱਜ ਵੱਡੇ ਪਤਾਸੇ ਤੇ ਵੈਲ ਦੇ ਕੇਸਰੀ ਰੰਗ ਦੇ ਸਿਰੋਪਾਉ ਦਿੱਤੇ ਜਾਂਦੇ ਹਨ। ਸਾਰਾ ਦਿਨ ਗ੍ਰੰਥੀ ਸਿੰਘਾਂ ਅਤੇ ਸੇਵਾਦਾਰਾ ਦੀਆ ਡਿਊਟੀਆ ਬਦਲ-ਬਦਲ ਕੇ ਉਪਰੋਕਤ ਸੇਵਾਵਾ ਦਾ ਸਿਲਸਿਲਾ ਜਾਰੀ ਰਹਿੰਦਾ ਹੈ।

ਸ਼ਾਮ ਨੂੰ 'ਸੋਦਰੁ' ਦੇ ਪਾਠ ਤੋਂ ਪਹਿਲਾ ਤਖ਼ਤ ਸਾਹਿਬ ਦਾ ਹਜ਼ੂਰੀ ਰਾਗੀ ਜੱਥਾ ਡੇਢ ਘੰਟਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹਜ਼ੂਰੀ ਵਿੱਚ ਰਸ ਭਿੰਨਾ ਕੀਰਤਨ ਕਰਦਾ ਹੈ। ਸੰਗਤਾ ਕੀਰਤਨ ਦਾ ਆਨੰਦ ਮਾਣਦੀਆ ਹਨ। ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਗ੍ਰੰਥੀ ਜਾਂ ਮੁਖ ਗ੍ਰੰਥੀ ਸਾਹਿਬ ਸੋਦਰੁ ਰਹਿਰਾਸ ਦਾ ਪਾਠ ਆਰੰਭ ਕਰਦੇ ਹਨ। ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸੋਦਰੁ ਰਹਿਰਾਸ ਦੇ ਪਾਠ ਆਰੰਭ ਤੋ ਪੰਦਰ੍ਹਾਂ ਕੁ ਮਿੰਟ ਬਾਅਦ ਤਖ਼ਤ ਸਾਹਿਬ ਉਪਰ ਸੋਦਰੁ ਦਾ ਪਾਠ ਆਰੰਭ ਹੁੰਦਾ ਹੈ। ਏਸੇ ਤਰ੍ਹਾਂ ਪਾਠ ਦਾ ਭੋਗ ਤੇ ਅਰਦਾਸ ਵੀ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸੋਦਰੁ ਰਹਿਰਾਸ ਤੋ ਕੁਝ ਮਿੰਟ ਬਾਅਦ ਹੀ ਕੀਤੀ ਜਾਂਦੀ ਹੈ।

ਅਰਦਾਸ ਉਪਰੰਤ ਅੰਮ੍ਰਿਤ ਵੇਲੇ ਦੇ ਦੀਵਾਨ ਦੀ ਸਮਾਪਤੀ ਵਾਂਗ ਤਿੰਨ ਦੋਹਰੇ ਸੰਗਤਾ ਰਲ-ਮਿਲ ਕੇ ਪੜ੍ਹਦੀਆ ਹਨ ਤੇ ਅਖੀਰ ਤੇ ਜੈਕਾਰਾ ਗੁੰਜਾਇਆ ਜਾਂਦਾ ਹੈ, ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮਹਾਂਵਾਕ ਪੜ੍ਹ ਕੇ ਸੁਣਾਇਆ ਜਾਂਦਾ ਹੈ। ਫਿਰ ਇਕ ਇਕ ਕਰਕੇ ਇਤਿਹਾਸਕ ਸ਼ਸਤ੍ਰਾਂ ਦੇ ਸੰਗਤਾਂ ਨੂੰ ਦਰਸ਼ਨ ਕਰਵਾਏ ਜਾਂਦੇ ਹਨ ਤੇ ਨਾਲ ਉਨ੍ਹਾਂ ਸ਼ਸਤ੍ਰਾਂ ਬਾਰੇ

www.sikhbookclub.com



ਜਾਣਕਾਰੀ ਦਿੱਤੀ ਜਾਂਦੀ ਹੈ।

ਸ਼ਸਤ੍ਰ ਮਿਆਨਾਂ ਵਿੱਚ ਪਾ ਕੇ ਅਲਮਾਰੀ ਵਿੱਚ ਸਜਾ ਦਿੱਤੇ ਜਾਂਦੇ ਹਨ। ਆਮ ਤੌਰ 'ਤੇ ਤਖ਼ਤ ਦੇ ਅੰਦਰਵਾਰ ਅਖੰਡ ਪਾਠ ਲਗਾਤਾਰ ਚਲਦੇ ਰਹਿੰਦੇ ਹਨ। ਜੇ ਅਖੰਡ ਪਾਠ ਨਾ ਹੋਵੇ ਤਾਂ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮਹਾਵਾਕ ਲੈ ਕੇ ਸੁਖਾਸਣ ਕਰਕੇ ਕੋਠਾ ਸਾਹਿਬ ਵਿਖੇ ਪਲੰਘ ਉਪਰ ਗੁਰੂ ਮਹਾਰਾਜ ਜੀ ਦੇ ਸਰੂਪ ਨੂੰ ਬਿਰਾਜਮਾਨ ਕਰ ਦਿੱਤਾ ਜਾਂਦਾ ਹੈ। ਬਾਕੀ ਸਟਾਫ਼ ਚਲਾ ਜਾਂਦਾ ਹੈ। ਇਕ ਜਾਂ ਦੋ ਸੇਵਾਦਾਰ ਡਿਊਟੀ ਤੇ ਹਜ਼ੂਰੀ ਵਿੱਚ ਹਾਜ਼ਰ ਰਹਿੰਦੇ ਹਨ। ਜਦ ਸ੍ਰੀ ਹਰਿਮੰਦਰ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਕੋਠਾ ਸਾਹਿਬ ਵਿਖੇ ਪਹੁੰਚ ਜਾਂਦੀ ਹੈ ਤਾਂ ਉਹ ਸੇਵਾਦਾਰ ਫ਼ਰਾਸ਼ ਨੂੰ ਸਾਰਾ ਚਾਰਜ ਸੰਭਾਲ ਕੇ ਆਪ ਚਲਾ ਜਾਂਦਾ ਹੈ।

## ਸਫਾਈ ਤੇ ਇਸ਼ਨਾਨ—

ਫ਼ਰਾਸ਼ ਤਖ਼ਤ ਸਾਹਿਬ ਤੋਂ ਸਭ ਮਾਈ ਭਾਈ ਦੇ ਬਾਹਰ ਚਲੇ ਜਾਣ ਬਾਅਦ ਕਿਵਾੜ ਬੰਦ ਕਰ ਦੇਂਦਾ ਹੈ ਤੇ ਆਪ ਅੰਦਰਲੀ ਸਫਾਈ ਕਰਨੀ ਆਰੰਭ ਕਰ ਦੇਂਦਾ ਹੈ। ਪੁਰਾਤਨ ਸਮੇਂ ਕੇਵਲ ਫ਼ਰਾਸ਼ ਹੀ ਰਾਤ ਨੂੰ ਅੰਦਰਲੀ ਸਫਾਈ ਇਸ਼ਨਾਨ ਤੇ ਵਿਛਾਈ ਆਦਿ ਦੀ ਸੇਵਾ ਨਿਭਾਉਂਦੇ ਸੀ ਪਰ ਅੱਜ ਕੱਲ ਸ੍ਰੀ ਹਰਿਮੰਦਰ ਸਾਹਿਬ ਵਾਂਗ ਹੀ ਸ਼ਹਿਰ ਦੇ ਕੁਝ ਪ੍ਰੇਮੀ ਸੱਜਣ ਫ਼ਰਾਸ਼ ਨਾਲ ਮਿਲ ਕੇ ਉਸ ਦੀਆਂ ਹਦਾਇਤਾਂ ਮੁਤਾਬਕ ਸੇਵਾ ਵਿਚ ਪੂਰਾ ਪੂਰਾ ਹੱਥ ਵਟਾਉਂਦੇ ਹਨ।

ਫ਼ਰਾਸ਼ ਤੇ ਪ੍ਰੇਮੀ ਸੱਜਣ ਮਿਲ ਕੇ ਪਹਿਲਾਂ ਪੁਰਾਣੀ ਵਿਛਾਈ ਨੂੰ (ਜਿਸ ਵਿਚ ਗਲੀਚੇ, ਦਰੀਆਂ ਤੇ ਚਾਦਰਾਂ ਸ਼ਾਮਿਲ ਹੁੰਦੀਆਂ ਹਨ) ਚੁਕ ਕੇ ਝਾੜ ਕੇ ਤਹਿਆਂ ਮਾਰ ਕੇ ਇਕ ਪਾਸੇ ਰੱਖ ਦੇਂਦੇ ਹਨ। ਫਿਰ ਖ਼ੁਸ਼ਕ ਤੌਲੀਆਂ ਨਾਲ ਤਖ਼ਤ ਸਾਹਿਬ ਦੇ ਅੰਦਰ ਤੇ ਬਾਹਰਲੇ ਹਿੱਸੇ ਤੇ ਹਾਲ ਦੀ ਸਫਾਈ ਕਰਦੇ ਹਨ। ਉਪਰੰਤ ਤਖ਼ਤ ਸਾਹਿਬ ਦੇ ਪਿਛਲੇ ਪਾਸੇ ਦੇ ਅਕਾਲ ਸਰ ਨਾਮ ਖੂਹ (ਜਿਸ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਲਗਵਾਇਆ ਸੀ) ਵਿਚੋਂ ਜਲ ਲਿਆ ਕੇ ਪਹਿਲਾਂ ਤਖ਼ਤ ਸਾਹਿਬ, ਪ੍ਰਕਾਸ਼ ਅਸਥਾਨ ਤੇ ਫਿਰ ਇਸ਼ਨਾਨ ਸਮੇਂ ਪ੍ਰੇਮੀ ਸੱਜਣ ਜੋਟੀਆਂ ਵਿਚ ਪ੍ਰੇਮ-ਰੰਗ ਵਿਚ ਰੰਗੇ ਸ਼ਬਦ ਪੜ੍ਹਦੇ ਰਹਿੰਦੇ ਹਨ। ਫਿਰ ਸੁੱਕੇ ਤੌਲੀਆਂ ਨਾਲ ਸਾਰੇ ਫ਼ਰਸ਼ ਨੂੰ ਖ਼ੁਸ਼ਕ ਕਰਕੇ ਗਲੀਚੇ ਦਰੀਆਂ ਤੇ ਉਹਨਾਂ ਉਪਰ ਧੋਤੀਆਂ ਹੋਈਆਂ ਚਿੱਟੀਆਂ ਚਾਦਰਾਂ ਵਿਛਾ ਦਿੱਤੀਆਂ ਜਾਂਦੀਆਂ ਹਨ। ਦੋਹਾਂ ਪ੍ਰਕਾਸ਼ ਅਸਥਾਨਾਂ ਉਪਰ ਵਿਸ਼ੇਸ਼ ਵਿਛਾਈਆਂ ਕਰਕੇ ਮੰਜੀ ਸਾਹਿਬ ਸਜਾ ਕੇ ਉਹਨਾਂ ਉਪਰ ਗੱਦੇ ਤੇ ਰੁਮਾਲੇ ਅਤੇ ਸਰਹਾਣੇ ਆਦਿ ਸਜਾ ਕੇ ਮੁਕੰਮਲ ਤਿਆਰੀ ਕਰ ਲਈ ਜਾਂਦੀ ਹੈ। ਕਿਵਾੜ ਖੁਲ੍ਹਣ 'ਤੇ ਡਿਊਟੀ 'ਤੇ ਆਏ ਸੇਵਾਦਾਰ ਚਾਰਜ ਸੰਭਾਲ ਕੇ ਫਰਾਸ਼ ਚਲਾ ਜਾਂਦਾ ਹੈ।

## ਨਗਾਰੇ ਤੇ ਚੋਟ—

ਸ੍ਰੀ ਅਕਾਲ ਤਖ਼ਤ ਸਾਹਿਬ ਉਪਰੋ ਕੋਠੇ ਸਾਹਿਬ ਤੋਂ ਸ੍ਰੀ ਹਰਿਮੰਦਰ ਸਾਹਿਬ ਨੂੰ ਸ੍ਰੀ ਗੁਰੂ

www.sikhbookclub.com



ਗ੍ਰੰਥ ਸਾਹਿਬ ਦੀ ਸਵਾਰੀ ਚਲਣ ਸਮੇਂ ਨਗਾਰਾ ਸ਼ੁਰੂ ਹੋ ਜਾਂਦਾ ਹੈ। ਜਦ ਪਾਲਕੀ ਦਰਸ਼ਨੀ ਡਿਉਢੀ 'ਚ ਦਾਖਲ ਹੁੰਦੀ ਹੈ ਤਾਂ ਨਗਾਰਾ ਬੰਦ ਹੋ ਜਾਂਦਾ ਹੈ। ਇਵੇਂ ਹੀ ਰਾਤ ਨੂੰ ਗੁਰੂ ਮਹਾਰਾਜ ਦੀ ਸਵਾਰੀ ਅੰਦਰੋਂ ਪੁਲ ਤੋਂ ਦਰਸ਼ਨੀ ਡਿਉਢੀ ਦੇ ਬਾਹਰ ਨਿਕਲਦੀ ਹੈ ਤਾਂ ਨਗਾਰਾ ਵਜਣਾ ਆਰੰਭ ਹੋ ਜਾਂਦਾ ਹੈ। ਜਦ ਸਵਾਰੀ ਕੋਠਾ ਸਾਹਿਬ ਦੇ ਅੰਦਰ ਚਲੀ ਜਾਂਦੀ ਹੈ ਤਾਂ ਨਗਾਰਾ ਬੰਦ ਹੋ ਜਾਂਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਸਜੇ ਅੰਮ੍ਰਿਤ ਵੇਲੇ ਅਤੇ ਸ਼ਾਮ ਦੇ ਦੀਵਾਨ ਵਿਚ ਜਦ ਅਰਦਾਸਾ ਸ਼ੁਰੂ ਹੋਵੇ ਤਾਂ ਜਿੱਥੇ ਜਿੱਥੇ ਬੋਲੋ ਜੀ ਵਾਹਿਗੁਰੂ ਅਰਦਾਸੀਆ ਕਹਿੰਦਾ ਹੈ, ਨਗਾਰੇ ਦੇ ਉੱਤੇ ਚੋਟਾ ਲੱਗਦੀਆ ਹਨ। ਅਰਦਾਸ ਦੀ ਸਮਾਪਤੀ ਸਮੇਂ ਨਗਾਰਾ ਵਜਦਾ ਹੈ। ਜੈਕਾਰਾ ਗੂੰਜਾਉਣ ਤੋਂ ਬਾਅਦ ਨਗਾਰਾ ਬੰਦ ਹੋ ਜਾਂਦਾ ਹੈ। ਇਹ ਦੋਨੋ ਸਮੇਂ ਅਰਦਾਸਾ ਸਮੇਂ ਹੁੰਦਾ ਹੈ।

www.sikhbookclub.com



# ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੁਸ਼ੋਭਿਤ ਇਤਿਹਾਸਕ ਸ਼ਸਤਰ

ਗੁਰਬਿਲਾਸ ਪਾ: ੬ ਦੇ ਅੱਠਵੇਂ ਅਧਿਆਇ ਵਿਚ ਲਿਖਿਆ ਹੈ ਕਿ ਸ੍ਰੀ ਅਕਾਲ ਪੁਰਖ ਜੀ, ਸ੍ਰੀ ਗੁਰ ਹਰਗੋਬਿੰਦ ਸਾਹਿਬ ਜੀ ਨੂੰ ਸ੍ਰੀ ਅਕਾਲ ਤਖਤ ਸਾਹਿਬ ਬਾਰੇ ਐਉ ਫੁਰਮਾਉਂਦੇ ਹਨ –

*ਜਬ ਲਗ ਤੁਮ ਦੇਹ ਧਾਰ ਰਹਾਵੋ। ਤਬ ਲਗ ਤੁਮ ਯਾ ਪਰ ਛਬਿ ਪਾਵੋ॥*
*ਪਾਛੇ ਸ਼ਸਤ੍ਰ ਰੂਪ ਮੋਹਿ ਜਾਨੋ। ਮਮ ਪੂਜਾ ਕੀ ਇਹ ਠਾਂ ਮਾਨੋ॥ ੫੧॥*

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਥੇ ਹੀ ਤਖਤ ਸਾਹਿਬ ਉੱਪਰ ਬੈਠ ਕੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ ਸਨ। ਸਿੱਖ ਇਤਿਹਾਸ ਵਿਚ ਗੁਰੂ ਸਾਹਿਬ ਵੱਲੋਂ ਸ਼ਸਤ੍ਰਾਂ ਦੇ ਪਹਿਨਣ ਦਾ ਇਹ ਪਹਿਲਾ ਮੌਕਾ ਸੀ।

ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਆਪਣੀ ਸ੍ਰੀ ਮੁੱਖ ਵਾਕ ਬਾਣੀ ਵਿਚ ਸ੍ਰੀ ਅਕਾਲ ਪੁਰਖ ਦੇ ਨਾਮ ਖੜਗ-ਕੇਤ, ਅਸਿ ਧੁਜ ਤੇ ਅਸਿ-ਕੇਤ ਆਦਿ ਨਾਮਾਂ ਦੀ ਵਰਤੋਂ ਤੋਂ ਸਪੱਸ਼ਟ ਹੈ ਕਿ ਕਲਗੀਧਰ ਪਾਤਸ਼ਾਹ ਸ਼ਸਤ੍ਰਾਂ ਨੂੰ ਕਿੰਨੀ ਅਹਿਮੀਅਤ ਦੇਂਦੇ ਸਨ। ਬਲਕਿ ਇਥੋਂ ਤਕ ਕਿ ਸ਼ਸਤ੍ਰਾਂ ਨੂੰ ਆਪਣੇ ਪੂਜਯ ਦਾ ਦਰਜਾ ਦੇਂਦੇ ਹਨ ਜਿਵੇਂ ਕਿ-

*ਅਸ ਕ੍ਰਿਪਾਨ ਖੰਡੋ ਖੜਗ॥ ਤੁਪਕ ਤਬਰ ਅਰੁ ਤੀਰ॥*
*ਸੈਫ ਸਰੋਹੀ ਸੈਹਥੀ॥ ਯਹੈ ਹਮਾਰੈ ਪੀਰ॥*

(ਦਸਮ ਗ੍ਰੰਥ, ਪੰਨਾ ੭੧੭)

*(ਪੁਨ) ਨਮਸ਼ਕਾਰ ਸ੍ਰੀ ਖੜਗ ਕੋ ਕਰੌਂ ਸੁ ਹਿਤੁ ਚਿਤੁ ਲਾਇ॥*

..........................

*ਜੈ ਜੈ ਜਗ ਕਾਰਣ ਸ੍ਰਿਸਟ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ॥ ੨॥*

(ਦਸਮ ਗ੍ਰੰਥ, ਪੰਨਾ ੩੯)

*ਨਮੋ ਖੱਗ ਖੰਡੰ॥ ਕ੍ਰਿਪਾਣੰ ਕਟਾਰੰ॥....੮੭॥*
*ਨਮੋ ਤੀਰ ਤੋਪੰ॥ ਜਿਨੈ ਸੱਤ੍ਰ ਘੋਪੰ॥....੯੦॥*
*ਜਿਤੇ ਸ਼ਸਤ੍ਰ ਨਾਮੰ॥ ਨਮਸ਼ਕਾਰ ਤਾਮੰ॥*
*ਜਿਤੇ ਅਸਤ੍ਰ ਭੇਯੰ॥ ਨਮਸ਼ਕਾਰ ਤੇਯੰ॥....੯੧॥*

(ਦਸਮ ਗ੍ਰੰਥ, ਬਚਿੱਤ੍ਰ ਨਾਟਕ, ਪੰਨਾ ੪੫)

www.sikhbookclub.com



(ਭੁਜੰਗ ਪ੍ਰਯਾਤ ਛੰਦ)

ਪੁਨੰ ਸੰਗਿ ਸਾਰੇ ਪ੍ਰਭੂ ਜੀ ਸੁਨਾਈ॥
ਬਿਨਾ ਤੇਗ ਤੀਰੰ ਰਹੋ ਨਾਹਿ ਭਾਈ॥
ਬਿਨਾ ਸਸਤ੍ਰ ਕੇਸੰ ਨਰੰ ਭੇਡ ਜਾਨੋ॥
ਗਹੇ ਕਾਨ ਤਾ ਕੋ ਕਿਤੈ ਲੈ ਸਿਧਾਨੋ॥ ੮੬॥
ਇਹੋ ਮੋਰਿ ਆਗਯਾ ਸੁਨੋ ਲੈ ਪਿਆਰੇ
ਬਿਨਾ ਤੇਗ ਕੇਸੰ ਦਿਵੋ ਨਾ ਦਿਦਾਰੇ॥
ਇਹੈ ਮੋਰ ਬੈਨਾ ਮਨੈਗਾ ਸੁ ਜੋਈ॥
ਤਿਸੈ ਇੱਛ ਪੂਰੰ ਸਭੈ ਜਾਨ ਹੋਈ॥੮੭॥

(ਗੁਰਬਿਲਾਸ ਪਾ: ੧੦, ਅਧਿ: ੨੨)

ਇਨ੍ਹਾਂ ਉਪਰੋਕਤ ਗੁਰੂ ਵਾਕਾਂ ਤੋਂ ਭਲੀ ਭਾਂਤਿ ਨਿਸ਼ਚੈ ਹੋ ਜਾਂਦਾ ਹੈ ਕਿ ਸਤਿਗੁਰਾਂ ਦੇ ਮਨ ਅੰਦਰ ਸ਼ਸਤ੍ਰਾਂ ਨਾਲ ਕਿੰਨਾ ਪਿਆਰ ਸਤਿਕਾਰ ਸੀ। ਇਸ ਲਈ ਹਰ ਗੁਰਦੁਆਰੇ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਆਮ ਤੌਰ 'ਤੇ ਸ਼ਸਤ੍ਰ ਸਜਾਏ ਜਾਂਦੇ ਹਨ, ਖ਼ਾਸ ਕਰਕੇ ਪੰਜਾਂ ਹੀ ਤਖ਼ਤ ਸਾਹਿਬਾਨ ਉੱਪਰ ਸ਼ਸਤ੍ਰਾਂ ਦੇ ਸਤਿਕਾਰ ਦੇ ਪੂਜਯ ਹੋਣ ਬਾਰੇ ਅਸਚਰਜ ਬਾਤ ਇਹ ਹੈ ਕਿ ਪੰਜਾਂ ਹੀ ਤਖ਼ਤ ਸਾਹਿਬ ਉੱਪਰ ਤਖ਼ਤ ਸਾਹਿਬਾਨ ਦੀਆਂ ਖ਼ਾਸ ਥਾਵਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਹੀਂ ਕੀਤਾ ਜਾਂਦਾ ਸਗੋਂ ਉਨ੍ਹਾਂ ਥਾਵਾਂ ਉੱਪਰ ਸਿਰਫ਼ ਸ਼ਸਤ੍ਰ ਹੀ ਸਜਾਏ ਜਾਂਦੇ ਹਨ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜਿਸ ਅਸਥਾਨ 'ਤੇ ਸੱਜ ਕੇ ਮੀਰੀ ਪੀਰੀ ਦੀਆਂ ਦੋਵੇਂ ਤਲਵਾਰਾਂ ਪਹਿਨੀਆਂ ਸਨ, ਉਸ ਜਗ੍ਹਾ ਉੱਪਰ ਸੁਨਹਿਰੀ ਬੰਗਲਾ ਬਣਿਆ ਹੋਇਆ ਹੈ। ਜਿਸ ਦੇ ਅੰਦਰਵਾਰ ਦਿਨ ਨੂੰ ਗੁਰੂ ਸਾਹਿਬਾਨ, ਸਾਹਿਬਜ਼ਾਦਿਆਂ ਅਤੇ ਸ਼ਹੀਦਾਂ ਤੇ ਸੂਰਬੀਰ ਸਿੰਘਾਂ ਦੇ ਇਤਿਹਾਸਕ ਸ਼ਸਤ੍ਰ ਸੰਗਤਾਂ ਦੇ ਦਰਸ਼ਨਾਂ ਹਿੱਤ ਸਜਾਏ ਜਾਂਦੇ ਹਨ। ਇਨ੍ਹਾਂ ਸ਼ਸਤ੍ਰਾਂ ਦੇ ਇਕ ਇਕ ਕਰਕੇ ਨਾਮ ਤੇ ਨਾਲ ਉਨ੍ਹਾਂ ਦਾ ਇਤਿਹਾਸ ਦੱਸ ਕੇ ਸ਼ਾਮ ਨੂੰ 'ਸੋਦਰੁ ਰਹਰਾਸਿ' ਦੇ ਪਾਠ ਦੀ ਅਰਦਾਸ ਤੋਂ ਪਿਛੋਂ ਸੰਗਤਾਂ ਨੂੰ ਖੁਲ੍ਹੇ ਦਰਸ਼ਨ ਕਰਵਾਏ ਜਾਂਦੇ ਹਨ। ਉਪਰੰਤ ਹਾਲ ਦੀ ਕੋਠਾ ਸਾਹਿਬ ਵਾਲੀ ਕੰਧ ਵਿਚ ਬਣੀ ਲੱਕੜ ਦੀ ਸੁੰਦਰ ਅਲਮਾਰੀ ਵਿਚ ਸ਼ਸਤ੍ਰ ਰੱਖ ਦਿੱਤੇ ਜਾਂਦੇ ਹਨ।

੧੯੬੩ ਈ: ਦੇ ਮਈ ਦੇ ਮਹੀਨੇ ਜਦ ਦਾਸ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਗ੍ਰੰਥੀ ਦੀ ਡਿਊਟੀ ਦੇ ਨਾਲ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਵੀ ਸੇਵਾ ਸੌਂਪੀ ਗਈ, ਤਾਂ ਇਕ ਦਿਨ ਦਰਸ਼ਨ ਕਰਦਿਆਂ ਮੈਂ ਮਹਿਸੂਸ ਕੀਤਾ ਕਿ ਸ਼ਸਤ੍ਰ ਚੂੰਕਿ ਬਹੁਤ ਪੁਰਾਣੇ ਸਮੇਂ ਦੇ ਬਣੇ ਹੋਏ ਹਨ ਜਿਸ ਕਰਕੇ ਬਹੁਤ ਸਾਰੇ ਸ਼ਸਤ੍ਰਾਂ ਨੂੰ ਜੰਗਾਲ ਲੱਗ ਗਿਆ ਹੈ ਤੇ ਕੁਝ ਕੁ ਦੇ ਮਿਆਨ ਕਾਫ਼ੀ ਖ਼ਸਤਾ ਹਨ। ਇਸ ਲਈ ਪ੍ਰਬੰਧਕਾਂ ਨਾਲ ਸਲਾਹ ਮਸ਼ਵਰਾ ਕਰਕੇ ਪਟਿਆਲੇ ਤੋਂ ਸ਼ਸਤ੍ਰ ਬਣਾਉਣ ਵਾਲੇ ਹੁਨਰਮੰਦ ਸਿਕਲੀਗਰਾਂ ਨੂੰ ਸ਼ਸਤ੍ਰਾਂ ਦੀ ਮੁਰੰਮਤ ਹਿਤ ਬੁਲਾਇਆ। ਉਨ੍ਹਾਂ ਨੇ ਬੜੇ ਪ੍ਰੇਮ ਤੇ ਸ਼ਰਧਾ ਨਾਲ ਤਖ਼ਤ ਸਾਹਿਬ ਦੇ ਸਿੰਘਾਂ ਦੀ ਨਿਗਰਾਨੀ ਵਿਚ ਸ਼ਸਤ੍ਰਾਂ ਦੀ ਸੇਵਾ ਕੀਤੀ

www.sikhbookclub.com



ਅਤੇ ਖਸਤਾ ਮਿਆਨ ਨਵੇਂ ਬਣਾ ਕੇ ਸਜਾਏ।

੧੯੮੪ ਈ: ਦੇ ੪ ਤੋਂ ੬ ਜੂਨ ਦੇ ਨੀਲਾ ਤਾਰਾ ਘੱਲੂਘਾਰੇ ਸਮੇਂ ਭਾਰਤ ਸਰਕਾਰ ਦੀ ਫੌਜ ਵਲੋਂ ਸੁੱਟੇ ਟੈਂਕਾ ਦੇ ਗੋਲਿਆਂ ਨਾਲ ਜਿੱਥੇ ਸ੍ਰੀ ਅਕਾਲ ਤਖਤ ਸਾਹਿਬ ਦੀ ਇਮਾਰਤ ਨੂੰ ਬਹੁਤ ਭਾਰੀ ਨੁਕਸਾਨ ਪੁੱਜਾ ਉਥੇ ਸ਼ਸਤ੍ਰ ਸਜਾਉਣ ਵਾਲਾ ਸੁਨਹਿਰੀ ਬੰਗਲਾ ਵੀ ਉਡ ਗਿਆ ਤੇ ਸ਼ਸਤ੍ਰ ਰੱਖਣ ਵਾਲੀ ਅਲਮਾਰੀ ਵੀ ਸੜ ਕੇ ਸੁਆਹ ਹੋ ਗਈ। ਸ਼ਸਤ੍ਰਾਂ ਦੇ ਲੱਕੜ ਦੇ ਮੁੱਠੇ ਤੇ ਮਿਆਨ ਵੀ ਸੜ ਗਏ। ਕਈ ਸ਼ਸਤ੍ਰ ਅੱਗ ਦੇ ਸੇਕ ਨਾਲ ਵਿੰਗੇ ਹੋ ਗਏ।

੧੦ ਜੂਨ ਵਾਲੇ ਦਿਨ ਜਦ ਦਾਸ ਸਿੰਘਾਂ ਸਮੇਤ ਸ੍ਰੀ ਅਕਾਲ ਤਖਤ ਸਾਹਿਬ ਪੁੱਜਾ ਤਦ ਕੀ ਦੇਖਿਆ ਕਿ ਤਖਤ ਸਾਹਿਬ ਦੇ ਨੇੜੇ ਹੀ ਮਿੱਟੀ ਦਾ ਢੇਰ ਪਿਆ ਸੀ ਜਿਸ ਵਿਚ ਸ਼ਸਤਰਾਂ ਵਾਲੀ ਅਲਮਾਰੀ ਦੇ ਸ਼ਸਤਰ ਦੱਬੇ ਪਏ ਸਨ। ਅਸਾਂ ਤਖਤ ਸਾਹਿਬ ਦੇ ਸਿੰਘਾਂ ਸਮੇਤ ਲੱਗ ਕੇ ਉਸ ਮਿੱਟੀ ਦੇ ਢੇਰ ਵਿਚੋਂ ਚੁਣ ਚੁਣ ਕੇ ਸ਼ਸਤ੍ਰ ਬਾਹਰ ਕੱਢੇ। ਹੋਰ ਤਾਂ ਸਾਰੇ ਸ਼ਸਤ੍ਰ ਮਿਲ ਗਏ ਪਰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦੋ ਤੀਰ ਜਿਨ੍ਹਾਂ ਉੱਪਰ ਇਕ ਇਕ ਤੋਲਾ ਸੋਨਾ ਚੜ੍ਹਿਆ ਹੋਇਆ ਸੀ, ਨਾ ਮਿਲੇ। ਤੀਰਾਂ ਦੀਆਂ ਡੰਡੀਆਂ ਤਾਂ ਬੈਂਤ ਦੀਆਂ ਸਨ। ਅਸਾਂ ਸੋਚਿਆ ਕਿ ਉਹ ਤਾਂ ਸੜ ਗਈਆਂ ਹੋਣਗੀਆਂ ਤੇ ਉਹਨਾਂ ਉੱਪਰ ਲੱਗਾ ਸੋਨਾ ਵੀ ਪਿੱਘਲ ਗਿਆ ਹੋਵੇਗਾ, ਪਰ ਤੀਰਾਂ ਦੀਆਂ ਮੁਖੀਆਂ ਤਾਂ ਲੋਹੇ ਦੀਆਂ ਸਨ, ਉਹ ਜ਼ਰੂਰ ਮਿਲਣੀਆਂ ਚਾਹੀਦੀਆਂ ਹਨ। ਉਸ ਮਿੱਟੀ ਦੇ ਢੇਰ ਉਪਰ ਪਾਣੀ ਪੈ ਪੈ ਕੇ ਗਾਰਾ ਬਣਿਆ ਹੋਇਆ ਸੀ। ਇੰਨੇ ਨੂੰ ਦੋ ਫੌਜੀ ਨੌਜਵਾਨ ਸਿੰਘ ਆ ਗਏ. ਉਨ੍ਹਾਂ ਨੇ ਇਕ ਵਾਂਦਿਓ ਮਿੱਟੀ ਦੇ ਢੇਰ ਦਾ ਕਿਣਕਾ ਕਿਣਕਾ ਛਾਣ ਮਾਰਿਆ ਤੇ ਉਹ ਦੋਨੋਂ ਤੀਰਾਂ ਦੀਆਂ ਮੁਖੀਆਂ ਲੱਭ ਗਈਆਂ। ਸਾਰੇ ਸ਼ਸਤ੍ਰ ਇਕ ਕਮਰੇ ਵਿਚ ਰੱਖ ਕੇ ਜਿੰਦਾ ਮੁਹਰ ਕਰ ਦਿੱਤੇ। ਜਦ ਹਾਲਾਤ ਕੁਝ ਨਾਰਮਲ ਹੋਏ ਤਾਂ ਪਹਿਲੀ ਵਾਰ ਵਾਂਗ ਚੰਗੇ ਤਜਰਬਾਕਾਰ ਹੁਨਰਮੰਦ ਸਿਕਲੀਗਰ ਮੰਗਵਾ ਕੇ ਉਨ੍ਹਾਂ ਪਾਸੋਂ ਸਾਰੇ ਇਤਿਹਾਸਕ ਸ਼ਸਤ੍ਰਾਂ ਦੀ ਤਖਤ ਸਾਹਿਬ ਦੇ ਸਿੰਘਾਂ ਦੀ ਨਿਗਰਾਨੀ ਵਿਚ ਮੁਰੰਮਤ ਕਰਵਾਈ ਗਈ। ਉਨ੍ਹਾਂ ਨੇ ਸ਼ਸਤ੍ਰਾਂ ਦੇ ਵਿੰਗ ਕੱਢ ਦਿੱਤੇ। ਲੱਕੜ ਦੇ ਮੁੱਠਿਆਂ ਵਾਲੇ ਸ਼ਸਤ੍ਰਾਂ ਦੇ ਮੁੱਠੇ ਨਵੇਂ ਬਣਾ ਕੇ ਜੋੜ ਦਿੱਤੇ। ਲੋਹੇ ਦੇ ਮੁੱਠਿਆਂ ਤੇ ਫਲਾਂ ਨੂੰ ਸਿੱਧਾ ਤੇ ਠੀਕ ਕਰਕੇ ਜੰਗਾਲ ਉਤਾਰ ਕੇ ਚੰਗੀ ਤਰ੍ਹਾਂ ਚਮਕਾ ਦਿੱਤੇ। ਮਿਆਨਾਂ ਉੱਪਰ ਮਖਮਲ ਦੇ ਗਿਲਾਫ (ਚੋਲੇ) ਚੜ੍ਹਾ ਦਿੱਤੇ। ਦੋਹਾਂ ਤੀਰਾਂ ਦੀਆਂ ਵਧੀਆ ਬੈਂਤ ਦੀਆਂ ਕਾਨੀਆਂ (ਡੰਡੀਆਂ) ਤੇ ਉਨ੍ਹਾਂ ਨੂੰ ਪਹਿਲਾਂ ਵਾਂਗ ਹੀ ਇਕ ਇਕ ਤੋਲਾ ਸੋਨਾ ਚੜ੍ਹਾ ਦਿੱਤਾ ਤੇ ਉੱਪਰ ਉਹ ਲੱਭੀਆਂ ਮੁਖੀਆਂ ਜੜ ਦਿੱਤੀਆਂ।

ਸ੍ਰੀ ਅਕਾਲ ਤਖਤ ਸਾਹਿਬ ਉੱਪਰ ਸੁਰੱਖਿਅਤ ਸ਼ਸਤ੍ਰਾਂ ਦਾ ਵੇਰਵਾ ਤੇ ਸੰਖੇਪ ਇਤਿਹਾਸ ਹੇਠ ਦਰਜ ਕਰਦੇ ਹਾਂ। ਰਿਪੋਟ ਸ੍ਰੀ ਦਰਬਾਰ ਸਾਹਿਬ ਨਾਲੋਂ ਤਿੰਨ ਸ਼ਸਤ੍ਰ ਵੱਧ ਹਨ। ਉਹ ਹਨ ਬਾਬਾ ਫੂਲਾ ਸਿੰਘ ਅਕਾਲੀ ਦੇ (੧) ਦੋਧਾਰਾ ਖੰਡਾ (੨) ਤੇਗਾ, (੩) ਕਟਾਰ। ਇਹ ਤਿੰਨੇ ਸ਼ਸਤ੍ਰ ਅਕਾਲੀ ਫੂਲਾ ਸਿੰਘ ਦੇ ਵਾਰਿਸਾਂ ਨੇ ਲਿਆ ਕੇ ਭੇਟਾ ਕੀਤੇ ਸਨ। ਇਨ੍ਹਾਂ ਤਿੰਨਾਂ ਸ਼ਸਤ੍ਰਾਂ ਦਾ ਭਾਈ ਕਾਨ੍ਹ ਸਿੰਘ ਜੀ ਨਾਭਾ ਲਿਖਤ ਮਹਾਨ ਕੋਸ਼ ਵਿਚ ਵੀ ਜ਼ਿਕਰ ਨਹੀਂ ਹੈ।

www.sikhbookclub.com



| ਨੰ: | ਨਾਮ ਵੇਰਵਾ | ਸ਼ਸਤ੍ਰ ਗਿਣਤੀ |
|---|---|---|
| | ਇਹ ਉਪਰੋਕਤ ਦੋਵੇਂ ਸ੍ਰੀ ਸਾਹਿਬ ਸੁਨਹਿਰੀ ਮੁੱਠਾਂ ਵਾਲੇ ਹਨ। | |
| ੩ | ਸ੍ਰੀ ਸਾਹਿਬ—ਇਹ ਸੁਨਹਿਰੀ ਮੁੱਠੇ ਵਾਲਾ ਸ੍ਰੀ ਸਾਹਿਬ ਪੰਥ ਵਾਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹੈ। | ੧ |
| ੪. | ਸ੍ਰੀ ਸਾਹਿਬ—ਬਾਬਾ ਬੁੱਢਾ ਸਾਹਿਬ ਜੀ ਦਾ | ੧ |
| ੫ | ਸ੍ਰੀ ਸਾਹਿਬ—ਮੁੱਠ ਸੁਨਹਿਰੀ ਠੋਕਰ ਚਾਦੀ, ਗੁਰੂ ਹਰਿਗੋਬਿੰਦ ਸਾਹਿਬ ਦੇ ਚੋਰ ਬਰਦਾਰ ਭਾਈ ਜੇਠਾ ਜੀ ਦਾ | ੧ |
| ੬ | ਸ੍ਰੀ ਸਾਹਿਬ—ਭਾਈ ਕਰਮ ਸਿੰਘ ਜੀ ਸ਼ਹੀਦ ਦਾ (ਇਹ ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਜੱਥੇ ਦੇ ਮੀਤ ਜੱਥੇਦਾਰ ਸਨ)। | ੧ |
| ੭. | ਸ੍ਰੀ ਸਾਹਿਬ—ਭਾਈ ਬਿਧੀ ਚੰਦ ਜੀ ਦਾ | ੧ |
| ੮. | ਸ੍ਰੀ ਸਾਹਿਬ—ਭਾਈ ਉਦੇ ਸਿੰਘ ਜੀ ਸ਼ਹੀਦ ਦਾ (ਜਿਨ੍ਹਾ ਨੇ ਸਰਸਾ ਨਦੀ) ਦੇ ਕੰਢੇ ਦਸਾ ਸਿੰਘਾ ਨੂੰ ਨਾਲ ਲੈ ਕੇ ਸੱਤ ਲੱਖ ਫੌਜ ਦਾ ਟਾਕਰਾ ਕੀਤਾ ਤੇ ਉਥੇ ਹੀ ਸ਼ਹੀਦ ਹੋ ਗਏ। | ੧ |
| ੯. | ਦੋਧਾਰਾ ਖੰਡਾ—ਬਾਬਾ ਦੀਪ ਸਿੰਘ ਜੀ ਸ਼ਹੀਦ ਦਾ (ਜਿਨ੍ਹਾ ਦਾ ਸ਼ਹੀਦ ਗੰਜ ਚਾਟੀਵਿੰਡ ਦਰਵਾਜ਼ੇ ਦੇ ਨਜ਼ਦੀਕ ਬਣਿਆ ਹੋਇਆ)। | ੧ |
| ੧੦. | ਦੋਧਾਰਾ ਖੰਡਾ—ਬਾਬਾ ਨੋਧ ਸਿੰਘ ਜੀ ਦਾ (ਜਿਨ੍ਹਾਂ ਦਾ ਸ਼ਹੀਦ ਗੰਜ ਠੋਕਰ ਚਾਦੀ-ਤਰਨਤਾਰਨ ਵਾਲੀ ਸੜਕ ਦੇ ਵਿਚਕਾਰ ਚੱਬਾ ਪਿੰਡ ਦੇ ਨੇੜੇ ਬਣਿਆ ਹੋਇਆ ਹੈ)। | ੧ |
| ੧੧. | ਸ੍ਰੀ ਸਾਹਿਬ—ਬਾਬਾ ਗੁਰਬਖਸ਼ ਸਿੰਘ ਜੀ ਸ਼ਹੀਦ ਦਾ (ਜਿਨ੍ਹਾ ਦਾ ਸ਼ਹੀਦ ਠੋਕਰ ਚਾਦੀ ਗੰਜ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਿਛਲੇ ਪਾਸੇ ਬਣਿਆ ਹੋਇਆ ਹੈ)। | ੧ |
| ੧੨. | ਸ੍ਰੀ ਸਾਹਿਬ—ਅਕਾਲੀ ਫੂਲਾ ਸਿੰਘ ਜੀ ਸ਼ਹੀਦ ਦਾ | ੧ |
| ੧੩. | ਖੜਗ—ਜਿਸ ਦਾ ਦੂਜਾ ਨਾਮ ਤੇਗਾ ਹੈ, ਭਾਈ ਬਚਿੱਤ੍ਰ ਸਿੰਘ ਜੀ ਸ਼ਹੀਦ ਦਾ (ਜਿਨ੍ਹਾ ਨੇ ਪਹਾੜੀਆਂ ਦੇ ਮਸਤ ਹਾਥੀ ਨੂੰ ਮੁਕਾਬਲਾ ਕਰਕੇ ਭਜਾ ਦਿੱਤਾ ਸੀ ਵਾਪਸ ਆਉਣ ਤੇ ਦਸਮ ਪਾਤਸ਼ਾਹ ਜੀ ਨੇ ਇਹ ਖੜਗ ਸਿਰੋਪਾਉ ਵਜੋ ਬਖਸ਼ਿਸ਼ ਕੀਤੀ ਸੀ। ਇਸ ਦਾ ਵਜ਼ਨ ੧੦ ਸੇਰ ਪੱਕਾ ਹੈ)। | ੧ |
| ੧੪. | ਤੇਗਾ—ਅਕਾਲੀ ਫੂਲਾ ਸਿੰਘ ਸ਼ਹੀਦ ਦਾ | ੧ |
| ੧੫. | ਗੁਰਜ—ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ। ਇਹ ਸਾਰੀਆਂ ਧਾਤਾਂ ਨੂੰ ਮਿਲਾ ਕੇ ਬਣਾਈ ਹੋਈ ਹੈ। ਇਸ ਦਾ ਵਜ਼ਨ ੧੬ ਸੇਰ ਪੱਕਾ ਹੈ। ਇਹ ਮਾਤਾ ਸੁੰਦਰੀ ਜੀ ਨੇ ਧਰਮ ਵੀਰ ਜੱਸਾ ਸਿੰਘ ਆਹਲੂਵਾਲੀਏ ਨੂੰ ਬਖਸ਼ੀ ਸੀ। | ੧ |

www.sikhbookclub.com



੧੬. ਸਫਾ ਜੰਗ—ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ। ਇਹ ਵੀ ਸਾਰੀਆ ਧਾਤਾਂ ਦਾ ਮਿਲਾ ਕੇ ਬਣਾਇਆ ਹੋਇਆ ਹੈ। ਦਸਤਾ ਸੁਨਹਿਰੀ ਸਣੇ ਗੁਪਤੀ। ਇਸ ਵਿਚ ਇਕ ਗੁਪਤ ਸ਼ਸਤ੍ਰ ਹੈ ਜੋ ਤਿੱਖਾ ਤੇ ਤੇਜ਼ ਧਾਰ ਵਾਲਾ ਹੈ।। ੧

੧੭. ਕਟਾਰ—ਸ੍ਰੀ ਗੁਰੂ ਹਰਿਗੋਬਿੰਦ ਸਿੰਘ ਜੀ ਦਾ ੧
ਇਹ ਉਸ ਸਮੇਂ ਵਰਤਿਆ ਜਾਂਦਾ ਹੈ ਜਦੋਂ ਦੁਸ਼ਮਣ ਨਜ਼ਦੀਕ ਹੋਵੇ ਜਾਂ ਸ਼ੇਰ ਦਾ ਸ਼ਿਕਾਰ ਖੇਡਣਾ ਹੋਵੇ। ਇਸ ਦੇ ਨਾਲ ਮਹਾਰਾਜ ਜੀ ਸ਼ੇਰ ਦਾ ਸ਼ਿਕਾਰ ਖੇਡਿਆ ਕਰਦੇ ਸਨ। ੧

੧੮. ਕਟਾਰ—ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਜਿਸ ਦਾ ਦਸਤਾ ਸੁਨਹਿਰੀ ਹੈ। ੧

੧੯. ਕਟਾਰ—ਸਾਹਿਬਜ਼ਾਦਾ ਅਜੀਤ ਸਿੰਘ ਜੀ ਦਾ ੧

੨੦. ਕਟਾਰ—ਸਾਹਿਬਜ਼ਾਦਾ ਜੁਝਾਰ ਸਿੰਘ ਜੀ ਦਾ ੧

੨੧. ਕਟਾਰ—ਜੱਥੇਦਾਰ ਅਕਾਲੀ ਫੂਲਾ ਸਿੰਘ ਜੀ ਦਾ ੧

੨੨. ਕ੍ਰਿਪਾਨ ਛੋਟੀ—ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ੧
ਗੁਰੂ ਜੀ ਇਸ ਨੂੰ ਹਰ ਵਕਤ ਕਮਰਕੱਸੇ 'ਚ ਧਾਰਨ ਕਰਦੇ ਸਨ।
ਇਸ ਦਾ ਦਸਤਾ ਹਾਥੀ ਦੰਦ ਦਾ ਹੈ। ੧

੨੩. ਪੰਜ ਕਬਜ਼—ਸ੍ਰੀ ਹਰਿਗੋਬਿੰਦ ਸਾਹਿਬ ਜੀ ਦਾ ੧
ਇਹ ਉਦੋਂ ਵਰਤਿਆ ਜਾਂਦਾ ਹੈ ਜਦੋਂ ਦੁਸ਼ਮਣ ਨੇ ਸੰਜੋਅ ਪਹਿਨੀ ਹੋਵੇ, ਉਸ ਨੂੰ ਤਲਵਾਰ ਕੱਟ ਨਹੀਂ ਸਕਦੀ। ਇਹ ਸੰਜੋਅ ਦੀਆਂ ਤਾਰਾਂ ਨੂੰ ਕੱਟ ਕੇ ਮਾਰ ਕਰਨ ਵਾਲਾ ਤਿੱਖਾ ਤੇ ਤੇਜ਼ਧਾਰ ਸ਼ਸਤ੍ਰ ਹੈ।

੨੪. ਪੰਜ ਕਬਜ਼—ਉਪਰੋਕਤ ਨਮੂਨੇ ਦਾ ਬਾਬਾ ਦੀਪ ਸਿੰਘ ਜੀ ਦਾ ਹੈ। ੧

੨੫. ਸ਼ਸਤ੍ਰ ਕ੍ਰਿਪਾਨ ਦੀ ਸ਼ਕਲ ਦਾ—ਬਾਬਾ ਦੀਪ ਸਿੰਘ ਜੀ ਸ਼ਹੀਦ ਦਾ ੧

੨੬. ਪਿਸਤੌਲ—ਬਾਬਾ ਦੀਪ ਸਿੰਘ ਜੀ ਸ਼ਹੀਦ ਦਾ ੧

੨੭. ਪਿਸਤੌਲ—ਬਾਬਾ ਗੁਰਬਖਸ਼ ਸਿੰਘ ਸ਼ਹੀਦ ਦਾ ੧
ਇਹ ਦੋਨੋ ਪਿਸਤੌਲ ਪੁਰਾਣੇ ਨਮੂਨੇ ਦੇ ਹਨ। ਇਨ੍ਹਾਂ ਵਿਚ ਗੋਲੀ ਅੱਗੋ ਦੀ ਪੈਂਦੀ ਹੈ। ਘੋੜਾ ਦਬਾਉਣ ਨਾਲ ਚੱਲਦੇ ਹਨ।

੨੮. ਤੀਰ—ਇਹ ਤੀਰਾਂ ਦਾ ਜੋੜਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਹੈ। ੨
ਦੋਹਾਂ ਤੀਰਾਂ ਦੀਆਂ ਬੈਤ ਦੀਆਂ ਕਾਨੀਆ ਦੇ ਦੋਹਾਂ ਸਿਰਿਆ ਉੱਪਰ ਤੋਲਾ ਤੋਲਾ ਸੋਨਾ ਲੱਗਾ ਹੋਇਆ ਹੈ। ਸਤਿਗੁਰਾ ਦੇ ਧਨੁਸ਼ ਜਾਂ ਕਮਾਣ 'ਚੋਂ ਛੁੱਟਿਆ ਤੀਰ ਖਾਲੀ ਨਹੀ ਸੀ ਜਾਂਦਾ ਜਾਂ ਦੁਸ਼ਮਣ ਨੂੰ ਮਾਰ ਦੇਂਦਾ ਸੀ ਜਾਂ ਜ਼ਖਮੀ ਕਰ ਦੇਂਦਾ ਸੀ। ਇਹ ਤੀਰ 'ਚ ਲੱਗਾ ਹੋਇਆ ਸੋਨਾ ਜ਼ਖਮੀ ਲਈ ਮਲ੍ਹਮ ਪੱਟੀ ਦਾ ਖਰਚ ਸੀ ਤੇ ਮੁਰਦੇ ਲਈ ਕੱਫਨ ਆਦਿ ਲਈ ਖਰਚ ਹੁੰਦਾ ਸੀ।

www.sikhbookclub.com



੨੯. ਖੰਡਾ ਦਰਮਿਆਨਾ ਸਾਈਜ਼— ੧
ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਦਮਾਲੇ 'ਚ ਸਜਾਉਣ ਵਾਲਾ। ਬਾਬਾ ਜੀ ਦਾ ਸਾਰਾ ਕਮਰਕੱਸਾ ਸਵਾ ਮਣ ਕੱਚੇ ਭਾਰ ਦਾ ਸੀ।

੩੦. ਖੰਡੇ ਛੋਟੇ— ਤਿੰਨ ਤਿੰਨ ਇੰਚ ਲੰਬੇ, ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਦਮਾਲੇ 'ਚ ਸਜਾਉਣ ਵਾਲੇ ਹਨ। ੩

੩੧. ਕ੍ਰਿਪਾਨਾ ਛੋਟੀਆਂ— ਬਾਬਾ ਦੀਪ ਸਿੰਘ ਜੀ ਦੇ ਦਮਾਲੇ 'ਚ ਸਜਾਉਣ ਵਾਲੀਆਂ, ਇਨ੍ਹਾਂ ਦੀ ਲੰਬਾਈ ਛੇ ਛੇ ਇੰਚ ਹੈ।

੩੨. ਚੱਕਰ ਵੱਡਾ— ਬਾਬਾ ਦੀਪ ਸਿੰਘ ਜੀ ਦਾ ਗਲ 'ਚ ਸਜਾਉਣ ਵਾਲਾ, ਗਲੇ 'ਚ ਪਾਇਆ ਕ੍ਰਿਪਾਨ ਦਾ ਵਾਰ ਰੋਕਦਾ ਹੈ ਅਤੇ ਜੰਗ ਵਿਚ ਚਲਾਉਣ ਦੇ ਕੰਮ ਆਉਂਦਾ ਹੈ। ੧

੩੩. ਛੋਟੇ ਚੱਕਰ— ਇਹ ਚਾਰ ਚੱਕਰ ਬਾਬਾ ਦੀਪ ਸਿੰਘ ਜੀ ਦੇ ਦਮਾਲੇ ਵਿਚ ਸਜਾਉਣ ਵਾਲੇ ਹਨ। ਇਨ੍ਹਾਂ 'ਚੋਂ ਇਕ ਵੱਡੇ ਸੁਨਹਿਰੀ ਚੱਕਰ ਉੱਤੇ ਪਵਿੱਤਰ ਬਾਣੀ ਲਿਖੀ ਹੋਈ ਹੈ ਅਤੇ ਦੂਜੇ ਛੋਟੇ ਸੁਨਹਿਰੀ ਚੱਕਰ ਉੱਤੇ ਇਕ ਪਾਸੇ ਗੁਰਪ੍ਰਸਾਦਿ ਤਕ ਮੂਲ ਮੰਤ੍ਰ ਲਿਖਿਆ ਹੋਇਆ ਹੈ ਤੇ ਦੂਜੇ ਪਾਸੇ ਦਸਾਂ ਪਾਤਸ਼ਾਹੀਆਂ ਦੇ ਨਾਮ ਲਿਖੇ ਹੋਏ ਹਨ, ਜਿਸ ਤੋਂ ਪਤਾ ਲੱਗਦਾ ਹੈ ਕਿ ਪੁਰਾਤਨ ਗੁਰਸਿੱਖਾਂ ਦਾ ਪਾਵਨ ਗੁਰਬਾਣੀ ਅਤੇ ਸ਼ਸਤ੍ਰਾਂ ਨਾਲ ਬੇਅੰਤ ਪਿਆਰ ਹੋਇਆ ਕਰਦਾ ਸੀ, ਬਾਕੀ ਦੋ ਸਾਦੇ ਹਨ। ੪

੩੪. ਚੱਕਰ— ਇਹ ਗਿਣਤੀ ਵਿਚ ੧੦ ਚੱਕਰ ਹਨ, ਇਹ ਬਾਬਾ ਦੀਪ ਸਿੰਘ ਜੀ ਦੇ ਦੁਮਾਲੇ ਦੇ ਉਪਰ ਦੀ ਸਜਾਉਣ ਵਾਲੇ ਹਨ, ਅਤੇ ਜੰਗ ਦੇ ਸਮੇਂ ਚਲਾਉਣ ਦੇ ਕੰਮ ਵੀ ਆਉਂਦੇ ਹਨ। ੧੦

੩੫. ਸ੍ਰੀ ਸਾਹਿਬ— ਇਹ ਇਤਿਹਾਸਕ ਨਹੀਂ, ਗਿਣਤੀ ਵਿਚ ਛੇ ਹਨ। ਇਨ੍ਹਾਂ ਨੂੰ ਪਹਿਨ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੰਜ ਪਿਆਰੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਅੰਮ੍ਰਿਤ ਦਾ ਬਾਟਾ ਤਿਆਰ ਕਰਕੇ ਅਭਿਲਾਖੀਆਂ ਨੂੰ ਅੰਮ੍ਰਿਤ ਛਕਾਉਂਦੇ ਹਨ। ੬

www.sikhbookclub.com



# ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਪਹਿਲੇ ਮੁੱਖ ਸੇਵਾਦਾਰ (ਜਥੇਦਾਰ)

## ੧. ਭਾਈ ਸਾਹਿਬ ਭਾਈ ਗੁਰਦਾਸ ਜੀ ਸੰਮਤ ੧੬੯੪ ਤਕ

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਚਨਾ ਉਪਰੰਤ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਹਿੱਤ ਭਾਈ ਸਾਹਿਬ ਭਾਈ ਗੁਰਦਾਸ ਜੀ ਨੂੰ ਨਿਯੁਕਤ ਕੀਤਾ ਜਿਸ ਬਾਰੇ ਗੁਰ ਬਿਲਾਸ ਪਾ: ੬, ਅਧਿਆਇ ੮ ਵਿੱਚ ਇਉਂ ਲਿਖਿਆ ਮਿਲਦਾ ਹੈ:-

ਤਖਤ ਪੂਜ ਕਰਬੇ ਨਮਿਤ ਗੁਰਦਾਸ ਭਾਈ ਠਹਿਰਾਇ॥
ਨਿੱਤ ਕਰਾਇ ਸ਼ਨਾਨ ਸੋ ਪੁਸ਼ਪ ਸੁਗੰਧ ਲਗਾਇ॥ ੯੨॥

ਇਸ ਤੋਂ ਸਪਸ਼ਟ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਅਤੇ ਪ੍ਰਬੰਧ ਦੀ ਜ਼ਿੰਮੇਵਾਰੀ ਸਤਿਗੁਰਾਂ ਵੱਲੋਂ ਭਾਈ ਗੁਰਦਾਸ ਜੀ ਨੂੰ ਸੌਂਪੀ ਗਈ। ਆਪ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਮੁੱਖ ਸੇਵਾਦਾਰ ਥਾਪਿਆ ਗਿਆ। ਅੱਜ ਕੱਲ ਹਰ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਨੂੰ ਜਥੇਦਾਰ ਕਿਹਾ ਜਾਂਦਾ ਹੈ। ਇਵੇਂ ਭਾਈ ਗੁਰਦਾਸ ਜੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਹਿਲੇ ਜਥੇਦਾਰ ਨਿਯੁਕਤ ਹੋਏ।

ਭਾਈ ਰਣਧੀਰ ਸਿੰਘ ਦੀ ਲਿਖਤ 'ਭਾਈ ਗੁਰਦਾਸ ਜੀ ਭੱਲੇ ਦਾ ਜੀਵਨ' ਦੇ ਪੰਨਾ ੫ ਅਨੁਸਾਰ ਭਾਈ ਗੁਰਦਾਸ ਜੀ ਦਾ ਜਨਮ ੧੬੦੮ ਬਿ: ਵਿੱਚ ਹੋਇਆ। ਭਾਈ ਵੀਰ ਸਿੰਘ ਜੀ ਵੀ ਏਸੇ ਮੱਤ ਦੇ ਹਨ। ਆਪ ਜੀ ਦੇ ਪਿਤਾ ਦਾ ਨਾਮ ਈਸ਼ਰ ਦਾਸ ਸੀ ਪਰ ਪ੍ਰੋ: ਸਰਦੂਲ ਸਿੰਘ ਜੀ ਨੇ ਪਿਤਾ ਦਾ ਨਾਮ ਦਾਤਾਰ ਚੰਦ ਅਤੇ ਮਾਤਾ ਦਾ ਨਾਮ ਜੀਵਣੀ ਲਿਖਿਆ ਹੈ। ਕੇਸਰ ਸਿੰਘ ਛਿੱਬਰ ਨੇ ਬੰਸਾਵਲੀ ਨਾਮਾ ਵਿੱਚ ਲਿਖਿਆ ਹੈ ਕਿ ਵਿਸ਼ਨਦਾਸ ਭੱਲੇ ਖੱਤਰੀ ਦੇ ਪੁੱਤਰ ਦਾ ਨਾਮ ਹਰਿ ਜੀ ਸੀ। ਹਰਿ ਜੀ ਦੇ ਤਿੰਨ ਪੁੱਤਰ ਸਨ— ਤੇਜ ਭਾਨ, ਚੰਦਰ ਭਾਨ ਅਤੇ ਭਾਨ ਚੰਦ। ਤੇਜਭਾਨ ਦੇ ਪੁੱਤਰ ਹੋਏ ਸ੍ਰੀ ਗੁਰੂ ਅਮਰਦਾਸ ਜੀ ਅਤੇ ਚੰਦਰ ਭਾਨ। ਚੰਦਰ ਭਾਨ ਦੇ ਦੋ ਪੁੱਤਰ ਦਾਤਾਰ ਚੰਦ ਤੇ ਈਸ਼ਰ ਦਾਸ। ਅੱਗੋਂ ਈਸ਼ਰ ਦਾਸ ਦਾ ਪੁੱਤਰ ਹੋਇਆ ਭਾਈ ਗੁਰਦਾਸ ਜੀ।

ਭਾਈ ਗੁਰਦਾਸ ਈਸ਼ਰ ਭੱਲੇ ਦਾ ਬੇਟਾ। ਈਸ਼ਰ ਦਾਸ ਵਿਸ਼ਨੂੰ ਦਾਸ ਭੱਲੇ ਦਾ.....।*

*ਦੇਖੋ ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ ਚਰਨ ੩, ਅੰਕ ੧੦੦

www.sikhbookclub.com



ਭਾਈ ਗੁਰਦਾਸ ਜੀ ਸ੍ਰੀ ਗੁਰੂ ਅਮਰਦਾਸ ਜੀ ਦੇ ਭਤੀਜੇ, ਬੀਬੀ ਭਾਨੀ ਦੇ ਚਾਚੇ ਦੇ ਪੁੱਤਰ ਭਰਾ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਾਮਾ ਸਨ।

ਭਾਈ ਗੁਰਦਾਸ ਜੀ ਦਾ ਬਚਪਨ ਗੋਇੰਦਵਾਲ ਵਿੱਚ ਹੀ ਲੰਘਿਆ। ਆਪ ਨੇ ਸੰਸਾਰਕ ਤੇ ਅਧਿਆਤਮਕ ਦੋਹਾ ਤਰ੍ਹਾਂ ਦੀ ਵਿਦਿਆ ਗੋਇੰਦਵਾਲ ਰਹਿ ਕੇ ਹੀ ਪ੍ਰਾਪਤ ਕੀਤੀ ਕਿਉਂਕਿ ਉਸ ਸਮੇਂ ਗੋਇੰਦਵਾਲ ਜਿਥੇ ਸ਼ਾਹੀ ਸੜਕ ਉੱਪਰ ਹੋਣ ਕਰਕੇ ਯਾਤਰੂਆਂ ਦੇ ਠਹਿਰਨ ਦਾ ਪ੍ਰਮੁੱਖ ਠਿਕਾਣਾ ਸੀ ਉਥੇ ਵਿਦਿਆ ਦਾ ਵੀ ਕੇਂਦਰ ਸੀ। ਭਾਈ ਰਣਧੀਰ ਸਿੰਘ ਅਨੁਸਾਰ ਭਾਈ ਗੁਰਦਾਸ ਜੀ ਨੇ ਦੇਸੀ ਭਾਸ਼ਾਵਾਂ ਦੀ ਵਿਦਿਆ ਗੋਇੰਦਵਾਲ ਤੋਂ ਅਤੇ ਇਸਲਾਮੀ ਵਿਦਿਆ ਦਾ ਗਿਆਨ ਸੁਲਤਾਨਪੁਰ ਲੋਧੀ ਤੋਂ ਪ੍ਰਾਪਤ ਕੀਤਾ। ਗੁਰੂ ਅਮਰਦਾਸ ਜੀ ਦੇ ਮੁਖੀ ਸਿੱਖਾਂ ਵਿੱਚ ਆਪ ਦੀ ਗਿਣਤੀ ਸੀ। ਸਿੱਖੀ ਦੇ ਪ੍ਰਚਾਰ ਲਈ ਆਪ ਨੂੰ ਬਾਹਰ ਭੇਜਿਆ ਜਾਂਦਾ ਸੀ। ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਸਮਾਉਣ ਸਮੇਂ ਆਪ ਬਾਹਰ ਪ੍ਰਚਾਰ ਦੌਰੇ 'ਤੇ ਸਨ। ਜਿਵੇਂ ਕਿ ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ ਕਿ 'ਅਯੋ ਗੁਰਦਾਸ ਸੁ ਪ੍ਰੇਮ ਬਿਸਾਲੂ'। ਗੁਰੂ ਰਾਮਦਾਸ ਜੀ ਨੂੰ ਮਿਲ ਕੇ ਭਾਈ ਸਾਹਿਬ ਬਹੁਤ ਪ੍ਰਸੰਨ ਹੋਏ ਤੇ ਬੇਨਤੀ ਕੀਤੀ 'ਮੋ ਕਉ ਸਿੱਖੀ ਦੇਹੁ ਮਹਾਨੀ'। ਗੁਰੂ ਸਾਹਿਬ ਨੇ ਪ੍ਰਸੰਨ ਹੋ ਕੇ ਅੱਗੋਂ ਕਿਹਾ:

*ਸਿਮਰਹੁ ਵਾਹਿਗੁਰੂ ਸਤਿਨਾਮੁ। ਜਾਂ ਤੇ ਪਾਵਹੁ ਸੁਖ ਬਿਸਰਾਮੁ॥ ੬੯॥*

*(ਗੁਰਪ੍ਰਤਾਪ ਸੂਰਜ, ਰਾਸਿ, ੨ ਅੰਸੂ ੧੪)*

ਕੁਝ ਸਮੇਂ ਬਾਅਦ ਗੁਰੂ ਜੀ ਨੇ ਆਪ ਜੀ ਨੂੰ ਧਰਮ ਪ੍ਰਚਾਰ ਹਿੱਤ ਆਗਰੇ ਭੇਜ ਦਿੱਤਾ।

*ਅਬਿ ਤੁਮ ਆਗ੍ਰੇ ਮਾਹਿ ਸਿਧਾਵਹੁ।*

ਇਸ ਦੌਰੇ ਸਮੇਂ ਆਪ ਬੁਰਹਾਨਪੁਰ, ਲਖਨਊ ਅਤੇ ਰਾਜਸਥਾਨ ਦੇ ਇਲਾਕੇ ਵਿੱਚ ਧਰਮ ਪ੍ਰਚਾਰ ਕਰਦੇ ਰਹੇ। ਗੁਰੂ ਰਾਮਦਾਸ ਜੀ ਦੇ ਜੋਤੀ ਜੋਤਿ ਸਮਾ ਜਾਣ ਬਾਅਦ ਜਦ ਗੁਰੂ ਅਰਜਨ ਦੇਵ ਜੀ ਗੁਰਤਾ ਗੱਦੀ ਨਸ਼ੀਨ ਹੋਏ ਤਾਂ ਪ੍ਰਿਥੀ ਚੰਦ ਨੇ ਵਿਰੋਧ ਕੀਤਾ। ਉਸ ਦੇ ਵਿਰੋਧ ਨੂੰ ਠਲ੍ਹ ਪਾਉਣ ਲਈ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਬਹੁਤ ਯਤਨ ਕੀਤੇ। ਪ੍ਰਿਥੀ ਚੰਦ ਨੂੰ ਸਮਝਾਇਆ ਪਰ ਉਹ ਆਪਣੀ ਜ਼ਿਦ 'ਤੇ ਅੜਿਆ ਰਿਹਾ ਤਾਂ ਭਾਈ ਸਾਹਿਬ ਨੇ ਉਸ ਨੂੰ ਮੀਣੇ ਦਾ ਖਿਤਾਬ ਦਿੱਤਾ। ਸਿੱਖ ਸੰਗਤਾਂ ਨੂੰ ਸਹੀ ਹਾਲਾਤ ਤੋਂ ਜਾਣੂੰ ਕਰਵਾਇਆ ਜਿਸ ਕਰਕੇ ਪ੍ਰਿਥੀ ਚੰਦ ਦੇ ਬਹਕਾਵੇ ਕਾਰਨ ਗੁਰੂ ਘਰ ਤੋਂ ਉਖੜੀਆਂ ਸੰਗਤਾਂ ਨੂੰ ਮੁੜ ਗੁਰੂ ਚਰਣਾਂ ਨਾਲ ਜੋੜਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸਮੇਂ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਦਾ ਸਭ ਤੋਂ ਵੱਧ ਯੋਗਦਾਨ ਸੀ। ਗੁਰਬਾਣੀ ਇਕੱਤਰ ਕਰਨੀ, ਤਰਤੀਬ ਦੇਣੀ ਆਦਿ ਬੜੀ ਜ਼ਿੰਮੇਵਾਰੀ ਵਾਲੇ ਕਾਰਜ ਸਨ। ਫਿਰ ਸੰਪੂਰਨ ਬੀੜ ਭਾਈ ਸਾਹਿਬ ਜੀ ਨੇ ਆਪਣੇ ਹੱਥਾਂ ਨਾਲ ਲਿਖੀ ਜਿਸ ਕਰਕੇ ਉਸ ਬੀੜ ਨੂੰ ਹੁਣ ਤਕ ਭਾਈ ਗੁਰਦਾਸ ਵਾਲੀ ਬੀੜ ਆਖਦੇ ਹਨ।

ਗੁਰਮਤਿ ਸਿਧਾਂਤਾਂ ਦੀ ਵਿਆਖਿਆ ਹਿੱਤ ੪੦ ਵਾਰਾਂ ਤੇ ਕਬਿਤ ਸਵੱਯੇ ਆਪ ਜੀ ਨੇ ਰਚੇ, ਛੇ ਸਲੋਕ ਸੰਸਕ੍ਰਿਤ ਵਿੱਚ ਰਚੇ। ਆਪ ਜੀ ਦੀ ਬਾਣੀ ਨੂੰ ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ

www.sikhbookclub.com



ਦੀ ਕੁੰਜੀ ਹੋਣ ਦਾ ਵਰਦਾਨ ਦਿੱਤਾ ਕਿਉਂਕਿ ਜਿਨ੍ਹਾਂ ਗੁਰਮਤਿ ਗੂੜ੍ਹ ਸਿਧਾਤਾ ਨੂੰ ਸਮਝਣ ਵਿੱਚ ਆਮ ਪਾਠਕ ਅਸਮਰੱਥ ਸੀ, ਉਨ੍ਹਾ ਸਿਧਾਂਤਾ ਨੂੰ ਭਾਈ ਗੁਰਦਾਸ ਜੀ ਨੇ ਖੋਜ ਤੇ ਵਿਸਥਾਰ ਸਹਿਤ ਵਰਣਨ ਕੀਤਾ ਹੈ।

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਜੀ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਰਚਨ ਸਮੇਂ ਦਾ ਵਰਣਨ ਕਰਦਿਆਂ ਗੁਰਬਿਲਾਸ ਪਾ: ੬ ਦਾ ਕਰਤਾ ਲਿਖਦਾ ਹੈ:-

***ਕਿਸੀ ਰਾਜ ਨਹਿ ਹਾਥ ਲਗਾਯੋ। ਬੁਢੇ ਔ ਗੁਰਦਾਸ ਬਨਾਯੋ॥....੩੯॥***

*(ਅਧਿਐਨ, ੮)*

ਸ੍ਰੀ ਅਕਾਲ ਤਖਤ ਸਾਹਿਬ ਦਾ ਬੜ੍ਹਾ ਪੱਕਾ ਹੋਣ ਉਪਰੰਤ ਤਖਤ ਸਾਹਿਬ ਦੀ ਪੂਜਾ ਤੇ ਸੇਵਾ ਸੰਭਾਲ ਹਿੱਤ ਛੇਵੇਂ ਸਤਿਗੁਰਾ ਨੇ ਭਾਈ ਗੁਰਦਾਸ ਜੀ ਨੂੰ ਮੁੱਖ ਸੇਵਾਦਾਰ ਨਿਯੁੱਕਤ ਕੀਤਾ। ਇਸ ਸੇਵਾ ਨੂੰ ਆਪ ਨੇ ਜ਼ਿੰਦਗੀ ਭਰ ਪੂਰਨ ਸ਼ਰਧਾ/ਭਾਵਨਾ ਨਾਲ ਨਿਭਾਇਆ।

ਗੁਰੂ ਘਰ ਦੇ ਵਿਵਹਾਰਿਕ ਅਤੇ ਪ੍ਰਬੰਧਕ ਮਾਮਲਿਆਂ ਦੀ ਵਧੇਰੇ ਜ਼ਿੰਮੇਵਾਰੀ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਦੀ ਹੀ ਰਹੀ ਹੈ। ਪਰ ਵਿਸ਼ੇਸ਼ ਤੌਰ 'ਤੇ ਗੁਰਮਤਿ ਪ੍ਰਚਾਰ ਅਤੇ ਗੁਰਬਾਣੀ ਦੇ ਅਰਥ ਅਤੇ ਵਿਆਖਿਆ ਦੀ ਪੜ੍ਹਾਈ ਟਕਸਾਲ ਦੀ ਵੀ ਬਾਬਾ ਬੁੱਢਾ ਜੀ ਤੋ ਬਾਅਦ ਭਾਈ ਸਾਹਿਬ ਜੀ ਦੀ ਵਧੇਰੇ ਜ਼ਿੰਮੇਵਾਰੀ ਸੀ।

ਕਿਉਂਕਿ ਬਾਬਾ ਜੀ ਦੀਆਂ ਪ੍ਰਬੰਧਕੀ ਜ਼ਿੰਮੇਵਾਰੀਆ ਵਧੇਰੇ ਹੋਣ ਕਰਕੇ ਕਥਾ ਵਿਖਿਆਨ ਦਾ ਵਧੇਰੇ ਕੰਮ ਭਾਈ ਗੁਰਦਾਸ ਜੀ ਦੇ ਜ਼ਿੰਮੇ ਸੀ ਜਿਸ ਕਰਕੇ ਬਾਬਾ ਬੁੱਢਾ ਜੀ ਤੋਂ ਉਤਰ ਕੇ ਗੁਰਮਤਿ ਵਿਆਖਿਆ ਦੀ ਟਕਸਾਲ ਦੇ ਮੋਢੀ ਆਪ ਨੂੰ ਹੀ ਮਿਥਿਆ ਜਾ ਸਕਦਾ ਹੈ। ਆਪ ਦੀਆ ਰਚਿਤ ਵਾਰਾਂ ਅਤੇ ਕਬਿੱਤ ਸਵੱਯਾ ਵਿੱਚ ਵੀ ਗੁਰਬਾਣੀ ਦੀਆਂ ਮੁਸ਼ਕਿਲ ਤੁਕਾ ਜਾ ਗੁਰਮਤਿ ਸਿਧਾਂਤਾ ਦੀ ਹੀ ਵਿਆਖਿਆ ਕੀਤੀ ਮਿਲਦੀ ਹੈ। ਭਾਈ ਗੁਰਦਾਸ ਜੀ ਤੀਜੇ ਸਤਿਗੁਰਾ ਤੋ ਛੇਵੇਂ ਸਤਿਗੁਰਾਂ ਤਕ ਗੁਰਬਾਣੀ ਵਿਆਖਿਆ ਤੇ ਗੁਰਮਤਿ ਪ੍ਰਚਾਰ ਦੀ ਡਿਊਟੀ ਨਿਭਾਉਂਦੇ ਰਹੇ ਅਤੇ ਸੰਗਤਾਂ ਦੇ ਸੱਦੇ ਉਪਰ ਆਪ ਭਾਰਤ ਦੇ ਵੱਡੇ-ਵੱਡੇ ਸ਼ਹਿਰਾਂ ਵਿੱਚ ਗੁਰਮਤਿ ਪ੍ਰਚਾਰ ਹਿੱਤ ਪਹੁੰਚਦੇ ਰਹੇ। ਜਿਵੇ ਕਿ ਕਾਸ਼ੀ ਦੇ ਰਾਜੇ ਨੂੰ ਸਿੱਖ ਬਣਾਉਣਾ ਅਤੇ ਉਸ ਦੇ ਦਰਬਾਰ ਵਿੱਚ ਗੁਰਬਾਣੀ ਅਤੇ ਗੁਰ ਇਤਿਹਾਸ ਦੀ ਕਥਾ ਕਰਨ ਬਾਰੇ ਇਤਿਹਾਸ ਵਿੱਚੋਂ ਗਵਾਹੀ ਮਿਲਦੀ ਹੈ। ਇਨ੍ਹਾਂ ਉਪਰੋਕਤ ਕਾਰਨਾਂ ਕਰਕੇ ਭਾਈ ਗੁਰਦਾਸ ਜੀ ਨੂੰ ਸਿੱਖਾਂ ਦਾ ਵੇਦ ਵਿਆਸ ਕਹਿ ਕੇ ਪੁਕਾਰਿਆ ਜਾਂਦਾ ਹੈ।

ਗੁਰੂ ਹਰਿਗੋਬਿੰਦ ਸਿੰਘ ਜੀ ਦੀ ਮੌਜੂਦਗੀ ਵਿੱਚ ਆਪ ਦਾ ਦੇਹਾਂਤ ਭਾਦਰੋ ਸੁਦੀ ੮, ੧੬੯੪ ਬਿ: ਨੂੰ ਗੋਇੰਦਵਾਲ ਵਿਖੇ ਹੋਇਆ। ਗੁਰੂ ਜੀ ਨੇ ਆਪਣੇ ਹੱਥੀ ਸਸਕਾਰ ਕੀਤਾ। ਇਸ ਤੋ ਬਾਅਦ ਭਾਈ ਮਨੀ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਦੀ ਸੇਵਾ ਨਿਭਾਉਣ ਦੇ ਨਾਲ-ਨਾਲ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਸੇਵਾ ਵੀ ਕਰਦੇ ਰਹੇ।

www.sikhbookclub.com



# ਭਾਈ ਸਾਹਿਬ ਭਾਈ ਮਨੀ ਸਿੰਘ ਜੀ

ਭਾਈ ਮਨੀ ਸਿੰਘ ਜੀ ਸ਼ਹੀਦ ਚੰਦ੍ਰ ਵੰਸ਼ੀ ਭਾਰਦ੍ਵਾਜੀ ਪੰਵਾਰ ਗੋਤ ਦੇ ਖਾਨਦੇਸ਼ ਵਾਲੇ ਰਾਜਪੂਤ ਘਰਾਣੇ ਵਿਚੋਂ ਸਨ। ਇਨ੍ਹਾਂ ਦੀ ਬੰਸ ਪ੍ਰਣਾਲੀ ਹੇਠ ਲਿਖੇ ਅਨੁਸਾਰ ਹੈ:-

ਮੱਘ, ਮੱਘ ਦਾ ਪੁੱਤਰ ਭੋਜ, ਭੋਜ ਦਾ ਜੈਸੀ, ਜੈਸੀ ਦਾ ਸਪਟ-ਮੁਕਟ, ਸਪਟ ਮੁਕਟ ਦਾ ਚਤੁਰ ਮੁਕਟ, ਚਤੁਰ ਮੁਕਟ ਦਾ ਉਦੇ ਦੀਪ, ਉਦੇ ਦੀਪ ਦਾ ਜਗਦੇਵ ਤੇ ਰਨਧੋਲ, ਰਨਧੋਲ ਦਾ ਉਧਾਰ, ਉਧਾਰ ਦਾ ਅੰਬੀਆ, ਅੰਬੀਆ ਦਾ ਲੋਈਆ, ਲੋਈਆ ਦਾ ਬੀਝਾ, ਬੀਝਾ ਦਾ ਜਗਨਾ, ਜਗਨਾ ਦਾ ਮਾਲਾ, ਮਾਲਾ ਦਾ ਰਾਦਾ, ਰਾਦਾ ਦਾ ਲਖਮਣ, ਲਖਮਣ ਦਾ ਜੱਲਾ, ਜੱਲਾ ਦਾ ਹਾਫਾ, ਹਾਫਾ ਦਾ ਚਾਹੜ, ਚਾਹੜ ਦਾ ਰਾਊ, ਰਾਊ ਦਾ ਮੂਲਾ, ਮੂਲਾ ਦਾ ਬੱਲੂ, ਬੱਲੂ ਦਾ ਮਾਈਦਾਸ ਤੇ ਮਾਈਦਾਸ ਦਾ ਪੁੱਤਰ ਭਾਈ ਮਨੀ ਸਿੰਘ ਜੀ ਸ਼ਹੀਦ।

ਭਾਈ ਮਨੀ ਸਿੰਘ ਜੀ ਦੇ ਵੱਡ-ਵਡੇਰੇ ਕਿਸੇ ਸਮੇਂ ਖਾਨਦੇਸ਼ ਤੋਂ ਹਿਮਾਚਲ ਪ੍ਰਦੇਸ਼ ਦੇ ਨਗਰ ਨਾਹਨ ਵਿਚ ਆ ਵਸੇ ਸਨ ਜਿਨ੍ਹਾਂ ਦਾ ਪਤਾ ਜੀਂਦ ਦੇ ਪਰਗਣੇ ਤਲਉਂਢੇ ਦੇ ਭੱਟਾਂ ਦੀ ਵਹੀ ਵਿਚ ਸੰਮਤ ੧੪੯੦ ਬਿ. (੧੪੩੩ ਈ.) ਦੀ ਯਾਦਦਾਸ਼ਤ ਵਿਚ ਦਰਜ ਹੈ। ਉਪਰੋਕਤ ਵਹੀ ਅਨੁਸਾਰ ੧੫੯੨ ਬਿ. ਤਕ ਇਹ ਖਾਨਦਾਨ ਨਾਹਨ ਵਿਚ ਵਸਦਾ ਰਿਹਾ। ਇਹੋ ਖਾਨਦਾਨ ਫਿਰ ੧੬੦੦ ਬਿ. ਤੋਂ ਪਹਿਲਾ-ਪਹਿਲਾ ਮੁਲਤਾਨ ਦੇ ਪਿੰਡ ਅਲੀਪੁਰ ਵਿਚ ਜਾ ਵਸਿਆ।

## ਜਨਮ :-

ਉਪਰੋਕਤ ਚੰਦਰ ਵੰਸ਼ੀ ਭਾਰਦ੍ਵਾਜੀ ਪੰਵਾਰ ਗੋਤ ਦੇ ਰਾਜਪੂਤ ਭਾਈ ਬੱਲੂ ਦੇ ਪੁੱਤਰ ਭਾਈ ਮਾਈਦਾਸ ਦੇ ਘਰ ੧ ਚੇਤ ਸੁਦੀ ਦੁਆਦਸੀ ਐਤਵਾਰ ਸੰਮਤ ੧੭੦੧ ਬਿ. (੧੦ ਮਾਰਚ ੧੬੪੪ ਈ.) ਨੂੰ ਮਾਤਾ ਮਧਰੀ ਬਾਈ ਦੇ ਉਦਰ ਤੋਂ ਪਿੰਡ ਅਲੀਪੁਰ 'ਉਤਰੀ', ਤਹਿਸੀਲ ਤੇ ਜ਼ਿਲਾ ਮੁਜ਼ੱਫਰਗੜ੍ਹ (ਅੱਜ ਕੱਲ ਪੱਛਮੀ ਪੰਜਾਬ, ਪਾਕਿਸਤਾਨ) ਵਿਚ ਭਾਈ ਮਨੀ ਸਿੰਘ ਜੀ ਸ਼ਹੀਦ ਦਾ ਜਨਮ ਹੋਇਆ।

੧੭੧੪ ਬਿ. (੧੬੫੭ ਈ.) ਨੂੰ ਜਦ ਆਪ ਦੀ ਉਮਰ ੧੩ ਸਾਲ ਦੀ ਸੀ ਤਾਂ ਆਪ ਨੇ ਆਪਣੇ ਪਿਤਾ ਭਾਈ ਮਾਈ ਦਾਸ ਦੇ ਨਾਲ ਕੀਰਤਪੁਰ ਸਾਹਿਬ ਆ ਕੇ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਇ ਜੀ ਦੇ ਪਹਿਲੀ ਵਾਰ ਦਰਸ਼ਨ ਕੀਤੇ।

www.sikhbookclub.com



੧੫ ਸਾਲ ਦੀ ਉਮਰ ਵਿਚ ਹਾੜ ਸੁਦੀ ੧੫ ਪੂਰਨਮਾਸ਼ੀ ਵਾਲੇ ਦਿਨ ਪਿੰਡ ਖੈਰਪੁਰ ਸਦਾਤ ਜ਼ਿਲਾ ਮੁਜ਼ੱਫਰਗੜ੍ਹ ਵਿਚ ਜਾਦੋ ਬੰਸੀ ਬੜਤੀਏ ਕਨਾਵਤਾਂ ਦੇ ਘਰ ਭਾਈ ਲੱਖੀ ਰਾਇ ਦੀ ਪੁੱਤਰੀ ਸੀਤੋਬਾਈ ਨਾਲ ਆਪ ਦਾ ਵਿਆਹ ਹੋਇਆ।

ਸੱਤਵੇਂ ਸਤਿਗੁਰਾਂ ਦੇ ਜੋਤੀ ਜੋਤ ਸਮਾ ਜਾਣ ਤੋਂ ਬਾਅਦ ਭਾਈ ਮਨੀ ਸਿੰਘ ਜੀ ਅੱਠਵੇਂ ਸਤਿਗੁਰਾਂ ਦੀ ਸੇਵਾ ਵਿਚ ਰਹੇ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨਾਲ ਦਿੱਲੀ ਜਾਣ ਵਾਲੇ ਸਿੱਖਾਂ ਵਿਚ ਆਪ ਸ਼ਾਮਲ ਸਨ।

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਜਦ ਦਿੱਲੀ ਵਿਖੇ ੩ ਵਿਸਾਖ ਚੇਤਰ ਸੁਦੀ ੧੪ ਸੰਮਤ ੧੭੨੧ ਬਿ. (੩੦ ਮਾਰਚ ੧੬੬੪ ਈ.) ਨੂੰ ਜੋਤੀ ਜੋਤ ਸਮਾ ਗਏ ਤਾਂ ਭਾਈ ਮਨੀ ਸਿੰਘ ਜੀ, ਸਤਿਗੁਰਾਂ ਦੀ ਮਾਤਾ, ਮਾਤਾ ਸੁਲੱਖਣੀ ਜੀ ਨਾਲ ਬਾਬਾ ਬਕਾਲਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸੇਵਾ ਵਿਚ ਆ ਹਾਜ਼ਰ ਹੋਏ। ਸ਼ਹੀਦ ਹੋਣ ਲਈ ਦਿੱਲੀ ਨੂੰ ਚਲਣ ਸਮੇਂ ਤਕ ਆਪ ਨੌਵੇਂ ਸਤਿਗੁਰਾਂ ਦੇ ਮੁਹਰੀ ਸਿੱਖਾਂ 'ਚ ਰਹੇ।

ਸੰਮਤ ੧੭੩੨ ਬਿ. (੧੬੭੫ ਈ.) ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਜਦ ਦਿੱਲੀ ਵਿਖੇ ਤਿਲਕ ਜੰਞੂ ਦੀ ਰੱਖਿਆ ਹਿਤ ਸ਼ਹੀਦੀ ਦੇ ਕੇ ਕਲਜੁਗ ਵਿਚ ਵੱਡਾ ਸਾਕਾ ਕਰ ਗਏ, ਉਸ ਸਮੇਂ ਭਾਈ ਮਨੀ ਸਿੰਘ ਜੀ ਅਨੰਦਪੁਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਸੇਵਾ ਵਿਚ ਤੱਤਪਰ ਸਨ।

ਆਪ ਨੂੰ ਗੁਰਬਾਣੀ ਦਾ ਪ੍ਰਬੀਨ ਲਿਖਾਰੀ ਤੇ ਗੁਰਮਤਿ ਦਾ ਵਿਦਵਾਨ ਹੋਣ ਕਰਕੇ ਸੰਮਤ ੧੭੩੬ ਬਿ. ਵਿਚ ਦਸਮ ਪਾਤਸ਼ਾਹ ਜੀ ਨੇ ਗੁਰਬਾਣੀ ਦੇ ਗੁਟਕੇ, ਪੋਥੀਆਂ ਤੇ ਆਦਿ ਗ੍ਰੰਥ ਦੀਆਂ ਬੀੜਾਂ ਦੇ ਲਿਖਣ ਲਿਖਾਉਣ ਦੀ ਸੇਵਾ ਉਪਰ ਨਿਯੁਕਤ ਕਰ ਦਿੱਤਾ।

*ਆਯੂ ਪੈਤੀ ਬਰਖ ਕੀ ਮਨੀ ਸਿੰਘ ਕੀ ਆਹਿ।*
*ਲਿਖੇ ਲਿਖਾਏ ਪੋਥੀਆਂ ਮਨ ਮਹਿ ਬਹੁ ਉਤਸ਼ਾਹਿ॥ ੪੦॥*

(ਸੇਵਾ ਸਿੰਘ ਕ੍ਰਿਤ ਸ਼ਹੀਦ ਬਿਲਾਸ, ਪੰ. ੬੦)

ਬੰਸਾਵਲੀ ਨਾਮਾ, ਰਹਿਤ ਕੇਸਰ ਸਿੰਘ ਛਿੱਬਰ ਅਤੇ ਚੋਪਾ ਸਿੰਘ ਦੇ ਰਹਿਤ ਨਾਮੇ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਕਰਤਾਰਪੁਰ ਦੇ ਸੋਢੀਆਂ ਪਾਸੋਂ ਗੁਰੂ ਅਰਜਨ ਸਾਹਿਬ ਵਾਲੀ ਬੀੜ ੧੭੩੫ ਬਿ. ਵਿਚ ਮੰਗ ਭੇਜੀ ਕਿਉਂਕਿ ਧੀਰ ਮੱਲ ਮੱਘਰ ਸੁਦੀ ਦੂਜ, ਸੰਮਤ ੧੭੩੪ ਬਿ. (੧੬੭੭ ਈ.) ਨੂੰ ਸੁਰਗਵਾਸ ਹੋ ਗਏ ਸਨ। (ਕਰਤਾਰਪੁਰ ਦੀ ਇਕ ਲਿਖਤ ਆਦਿ ਬੀੜ ਦੇ ਚਰਿੱਤ੍ਰ ਜੋਤੀ ਜੋਤ ਸਮਾਵਣ ਵਿਚੋਂ) ਪਰ ਧੀਰ ਮੱਲ ਦੇ ਵੰਸ਼ਜਾਂ ਵਲੋਂ ਬੀੜ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਜਿਸ ਕਰਕੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਹੋਰ ਹੱਥ ਲਿਖਤ ਬੀੜਾਂ ਮੰਗਵਾ ਕੇ ਭਾਈ ਮਨੀ ਸਿੰਘ ਜੀ ਨੂੰ ਉਨ੍ਹਾਂ ਦੇ ਸ਼ੁੱਧ ਉਤਾਰੇ ਕਰਵਾਉਣ ਦੀ ਸੇਵਾ ਬਖਸ਼ੀ ਹੋਈ ਸੀ। ਜਿਸ ਨੂੰ ਆਪ ਪੂਰੀ ਯੋਗਤਾ ਨਾਲ ਨਿਭਾਉਂਦੇ ਰਹੇ। ਜਿਸ ਕਰਕੇ ਸੰਗਤਾਂ ਨੂੰ ਆਦਿ ਗ੍ਰੰਥ ਦੀਆਂ ਬੀੜਾਂ ਦੇ ਸ਼ੁੱਧ ਉਤਾਰੇ ਸੁਲੱਭ ਪ੍ਰਾਪਤ ਹੁੰਦੇ ਰਹੇ।

www.sikhbookclub.com



੧੭ ਵੈਸਾਖ ਸੰਮਤ ੧੭੪੨ ਬਿ. (੧੬੮੫ ਈ.) ਰਾਜਾ ਮੇਦਨੀ ਪ੍ਰਕਾਸ਼ ਦੇ ਸੱਦੇ 'ਤੇ ਗੁਰੂ ਜੀ ਨਾਹਨ ਗਏ, ਉਸ ਸਮੇਂ ਭਾਈ ਮਨੀ ਸਿੰਘ ਜੀ ਸਤਿਗੁਰਾਂ ਦੇ ਨਾਲ ਸਨ।

੩ ਅੱਸੂ ਭਾਦਰੋਂ ਸੁਦੀ ੮ ਸੰਮਤ ੧੭੪੪ ਬਿ. (੧ ਸਤੰਬਰ ੧੬੮੭ ਈ.) ਨੂੰ ਬਾਬਾ ਰਾਮ ਰਾਇ ਜੀ ਦੀ ਮੌਤ ਖੁਰਵਧੀ (ਨਿਵਾਨਾ, ਦੇਹਰਾਦੂਨ) ਵਿਖੇ ਹੋਈ। ਉਨ੍ਹਾਂ ਦੀ ਸੁਪੱਤਨੀ ਪੰਜਾਬ ਕੌਰ ਦੇ ਸੱਦੇ 'ਤੇ ਸਤਾਰ੍ਹਵੀਂ ਦੇ ਮੌਕੇ 'ਤੇ ਗੁਰੂ ਜੀ ਭਾਈ ਮਨੀ ਸਿੰਘ ਜੀ ਨੂੰ ਆਪਣੇ ਨਾਲ ਲੈ ਕੇ ਗਏ।

ਅਗਲੇ ਸਾਲ ੧੪ ਭਾਦਰੋਂ ਸੁਦੀ ਅਸ਼ਟਮੀ ਸੰ. ੧੭੪੫ ਬਿ. (੨੪ ਅਗਸਤ ੧੬੮੮ ਈ.) ਨੂੰ ਬਾਬਾ ਰਾਮ ਰਾਇ ਜੀ ਦੀ ਬਰਸੀ ਤੇ ਗੁਰੂ ਜੀ ਆਪ ਨਾ ਜਾ ਸਕੇ। ਆਪਣੀ ਜਗ੍ਹਾ ਭਾਈ ਮਨੀ ਸਿੰਘ ਜੀ ਨੂੰ ਭੇਜਿਆ ਤੇ ਨਾਲ ਦੀਵਾਨ ਨੰਦ ਚੰਦ 'ਸੰਘਾ' ਤੇ ਪ੍ਰੋਹਿਤ ਦਇਆ ਰਾਮ ਆਦਿ ੫੦ ਚੋਣਵੇਂ ਸਿੱਖ ਭੇਜੇ। ੧੮ ਅੱਸੂ ਵਦੀ ਚੌਥ ਸੰਮਤ ੧੭੪੫ ਬਿ: ( ੧੮ ਸਤੰਬਰ ੧੬੮੮ ਈ:) ਨੂੰ ਭੰਗਾਣੀ ਦੇ ਜੰਗ ਤੋਂ ਪਿਛੋਂ ੨੨ ਚੇਤਰ ਸੰਮਤ ੧੭੪੭ ਬਿ. (੨੦ ਮਾਰਚ ੧੬੯੧ ਈ.) ਨੂੰ ਨਦੌਣ ਦੀ ਜੰਗ ਹੋਈ। ਭਾਈ ਮਨੀ ਸਿੰਘ ਜੀ ਇਨ੍ਹਾਂ ਜੰਗਾਂ ਵਿਚ ਸ਼ਾਮਲ ਹੋ ਕੇ ਲੜੇ। ਇਸ ਦੀ ਪੁਸ਼ਟੀ ਬੋਹਥ ਭੱਟ ਦੇ ਪੁੱਤਰ ਦੇਸੂ ਭੱਟ ਨੇ ਕੀਤੀ ਹੈ।

*(ਦੇਖੋ ਸ਼ਹੀਦ ਬਿਲਾਸ ਦੀ ਭੂਮਿਕਾ, ਪੰਨਾ ੨੫)*

੧੭੪੮ ਬਿ. (੧੬੯੧ ਈ.) ਨੂੰ ਗੁਰੂ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਦੀਵਾਨ ਦੀ ਪਦਵੀ ਬਖਸ਼ੀ। ਇਸ ਦੀ ਪੁਸ਼ਟੀ ਹਰਦੁਆਰ ਦੇ ਪੰਡੇ ਖੇਮ ਚੰਦ ਦੀ ਵਹੀ ਤੋਂ ਹੁੰਦੀ ਹੈ।

*(ਦੇਖੋ ਸ਼ਹੀਦ ਬਿਲਾਸ ਦੀ ਭੂਮਿਕਾ, ਪੰਨਾ ੨੬)*

ਅਨੰਦਪੁਰ ਰਹਿਣ ਸਮੇਂ ਜਿਥੇ ਭਾਈ ਮਨੀ ਸਿੰਘ ਜੀ ਗੁਰਬਾਣੀ ਦੀਆਂ ਪੋਥੀਆਂ ਤੇ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਲਿਖਣ-ਲਿਖਾਉਣ ਦੀ ਸੇਵਾ ਕਰ ਰਹੇ ਸਨ। ਉਥੇ ਹਰ ਰੋਜ਼ ਸੰਗਤਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਕਥਾ ਸੁਣਾ ਕੇ ਵੀ ਨਿਹਾਲ ਕਰਦੇ ਰਹੇ-

*ਕਥਾ ਰੋਜ਼ ਗੁਰੂ ਗ੍ਰੰਥ ਕੀ ਸੰਗਤ ਤਾਈਂ ਸੁਨਾਇ।*
*ਅਨੰਦ ਪੁਰੇ ਕੁਛ ਸਮਾ ਇਮ, ਬੀਤ ਗਯੋ ਬੀਆਇ॥੭੯॥*

*(ਸ਼ਹੀਦ ਬਿਲਾਸ, ਪੰਨਾ ੬੯)*

ਜਦ ਦਸਮ ਪਾਤਸ਼ਾਹ ਜੀ ਨੇ ੧੭੫੬ ਬਿ. ਦੀ ਵਿਸਾਖੀ ਵਾਲੇ ਦਿਨ ਪੰਜਾਂ ਪਿਆਰਿਆਂ ਦੀ ਚੋਣ ਕਰਕੇ ਉਨ੍ਹਾਂ ਨੂੰ ਆਪਣੇ ਹੱਥੀਂ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰ ਕੇ ਛਕਾਇਆ ਤੇ ਉਨ੍ਹਾਂ ਪੰਜਾਂ ਪਾਸੋਂ ਅੰਮ੍ਰਿਤਪਾਨ ਕਰ ਕੇ-

*'ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ'*

ਅਖਵਾਇਆ। ਉਸ ਸਮੇਂ ਕਲਗੀਧਰ ਜੀ ਨੇ ਹੋਰ ਸਿੰਘਾਂ ਨਾਲ ਭਾਈ ਮਨੀ ਸਿੰਘ ਜੀ ਨੂੰ ਆਪਣੇ ਹੱਥੀਂ ਅੰਮ੍ਰਿਤ ਛਕਾ ਕੇ ਮਨੀ ਰਾਮ ਤੋਂ ਮਨੀ ਸਿੰਘ ਬਣਾਇਆ। ਉਪਰੰਤ ਭਾਈ ਮਨੀ ਸਿੰਘ ਜੀ ਨੇ ਆਪਣੇ ਪੰਜ ਪੁੱਤਰ ਬਚਿੱਤਰ ਸਿੰਘ, ਉਦੈ ਸਿੰਘ, ਅਨਿਕ ਸਿੰਘ, ਅਜਬ ਸਿੰਘ ਤੇ ਅਜਾਇਬ

www.sikhbookclub.com



ਸਿੰਘ ਕਲਗੀਧਰ ਜੀ ਦੇ ਭੇਟਾ ਕੀਤੇ। ਸਤਿਗੁਰਾਂ ਨੇ ਇਨ੍ਹਾ ਪੰਜਾਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ, ਇਹ ਪੰਜੇ ਭਰਾ ਸਤਿਗੁਰਾ ਦੇ ਹਜ਼ੂਰ ਰਹੇ। ਅਨੰਦਗੜ੍ਹ ਦਾ ਕਿਲ੍ਹਾ ਤੋੜਨ ਹਿੱਤ ਪਹਾੜੀਆ ਵਲੋਂ ਭੇਜੇ ਮਸਤ ਹਾਥੀ ਦਾ ਮੁਕਾਬਲਾ ਕਰਨ ਵਾਲਾ ਬਚਿੱਤ੍ਰ ਸਿੰਘ ਭਾਈ ਮਨੀ ਸਿੰਘ ਦਾ ਸਪੁੱਤਰ ਸੀ।

*(ਦੇਖੋ ਸ਼ਹੀਦ ਬਿਲਾਸ, ਪੰਨਾ ੬੮, ਗੁਰਪ੍ਰਤਾਪ ਸੂਰਜ ਗ੍ਰੰਥ, ਰੁਤ ੩, ਅੰਸੂ ੨੦, ਅੰਕ ੨੫ ਤੋਂ ੨੯ ਅਤੇ ਗੁਰਪਦ ਪ੍ਰੇਮ ਪ੍ਰਕਾਸ਼ ਕ੍ਰਿਤ ਸੁਮੇਰ ਸਿੰਘ, ਪੰਨਾ ੧੬੨)*

ਬਾਬਾ ਬੁੱਢਾ ਸਿੰਘ ਜੀ ਨੇ ੧੪ ਮੱਘਰ ਸੁਦੀ ੪ ਸੰਮਤ ੧੬੮੮ ਬਿ. ਨੂੰ ਰਾਮਦਾਸ ਨਗਰ ਵਿਖੇ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਬਚਨ ਬਿਲਾਸ ਕਰਦੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਪੰਜ ਭੌਤਿਕ ਸਰੀਰ ਤਿਆਗ ਕੇ ਜਦ ਆਪਣੀ ਜੋਤਿ ਨੂੰ ਗੁਰੂ ਜੋਤਿ ਵਿਚ ਅਭੇਦ ਕਰ ਲਿਆ ਤਾ ਸਤਿਗੁਰਾ ਆਪਣੇ ਹੱਥੀਂ ਬਾਬਾ ਜੀ ਦਾ ਸਸਕਾਰ ਕੀਤਾ।

ਗੁਰੂ ਅਰਜਨ ਦੇਵ ਜੀ ਨੇ ੧੬੬੧ ਬਿ. ਭਾਦਰੋਂ ਸੁਦੀ ਏਕਮ ਵਾਲੇ ਦਿਨ ਜਦੋਂ ਪਹਿਲੀ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਕੀਤਾ ਸੀ ਤਾ ਬਾਬਾ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਪਹਿਲਾ ਮੁੱਖ ਗ੍ਰੰਥੀ ਥਾਪਿਆ ਗਿਆ ਸੀ। ਬਾਬਾ ਜੀ ਦੇ ਮੁਖ ਗ੍ਰੰਥੀ ਕਾਲ ਵਿਚ ਬਾਬਾ ਜੀ ਦੇ ਗਵਾਲੀਅਰ ਜਾਣ ਸਮੇਂ ਜਾਂ ਹੋਰ ਕਿਸੇ ਜ਼ਰੂਰੀ ਕਾਰਜ ਹਿੱਤ ਬਾਹਰ ਜਾਣ ਸਮੇਂ (ਤਵਾਰੀਖ ਅੰਮ੍ਰਿਤਸਰ ਕੋ ਚੰਦ ਮਾਖਜ ਪੰਨਾ ੧ ਦੀ ਲਿਖਤ ਅਨੁਸਾਰ) ਬਾਬਾ ਜੀ ਦੇ ਚਾਚੇ ਦਾ ਪੁੱਤਰ ਭਰਾ ਭਾਈ ਪਿਆਰਾ ਜੀ ਗ੍ਰੰਥੀ ਦੀ ਸੇਵਾ ਨਿਭਾਉਂਦੇ ਰਹੇ, ਬਾਬਾ ਜੀ ਦੇ ਸਰੀਰ ਤਿਆਗ ਜਾਣ ਤੇ ਬਾਅਦ ਹੋ ਸਕਦਾ ਹੈ ਕਿ ਭਾਈ ਪਿਆਰਾ ਜੀ ਹੀ ਇਹ ਸੇਵਾ ਨਿਭਾਉਂਦੇ ਰਹੇ ਹੋਣ। ਕਈ ਲੇਖਕਾਂ ਨੇ ਬਾਬਾ ਬੁੱਢਾ ਜੀ ਤੋਂ ਬਾਅਦ ਉਨ੍ਹਾਂ ਦੇ ਸਭ ਤੋਂ ਛੋਟੇ ਪੁੱਤਰ ਭਾਨਾ ਜੀ ਨੂੰ ਪ੍ਰਮੁੱਖ ਗ੍ਰੰਥੀ ਦੀ ਸੇਵਾ 'ਤੇ ਨਿਯੁਕਤ ਹੋਇਆ ਲਿਖਿਆ ਹੈ। ਪਰ ਇਹ ਕਥਨ ਕਿਸੇ ਵੀ ਪੁਰਾਤਨ ਲਿਖਤੀ ਸਰੋਤ ਤੋਂ ਸਹੀ ਸਿੱਧ ਨਹੀਂ ਹੋ ਸਕਿਆ। ਜਦ ਅੰਮ੍ਰਿਤਸਰ ਦੇ ਪਹਿਲੇ ਜੰਗ ੧੬੯੧ ਬਿ. ੧੭ ਵਿਸਾਖ ਤੋਂ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਅੰਮ੍ਰਿਤਸਰ ਛੱਡ ਗਏ, ਮੁੜ ਅੰਮ੍ਰਿਤਸਰ ਨਹੀਂ ਆਏ ਤਾਂ ਸਤਿਗੁਰਾਂ ਤੋਂ ਬਾਅਦ ਸਰਕਾਰ ਦੀ ਮਦਦ ਨਾਲ ਪ੍ਰਿਥੀ ਚੰਦ ਦੇ ਪੁੱਤਰ ਮਿਹਰਵਾਨ ( ਜਿਸ ਦਾ ਅਸਲ ਨਾਮ ਮਨੋਹਰ ਦਾਸ ਸੀ) ਨੇ ਸ੍ਰੀ ਹਰਿਮੰਦਰ ਸਾਹਿਬ ਉੱਪਰ ਕਬਜ਼ਾ ਕਰ ਲਿਆ।

ਮਿਹਰਵਾਨ ਦੇ ਦੇਹਾਂਤ ਤੋਂ ਬਾਅਦ ਉਸ ਦਾ ਪੁੱਤਰ ਹਰਿ ਜੀ ਗੱਦੀ 'ਤੇ ਬੈਠਾ। ਹਰਿ ਜੀ ਦੇ ਦੇਹਾਤ ਉਪਰੰਤ ਉਸ ਦਾ ਵੱਡਾ ਪੁੱਤਰ ਨਿਰੰਜਨ ਰਾਇ ਗੱਦੀ 'ਤੇ ਬੈਠਾ ਪਰ ਤਿੰਨ ਭਰਾਵਾ ਦੀ ਆਪਸੀ ਫੁੱਟ ਦੇ ਕਾਰਨ ਉਹ ਤਿੰਨੇ ਹੀ ਅੰਮ੍ਰਿਤਸਰ ਛੱਡ ਕੇ ਵੱਖ-ਵੱਖ ਥਾਵਾਂ 'ਤੇ ਚਲੇ ਗਏ।

ਜਦ ਹਰਿ ਜੀ ਦੀ ਸੰਤਾਨ ਅੰਮ੍ਰਿਤਸਰ ਛੱਡ ਗਈ ਤਾਂ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਕੋਈ ਪ੍ਰਬੰਧਕ ਨਾ ਰਿਹਾ. ਅਜਿਹੀ ਹਾਲਤ ਨੂੰ ਵੇਖ ਕੇ ਸ਼ਹਿਰ ਦੀ ਸੰਗਤ ੧੭੫੬ ਬਿ. ਦੀ ਵਿਸਾਖੀ ਸਮੇਂ ਅਨੰਦਪੁਰ ਸਾਹਿਬ ਕਲਗੀਧਰ ਦੇ ਹਜ਼ੂਰ ਪੁੱਜੀ। ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ

www.sikhbookclub.com



ਤਖ਼ਤ ਸਾਹਿਬ ਦੀ ਸੇਵਾ ਅਤੇ ਪ੍ਰਬੰਧ ਲਈ ਪ੍ਰਬੰਧਕਾਂ ਤੇ ਸੇਵਾਦਾਰਾਂ ਦੀ ਮੰਗ ਕੀਤੀ ਤਾਂ ਸਤਿਗੁਰਾਂ ਨੇ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਮੁੱਖ ਗ੍ਰੰਥੀ ਥਾਪ ਕੇ ਭੇਜਿਆ, ਪ੍ਰਬੰਧ ਅਤੇ ਸੇਵਾ ਹਿਤ ਪੰਜ ਅੰਮ੍ਰਿਤਧਾਰੀ ਤਿਆਰ-ਬਰ-ਤਿਆਰ ਸਿੰਘ ਭਾਈ ਭੂਪਤ ਸਿੰਘ, ਭਾਈ ਗੁਲਜ਼ਾਰ ਸਿੰਘ, ਭਾਈ ਕੋਇਰ ਸਿੰਘ, ਭਾਈ ਦਾਨ ਸਿੰਘ ਤੇ ਭਾਈ ਕੀਰਤ ਸਿੰਘ ਨਾਲ ਭੇਜੇ। ਇਹ ਛੇ ਸਿੰਘ ਇਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤੇ ਇਕ ਨਿਸ਼ਾਨ ਸਾਹਿਬ ਲੈ ਕੇ ਅਨੰਦਪੁਰ ਸਾਹਿਬ ਤੋਂ ਚੱਲੇ। ਸ੍ਰੀ ਅੰਮ੍ਰਿਤਸਰ ਪੁੱਜ ਕੇ ਪ੍ਰਬੰਧ ਸੰਭਾਲ ਕੇ ਹਾਲਾਤ ਦਾ ਜਾਇਜ਼ਾ ਲਿਆ ਤੇ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸ਼ਹੀਦੀ ਦਿਵਸ ਜੇਠ ਸੁਦੀ ਚੌਥ ਵਾਲੇ ਦਿਨ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦਾ ਪ੍ਰਕਾਸ਼ ਕੀਤਾ ਤੇ ਕੇਸਰੀ ਨਿਸ਼ਾਨ ਸਾਹਿਬ ਲਹਿਰਾਇਆ।

ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰ ਦੀ ਧਾਰਮਿਕ ਮਰਯਾਦਾ ਜੋ ਮਿਹਰਵਾਨ ਤੇ ਉਸ ਦੇ ਪੁੱਤਰ ਹਰਿ ਜੀ ਦੇ ਕਬਜ਼ੇ ਸਮੇਂ ਬਦਲ ਗਈ ਸੀ, ਭਾਈ ਮਨੀ ਸਿੰਘ ਜੀ ਨੇ ਦੋਬਾਰਾ ਗੁਰਮਤਿ ਆਸ਼ੇ ਅਨੁਸਾਰ ਆਰੰਭ ਕਰਵਾਈ ਜੋ ਹੁਣ ਤਕ ਚਲ ਰਹੀ ਹੈ। ਸ਼ਹੀਦ ਬਿਲਾਸ ਦੇ ਲੇਖਕ ਸੇਵਾ ਸਿੰਘ ਦੀ ਲਿਖਤ ਅਨੁਸਾਰ ਭਾਈ ਮਨੀ ਸਿੰਘ ਜੀ ਅੰਮ੍ਰਿਤਸਰ ਦੀਆਂ ਸੰਗਤਾਂ ਨੂੰ ਨਾਲ ਲੈ ਕੇ ਕਈ ਵਾਰ ਸ੍ਰੀ ਅਨੰਦਪੁਰ ਸਾਹਿਬ ਦਸ਼ਮ ਪਾਤਸ਼ਾਹ ਜੀ ਦੇ ਦਰਸ਼ਨਾਂ ਹਿਤ ਜਾਂਦੇ ਰਹੇ।

ਸੰਮਤ ੧੭੬੨ ਬਿ. ਵਿਚ ਜਦ ਸਤਿਗੁਰਾਂ ਨੇ ਅਨੰਦਪੁਰ ਛੱਡਿਆ ਤਾਂ ਸਤਿਗੁਰਾਂ ਦੀ ਆਗਿਆ ਅਨੁਸਾਰ ਅੰਮ੍ਰਿਤਸਰੋਂ ਆ ਕੇ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਦੇਵਾਂ ਕੌਰ ਜੀ ਨੂੰ ਨਾਲ ਲੈ ਕੇ ਦਿੱਲੀ ਪਹੁੰਚੇ ਅਤੇ ਸੇਵਾ ਵਿਚ ਹਾਜ਼ਰ ਰਹੇ। ਸੰਮਤ ੧੭੬੨-੬੩ ਵਿਚ ਆਪ ਦਿੱਲੀ ਤੋਂ ਮਾਤਾ ਸਾਹਿਬਾਂ ਦੇ ਨਾਲ ਦਮਦਮੇ ਪੁੱਜੇ। ਏਥੇ ਹੀ ਕਲਗੀਧਰ ਜੀ ਨੇ ਭਾਈ ਮਨੀ ਸਿੰਘ ਜੀ ਦੀ ਕਲਮ ਤੋਂ ਆਪਣੀ ਨਿਗਰਾਨੀ ਵਿਚ ਇਕ ਬੀੜ ਲਿਖਵਾਈ ਜਿਸ ਵਿਚ ਨੌਵੇਂ ਸਤਿਗੁਰਾਂ ਦੀ ਬਾਣੀ ਰਾਗਾਂ ਵਿਚ ਠੀਕ ਥਾਂ ਸਿਰ ਚੜ੍ਹਾਈ। ਇਹ ਬੀੜ ਦਮਦਮੀ ਬੀੜ ਦੇ ਨਾਮ ਨਾਲ ਪ੍ਰਸਿੱਧ ਹੈ। ਮੁਖੀ ਸਿੰਘਾਂ ਦੀ ਚਿਰੋਕਣੀ ਮੰਗ ਸੀ ਕਿ ਸਤਿਗੁਰ ਜੀ ! ਸਿੰਘਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਅਰਥ ਪੜ੍ਹਾਉ। ਇਸ ਮੰਗ ਨੂੰ ਪੂਰਿਆਂ ਕਰਨ ਹਿਤ ਸਤਿਗੁਰੂ ਜੀ ਜਦ ਦਮਦਮੇ ਸਾਹਿਬ ਰਹਿਣ ਸਮੇਂ ਸੁਭਾ ਬੀੜ ਦੀ ਲਿਖਾਈ ਕਰਵਾਉਂਦੇ ਸਨ ਤਦ ਉਸ ਸਮੇਂ ਨਾਲ ਨਾਲ ਹਰ ਰੋਜ਼ ਸ਼ਾਮ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਅਰਥ ਪੜ੍ਹਾਉਣ ਹਿਤ ਸਿੰਘਾਂ ਅਤੇ ਸੰਗਤ ਨੂੰ ਸੰਥਾ ਕਥਾ ਵੀ ਸੁਣਾਂਦੇ ਰਹੇ। ਸੰਪੂਰਨ ਕਥਾ ਦੀ ਸਮਾਪਤੀ ਤੋਂ ਬਾਅਦ ਸਤਿਗੁਰਾਂ ਵਲੋਂ ਭਾਈ ਮਨੀ ਸਿੰਘ ਜੀ ਦੀ ਗੁਰਬਾਣੀ ਦੇ ਅਰਥ ਪੜ੍ਹਾਉਣ ਦੀ ਸਪੈਸ਼ਲ ਡਿਊਟੀ ਲਗਾਈ ਗਈ ਜਿਸ ਅਨੁਸਾਰ ਭਾਈ ਸਾਹਿਬ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੁਖ ਗ੍ਰੰਥੀ ਦੀ ਡਿਊਟੀ ਦੇ ਨਾਲ ਨਾਲ ਗੁਰਬਾਣੀ ਦੇ ਅਰਥਾਂ ਦੀ ਟਕਸਾਲ ਵੀ ਆਰੰਭ ਕੀਤੀ।

ਆਪ ਪਾਸੋਂ ਗੁਰਬਾਣੀ ਦੇ ਅਰਥ ਪੜ੍ਹਨ ਵਾਲੇ ਵਿਦਵਾਨ ਸਿੰਘਾਂ ਨੇ ਅੱਗੋਂ ਇਸ ਸੰਪ੍ਰਦਾਈ ਅਰਥਾਂ ਦੀ ਟਕਸਾਲ ਨੂੰ ਜਾਰੀ ਰੱਖਿਆ, ਜਿਸ ਦੀਆਂ ਅੱਗੋਂ ਕਈ ਸ਼ਾਖਾ ਹੋ ਕੇ ਫੈਲੀਆਂ।

www.sikhbookclub.com



ਇਸੇ ਟਕਸਾਲ ਦੀ ਇਸ ਸਮੇਂ ਇਕ ਪ੍ਰਮੁਖ ਸ਼ਾਖ ਭਿੰਡਰਾਂ ਦੇ ਗਿਆਨੀਆਂ ਦੀ ਟਕਸਾਲ ਹੈ, ਜਿਸ ਦੇ ਸੰਚਾਲਕ ਸੰਤ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂ ਵਾਲੇ ਮਹਾਨ ਵਿਦਵਾਨ ਤੇ ਪਰਉਪਕਾਰੀ ਮਹਾਪੁਰਖ ਹੋਏ ਹਨ। ਇਸ ਟਕਸਾਲ ਨੂੰ ਵਧੇਰੇ ਪ੍ਰਸਿੱਧੀ ਪ੍ਰਾਪਤ ਹੋਈ ਮਹਾਂਪੁਰਖ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਸਮੇਂ, ਜਿਨਾਂ ਪਾਸੋਂ ਹਜਾਰਾਂ ਸਿੰਘਾਂ ਨੇ ਗੁਰਬਾਣੀ ਦੇ ਸੰਪ੍ਰਦਾਈ ਅਰਥ ਪੜ੍ਹੇ ਤੇ ਗੁਰਮਤਿ ਦ੍ਰਿੜ੍ਹ ਕੀਤੀ। ਦਾਸ ਨੂੰ ਵੀ ਆਪ ਜੀ ਦੀ ਸੰਗਤ ਵਿਚ ਰਹਿ ਕੇ ਗੁਰਮਤਿ ਵਿਦਿਆ ਅਤੇ ਗੁਰਮਤਿ ਰਹਿਣੀ ਵਿਚ ਪ੍ਰਪੱਕਤਾ ਹਾਸਲ ਕਰਨ ਦਾ ਮਾਣ ਪ੍ਰਾਪਤ ਹੋਇਆ ਹੈ।

ਸੇਵਾ ਸਿੰਘ ਦੇ ਕਥਨ ਅਨੁਸਾਰ, ਜਦ ਦਸਮ ਪਾਤਸ਼ਾਹ ਦਮਦਮੇ ਸਾਹਿਬ ਤੋਂ ਦੱਖਣ ਨੂੰ ਚਲੇ ਗਏ ਤਾਂ ਭਾਈ ਮਨੀ ਸਿੰਘ ਜੀ ਨਾਲ ਸਨ, ਪਰ ਸਤਿਗੁਰਾਂ ਨੇ ਬਘੌਰ ਤੋਂ ਆਪ ਨੂੰ ਵਾਪਸ ਅੰਮ੍ਰਿਤਸਰ ਭੇਜ ਦਿੱਤਾ ਜਿਥੇ ਆ ਕੇ ਉਹਨਾ ਨੇ ਫਿਰ ਸ੍ਰੀ ਹਰਿਮੰਦਰ ਸਾਹਿਬ ਦੇ ਮੁਖ ਗ੍ਰੰਥੀ ਦੀ ਸੇਵਾ ਸੰਭਾਲ ਲਈ।

## ਸਾਹਿਤ ਸੇਵਾ :-

੧. ਪਾਠਕ ਪਿੱਛੇ ਪੜ੍ਹ ਆਏ ਹਨ ਕਿ ਭਾਈ ਮਨੀ ਸਿੰਘ ਜੀ ਅਨੰਦਪੁਰ ਰਹਿਣ ਸਮੇਂ ਗੁਰਬਾਣੀ ਦੀਆਂ ਪੋਥੀਆਂ ਤੇ ਆਦਿ ਗ੍ਰੰਥ ਦੀਆਂ ਬੀੜਾਂ ਲਿਖਣ-ਲਿਖਾਉਣ ਦੀ ਸੇਵਾ ਕਰਦੇ ਰਹੇ ਹਨ।

੨. ਦਮਦਮੀ ਬੀੜ ਦੀ ਲਿਖਾਈ ਆਪ— ਕੀਤੀ ਅਤੇ ਅੱਗੋਂ ਸਿੰਘਾਂ ਨੂੰ ਸਿਖਾਈ।

੩. ਗੁਰੂ ਗ੍ਰੰਥ ਸਾਹਿਬ ਦੇ ਅਰਥ ਆਪ ਪੜ੍ਹੇ ਅਤੇ ਅੱਗੋਂ ਸਿੰਘਾਂ ਨੂੰ ਪੜ੍ਹਾਏ।

੪. ਕਥਾ ਸਮੇਂ ਸਾਖੀਆਂ ਸੁਣਾਉਂਦੇ ਰਹੇ, ਜਿਨ੍ਹਾਂ ਨੂੰ ਅੱਗੋਂ ਵਿਦਿਆਰਥੀ ਲਿਖ ਲੈਂਦੇ ਰਹੇ। ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦਾ ਟੀਕਾ ਗਿਆਨ ਰਤਨਾਵਲੀ ਅਤੇ ਗਿਆਰ੍ਹਵੀਂ ਵਾਰ ਦਾ ਟੀਕਾ ਭਗਤ ਰਤਨਾਵਲੀ ਨੂੰ ਬਹੁਤੇ ਲੇਖਕਾਂ ਨੇ ਭਾਈ ਮਨੀ ਸਿੰਘ ਜੀ ਦੀ ਰਚਨਾ ਲਿਖਿਆ ਹੈ ਪਰ ਨਵੀਨ ਖੋਜ ਅਨੁਸਾਰ ਤੇ ਕਵੀ ਗੁਲਾਬ ਸਿੰਘ ਕ੍ਰਿਤ ਗੁਰ-ਪ੍ਰਣਾਲੀ ੧੯੦੮ ਬਿ. ਅਨੁਸਾਰ, ਇਹ ਦੋਵੇਂ ਰਚਨਾਵਾਂ ਭਾਈ ਮਨੀ ਸਿੰਘ ਜੀ ਤੋਂ ਸੁਣ ਕੇ ਭਾਈ ਸੂਰਤ ਸਿੰਘ ਜੀ ਨੇ ਲਿਖੀਆਂ ਹਨ। ਇਹ ਰਚਨਾਵਾਂ ਭਾਵੇਂ ਭਾਈ ਸਾਹਿਬ ਨੇ ਆਪ ਨਹੀਂ ਲਿਖੀਆਂ, ਪਰ ਇਨ੍ਹਾਂ ਵਿਚ ਜੋਤਿ ਆਪ ਦੀ ਹੀ ਕੰਮ ਕਰ ਰਹੀ ਹੈ। ਭਾਈ ਸੇਵਾ ਸਿੰਘ ਨੇ ਦੋਹਾਂ ਰਚਨਾਵਾਂ ਦੇ ਰਚਨ ਦਾ ਸੰਮਤ ੧੭੬੪ ਬਿ. ਲਿਖਿਆ ਹੈ।

੫. ਗੁਰਬਿਲਾਸ ਪਾਤਸ਼ਾਹੀ ੬ ਦਾ ਲੇਖਕ ਵੀ ਲਿਖਦਾ ਹੈ, ਕਿ ਇਹ ਗੁਰਬਿਲਾਸ ਦੇ ਪ੍ਰਸੰਗ ਭਾਈ ਮਨੀ ਸਿੰਘ ਜੀ ਨੇ ਭਾਈ ਭਗਤ ਸਿੰਘ ਤੇ ਭਾਈ ਧਰਮ ਸਿੰਘ ਨੂੰ ਸੁਣਾਏ। ਭਾਈ ਧਰਮ ਸਿੰਘ ਕੋਲੋਂ ਸੁਣ ਕੇ ਅੱਗੋਂ ਮੈਂ ਇਹ ਕਵਿਤਾ ਵਿਚ ਲਿਖੇ। ਐਉਂ ਇਹ ਗੁਰਬਿਲਾਸ ਵਿਚ ਵੀ ਭਾਈ ਸਾਹਿਬ ਦੀ ਕਲਾ ਕੰਮ ਕਰਦੀ ਦਿੱਸਦੀ ਹੈ।

www.sikhbookclub.com



੬. ਗੁਰ ਬਿਲਾਸ ਪਾ. ੧੦ ਕ੍ਰਿਤ ਕੋਇਰ ਸਿੰਘ ਨੇ ਵੀ ਇਹ ਲਿਖਿਆ ਹੈ, ਕਿ ਮੈਂ ਇਹ ਪੁਸਤਕ ਭਾਈ ਮਨੀ ਸਿੰਘ ਪਾਸੋਂ ਸੁਣੇ ਵਿਖਿਆਨਾ ਦੇ ਆਧਾਰ ਉੱਪਰ ਲਿਖੀ ਹੈ। ਇਸੇ ਕਰਕੇ ੨੧ਵੇਂ ਅਧਿਆਇ ਦੇ ਅੰਤ ਵਿਚ ਉਹ ਲਿਖਦਾ ਹੈ ਕਿ-

"ਇਤਿ ਸ੍ਰੀ ਗੁਰਬਿਲਾਸ ਸ੍ਰੀ ਮਨੀ ਸਿੰਘ ਮਤ ਵਖਯਾਨ ਬਰਨਨੰ ਨਾਮ ਇਕੀਸਮੋਂ ਧਯਾਇ।।"

ਇਹੋ ਹੀ ਕਾਰਨ ਹੈ ਕਿ ਕੋਇਰ ਸਿੰਘ ਰਚਿਤ ਇਸ ਗੁਰਬਿਲਾਸ ਦਾ ਵਧੇਰੇ ਪ੍ਰਸਿੱਧ ਨਾਮ ਮਨੀ ਸਿੰਘ ਦਾ ਗੁਰਬਿਲਾਸ ਹੀ ਰਿਹਾ ਹੈ। ਮਹੰਤ ਸੁਮੇਰ ਸਿੰਘ ਪਟਨਾ ਨੇ ਇਕ ਥਾਂ ਲਿਖਿਆ ਹੈ-

***ਸੈਨੇ ਸਿੰਘ ਕਹੀ ਗੁਰ ਸੋਭਾ।ਸਤ੍ਰਹ ਸਹਸ ਅਠਸਠ ਨਿਜ ਓਭਾ।***
***ਮਨੀ ਸਿੰਘ ਹੂੰ ਗ੍ਰੰਥ ਬਨਾਯੋ। ਗੁਰ ਬਿਲਾਸ ਅਤਿ ਅਨੂਪਮ ਗਾਯੋ।***

*(ਸ੍ਰੀ ਗੁਰਪਦ ਪ੍ਰੇਮ ਪ੍ਰਕਾਸ਼, ਪੰਨਾ ੬੧੩)*

੭. ਦਸਮ ਗ੍ਰੰਥ ਦੀ ਸੰਪਾਦਨਾ-ਦਸਮ ਪਾਤਸ਼ਾਹ ਜੀ ਦੀ ਬਾਣੀ ਨੂੰ ਇਕੱਤਰ ਕਰਕੇ ਇਸ ਨੂੰ ਦਸਮ ਗ੍ਰੰਥ ਰੂਪ ਵਿਚ ਮੁਕੰਮਲ ਕਰਨ ਵਾਲੇ ਭਾਈ ਮਨੀ ਸਿੰਘ ਜੀ ਹੀ ਹਨ। ਜਿਸ ਦਾ ਪਤਾ ਸਾਨੂੰ ਉਨ੍ਹਾਂ ਵਲੋਂ ੨੨ ਵਿਸਾਖ ਸੰਮਤ ੧੭੬੮ ਬਿ. (੧੭੧੧ ਈ.) ਨੂੰ ਅੰਮ੍ਰਿਤਸਰ ਤੋਂ ਦਿੱਲੀ ਮਾਤਾ ਸੁੰਦਰੀ ਜੀ ਨੂੰ ਲਿਖੀ ਪਤ੍ਰਿਕਾ ਤੋਂ ਲੱਗ ਜਾਂਦਾ ਹੈ। ਇਹ ਬੀੜ ਸੰਮਤ ੧੭੬੮ ਬਿ. (੧੭੧੧ ਈ.) ਤੋਂ ਬਾਅਦ ਭਾਈ ਮਨੀ ਸਿੰਘ ਜੀ ਦੀ ਆਗਿਆ ਨਾਲ ਭਾਈ ਸ਼ੀਹਾਂ ਨੇ ਦਿੱਲੀ ਵਿਚ ਲਿਖਣੀ ਆਰੰਭ ਕੀਤੀ ਸੀ ਤੇ ਇਸ ਦੀ ਸਮਾਪਤੀ ਅਗਲੇ ਸਾਲ ਸੰਮਤ ੧੭੬੯ ਬਿ. (੧੭੧੧ ਈ.) ਨੂੰ ਹੋਈ। ਇਹ ਬੀੜ ਅਫ਼ਗਾਨਸਤਾਨ ਦੇ ਪ੍ਰਸਿੱਧ ਸ਼ਹਿਰ ਕਾਬਲ ਵਿਚ ਭਾਈ ਗੁਰਦਾਸ ਜੀ ਦੇ ਗੁਰਦੁਆਰੇ ਵਿਖੇ ਸੁਰੱਖਿਅਤ ਹੈ। ਇਸ ਦੇ ਪੱਤਰੇ ੫੭੮ ਹਨ। (ਦੇਖੋ ਗੰਡਾ ਸਿੰਘ ਪਟਿਆਲਾ ਲਿਖਤ "ਅਫਗਾਨੀ ਸਫਰਨਾਮਾ" ਇਤਿਹਾਸਕ ਪੱਤਰ ੧੯੫੨-੧੯੫੩ ਈ. ਦਾ ਪੰਨਾ ੫੧)

੮. ਆਦਿ ਗ੍ਰੰਥ ਅਤੇ ਦਸਮ ਗ੍ਰੰਥ ਦਾ ਇਕੱਠਾ ਸੰਪਾਦਨ— ਇਹ ਬੀੜ ਜਿਸ ਵਿਚ ਹਰ ਗੁਰੂ ਸਾਹਿਬ ਦੀ ਬਾਣੀ ਇਕ ਥਾਂ ਲਿਖ ਦਿੱਤੀ ਹੈ ਜਿਵੇਂ ਪਹਿਲਾਂ ਗੁਰੂ ਨਾਨਕ ਸਾਹਿਬ ਫਿਰ ਗੁਰੂ ਅੰਗਦ ਸਾਹਿਬ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ ਬਹਾਦਰ ਸਾਹਿਬ, ਉਪਰੰਤ ਸਾਰਾ ਦਸਮ ਗ੍ਰੰਥ ਭਾਵ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ, ਫਿਰ ਇਸੇ ਤਰ੍ਹਾਂ ਭਗਤਾਂ ਦੀ ਬਾਣੀ ਕਬੀਰ ਜੀ, ਨਾਮਦੇਵ ਜੀ ਤੇ ਰਵਿਦਾਸ ਜੀ ਆਦਿ ਸਾਰੇ ਭਗਤਾਂ ਦੀ ਬਾਣੀ, ਇਕ ਇਕ ਭਗਤ ਦੀ ਸਾਰੀ ਬਾਣੀ ਇਕੋ ਥਾਂ, ਫਿਰ ਸੱਦ, ਫਿਰ ਭੱਟਾਂ ਦੇ ਸਵੱਯੇ, ਅੰਤ ਵਿਚ ਹਕੀਕਤ ਰਾਹ ਮੁਕਾਮ ਰਾਜੇ ਸ਼ਿਵ ਨਾਭ ਕੀ ਤੇ ਅਖੀਰ ਵਿਚ 'ਰਾਗਮਾਲਾ' ਹੈ। ਗੁਰੂਆਂ ਦੀ ਬਾਣੀ ਦੇ ਸ਼ਬਦਾਂ ਦੇ

www.sikhbookclub.com



ਸਿਰਲੇਖ ਮਹਲਾ ਦੀ ਥਾਂ ਪਾਤਸ਼ਾਹੀ ੧, ੨, ੩, ੪, ੫, ੯ ਤੇ ੧੦ ਲਿਖਿਆ ਹੋਇਆ ਹੈ। ਵਾਧੂ ਬਾਣੀਆਂ ਦਰਜ ਹਨ ਜਿਸ ਕਰਕੇ ਇਹ ਭਾਈ ਬੰਨੋਵਾਲੀ ਬੀੜ ਦਾ ਉਤਾਰਾ ਜਾਪਦਾ ਹੈ। ਇਹ ਬੀੜ ਪਹਿਲਾਂ ਭਾਈ ਮਗਨ ਸਿੰਘ ਗ੍ਰੰਥੀ, ਤਖ਼ਤ ਸ੍ਰੀ ਹਜ਼ੂਰ ਸਾਹਿਬ ਪਾਸ ਸੀ। ਉਨ੍ਹਾਂ ਪਾਸੋਂ ਰਾਜਾ ਗੁਲਾਬ ਸਿੰਘ ਸੇਠੀ ਲਾਹੌਰ ਵਾਲੇ (ਹੁਣ ਦਿੱਲੀ) ਲੈ ਆਏ ਹਨ। ਹੁਣ ਕੋਠੀ ਨੰ. ੪੭ ਹਨੂੰਮਾਨ ਰੋਡ ਨਵੀਂ ਦਿੱਲੀ ਵਿਖੇ ਇਹ ਬੀੜ ਉਨ੍ਹਾ ਦੇ ਵੰਸ਼ਜਾਂ ਪਾਸ ਸੁਰੱਖਿਅਤ ਹੈ।

੯. ਗੁਰ ਸ਼ਬਦ ਸਿੰਧੀ ਅਰਥਾਤ ਸ਼ਰਧਾ ਪੂਰਨ ਤੇ ਜਪੁਜੀ ਸਾਹਿਬ ਦਾ ਟੀਕਾ — ਇਹ ਰਚਨਾ ਵੀ ਭਾਈ ਮਨੀ ਸਿੰਘ ਜੀ ਦੇ ਨਾਮ ਨਾਲ ਪ੍ਰਸਿੱਧ ਹੈ ਹੋ ਸਕਦਾ ਹੈ ਕਿ ਇਹ ਰਚਨਾ ਵੀ ਭਾਈ ਸੂਰਤ ਸਿੰਘ ਦੀ ਲਿਖੀ ਹੋਈ ਹੋਵੇ ਕਿਉਂਕਿ ਇਸ ਰਚਨਾ ਦਾ ਲਿਖਣ ਢੰਗ ਵੀ ਗਿਆਨ ਰਤਨਾਵਲੀ ਅਤੇ ਭਗਤ ਰਤਨਾਵਲੀ ਨਾਲ ਮਿਲਦਾ ਜੁਲਦਾ ਹੈ। ਡਾ. ਤਾਰਨ ਸਿੰਘ ਜੀ ਨੇ ਟੀਕਾ ਤਾਂ ਭਾਈ ਮਨੀ ਸਿੰਘ ਜੀ ਲਿਖਤ ਹੀ ਮੰਨਿਆ ਹੈ ਪਰ ਗੁਰਸ਼ਬਦ ਸਿੰਧੀ ਨੂੰ ਗੁਰਮਤਿ ਆਸ਼ੇ ਵਿਰੁੱਧ ਹੋਣ ਕਰਕੇ ਭਾਈ ਸਾਹਿਬ ਦੀ ਕ੍ਰਿਤ ਜਾਂ ਉਹਨਾ ਵਲੋਂ ਲਿਖੀ ਗਈ ਰਚਨਾ ਨਹੀਂ ਮੰਨਿਆ।

ਉਪਰੋਕਤ ਸਾਰੀਆਂ ਰਚਨਾਵਾਂ ਭਾਵੇਂ ਭਾਈ ਸਾਹਿਬ ਨੇ ਆਪ ਰਚੀਆਂ ਜਾਂ ਉਨ੍ਹਾਂ ਦੇ ਵਿਦਿਆਰਥੀਆਂ ਜਾਂ ਸਰੋਤਿਆਂ ਨੇ ਲਿਖੀਆਂ। ਇਨ੍ਹਾਂ ਸਾਰੀਆਂ ਰਚਨਾਵਾਂ ਦੁਆਰਾ ਬਹੁਤ ਸਾਰਾ ਗੁਰਮਤਿ ਸਾਹਿਤ ਉਪਲਬਧ ਕਰਾਉਣ ਵਿਚ ਭਾਈ ਸਾਹਿਬ ਜੀ ਦੀ ਵਿਦਵਾਨ ਸ਼ਖ਼ਸੀਅਤ ਦਾ ਹੀ ਹੱਥ ਸਮਝਣਾ ਚਾਹੀਦਾ ਹੈ। ਜਿਵੇਂ ਭਾਈ ਸੂਰਤ ਸਿੰਘ ਨੇ ਗਿਆਨ ਰਤਨਾਵਲੀ ਤੇ ਭਗਤ ਰਤਨਾਵਲੀ ਅਤੇ ਟੀਕਾ ਜਪੁਜੀ ਸਾਹਿਬ, ਭਾਈ ਸੋਹਨ ਨੇ ਗੁਰਬਿਲਾਸ ਪਾ. ੬, ਭਾਈ ਕੋਇਰ ਸਿੰਘ ਨੇ ਗੁਰਬਿਲਾਸ ਪਾ. ੧੦ ਅਤੇ ਭਾਈ ਕੀਰਤ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੇ ਪ੍ਰਯਾਯ ਆਦਿ ਪੁਸਤਕਾਂ ਲਿਖ ਕੇ ਉਕਤ ਲੇਖਕਾਂ ਨੇ ਕਿਸੇ ਨਾ ਕਿਸੇ ਰੂਪ ਵਿਚ ਇਨ੍ਹਾਂ ਪੁਸਤਕਾਂ ਦਾ ਲਿਖਾਉਣ ਵਾਲਾ ਜਾਂ ਉਹਨਾਂ ਪਾਸੋਂ ਸੁਣ ਕੇ ਲਿਖਣ ਦਾ ਮੂਲ ਆਧਾਰ ਭਾਈ ਮਨੀ ਸਿੰਘ ਜੀ ਨੂੰ ਹੀ ਮੰਨਿਆ ਹੈ ਤੇ ਇਹ ਪੁਸਤਕਾਂ ਉਹਨਾਂ ਦੇ ਨਾਮ ਨਾਲ ਹੀ ਪ੍ਰਸਿੱਧ ਰਹੀਆਂ ਹਨ।

ਸੰਮਤ ੧੭੭੧-੭੨ ਬਿ. (੧੭੧੪-੧੫) ਈ. ਵਿਚ ਲਹਿੰਦੇ ਪੰਜਾਬ ਦੀਆਂ ਸੰਗਤਾਂ ਦੇ ਪ੍ਰੇਮ ਦਾ ਸਦਕਾ ਜਿਲਾ ਝੰਗ ਦੇ ਪਿੰਡ ਬਾਗਾਂ ਵਾਲੇ ਦੇ ਨੇੜੇ ਗੁਰਦੁਆਰਾ ਨਾਨਕਸਰ ਪਹੁੰਚ ਕੇ ਭਾਈ ਭਗਤ ਸਿੰਘ ਸਿੱਕਾ ਆਦਿ ਗੁਰਮੁਖ ਸ਼ਰਧਾਲੂਆਂ ਦੀ ਬੇਨਤੀ 'ਤੇ ਕੁਝ ਸਮਾਂ ਉਥੇ ਠਹਿਰ ਕੇ ਸੰਗਤਾ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਜੀਵਨ ਕਥਾ ਸੁਣਾਈ ਤੇ ਸਪਾਮਤੀ ਉਪਰੰਤ ਵਾਪਸ ਅੰਮ੍ਰਿਤਸਰ ਆ ਗਏ।

*ਐਸੇ ਕਹਿ ਬਹੁ ਧੀਰ ਦੈ, ਮਨ ਮੈ ਆਨੰਦ ਠਾਨ॥*
*ਮਨੀ ਸਿੰਘ ਤਬ ਹੀ ਕੀਓ, ਨਿਜ ਪੁਰ ਓਰ ਪਿਆਨ॥*

*(ਦੇਖੋ ਗੁਰਬਿਲਾਸ ਪਾ. ੬, ਅਧਯਾਯ ੨੧)*

੧੭੮੦ ਬਿ. (੧੭੨੩ ਈ.) ਦੀ ਦੀਪਮਾਲਾ ਦੇ ਸਾਲਾਨਾ ਜੋੜ ਮੇਲੇ ਸਮੇਂ ਤੱਤ ਖਾਲਸੇ ਅਤੇ ਬੰਦਈ ਖਾਲਸੇ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧ ਅਤੇ ਚੜ੍ਹਤ ਦੇ ਮਾਮਲੇ ਵਿਚ ਮਤਭੇਦ ਇੰਨੇ ਵੱਧ ਗਏ ਕਿ ਦੋਵੇਂ ਧੜੇ ਇਕ ਦੂਜੇ ਨੂੰ ਮਾਰਨ ਤੇ ਤੁਲ ਗਏ ਤਾਂ ਭਾਈ ਮਨੀ ਸਿੰਘ ਜੀ ਨੇ ਵਿਚ ਪੈ ਕੇ ਸਿਆਣਪ ਭਰੇ ਫੈਸਲੇ ਨਾਲ ਜੰਗ ਹੋਣੋ ਰੋਕ ਦਿੱਤਾ। ਫੈਸਲੇ ਅਨੁਸਾਰ ਪ੍ਰਬੰਧ ਤੇ ਚੜ੍ਹਤ ਤੱਤ ਖਾਲਸੇ ਨੂੰ ਸੌਂਪੀ ਗਈ। ਇਵੇਂ ਹੀ ਹੋਰ ਸਿੱਖ ਸਰਦਾਰਾਂ ਤੇ ਮਿਸਲਦਾਰਾਂ ਦੇ ਆਪਸੀ ਝਗੜੇ ਵੀ ਆਪ ਦੀ ਮਹਾਨ ਸ਼ਖਸੀਅਤ ਰਾਹੀਂ ਹੀ ਸੁਲਝਾਏ ਜਾਂਦੇ ਰਹੇ।

ਸ਼ਹੀਦ ਬਿਲਾਸ ਅਨੁਸਾਰ ੧੭੮੦ ਤੋਂ ੧੭੯੦ ਬਿ. ਦੇ ਦਰਮਿਆਨੀ ਸਮੇਂ ਦੇ ਭਾਈ ਸਾਹਿਬ ਦੇ ਜੀਵਨ ਸਮਾਚਾਰਾਂ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ।

ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਸਿੰਘਾਂ ਉਪਰ ਆਈਆਂ ਮੁਸੀਬਤਾਂ ਸਮੇਂ ਭਾਈ ਸਾਹਿਬ ਜਿਥੇ ਮੁਖ ਗ੍ਰੰਥੀ ਦੇ ਰੂਪ ਵਿਚ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਅੰਦਰਲੀ ਧਾਰਮਿਕ ਰਹੁ ਰੀਤਿ ਤੇ ਬਾਹਰਲੇ ਸਾਰੇ ਪ੍ਰਬੰਧ ਨੂੰ ਨਿਭਾਉਂਦੇ ਰਹੇ ਉਥੇ ਪੰਥਕ ਉੱਨਤੀ ਲਈ ਸਿੰਘਾਂ ਦੀ ਵੀ ਯੋਗ ਅਗਵਾਈ ਤੇ ਸਹਾਇਤਾ ਕਰਦੇ ਰਹੇ। ਖਾਲਸਾ ਪੰਥ ਵਲੋਂ ਆਪ ਜੀ ਨੂੰ ਸ੍ਰੀ ਅਕਾਲ ਤਖ਼ਤ ਉਪਰ ਬੈਠ ਕੇ ਦੋਸ਼ੀਆਂ ਨੂੰ ਤਨਖਾਹਾਂ ਲਾਉਣ ਤੇ ਤਨਖਾਹ ਪੂਰੀ ਹੋਣ 'ਤੇ ਖਾਲਸੇ ਵਿਚ ਮਿਲਾਉਣ ਦੇ ਅਧਿਕਾਰ ਮਿਲੇ ਹੋਏ ਸਨ।

*ਸਿੱਖਨ ਕੋ ਸਿੱਖੀ ਦਿੜ੍ਹਾਵੈ। ਸਿਖੀਓਂ ਚੁਕੈ ਤਿਸ ਤਨਖਾਹ ਲਾਵੈ॥ ੪॥*
*ਪੂਜਾਰਨ ਸਿਰ ਬਡੋ ਪੁਜਾਰੀ। ਹੁਤ ਸਤਿਗੁਰ ਘਰ ਬਡ ਇਤਬਾਰੀ।*
*ਅਕਾਲ ਬੁੰਗੇ ਕੇ ਤਖਤੁ ਸੁ ਬੈਠੇ। ਖਤਾਦਾਰ ਕੇ ਕੰਨ ਸੁ ਐਠੇ॥ ੮॥*

*(ਦੇਖੋ ਪ੍ਰਾਚੀਨ ਪੰਥ ਪ੍ਰਕਾਸ਼, ਛਾਪ ਚੌਥੀ, ਪੰਨਾ ੨੨੨-੨੩)*

ਅੰਮ੍ਰਿਤਸਰ ਦੀ ਦੀਪਮਾਲਾ ਦਾ ਮੇਲਾ ਕਈ ਸਾਲਾਂ ਤੋਂ ਤੁਰਕਾਂ ਨੇ ਹੁਕਮਨ ਬੰਦ ਕੀਤਾ ਹੋਇਆ ਸੀ। ਸ਼ਹੀਦ ਬਿਲਾਸ ਅਨੁਸਾਰ-

ਭਾਈ ਮਨੀ ਸਿੰਘ ਜੀ ਨੇ ਸੰਮਤ ੧੭੯੦ ਬਿ. (੧੭੩੩) ਦੀ ਦੀਪਮਾਲਾ ਦੇ ਮੇਲੇ ਦੀ ਦਸ ਦਿਨਾਂ ਲਈ ਭਾਈ ਸੂਰਤ ਸਿੰਘ ਸੂਰੀ ਅਤੇ ਭਾਈ ਸੁਬੇਗ ਸਿੰਘ ਜੰਬਰ ਦੀ ਰਾਹੀਂ ਲਾਹੌਰ ਦੇ ਸੂਬੇ ਜ਼ਕਰੀਆ ਖਾਂ ਪਾਸੋਂ ਦਸ ਹਜ਼ਾਰ ਰੁਪਏ ਦੇਣੇ ਕਰਕੇ ਮਨਜ਼ੂਰੀ ਪ੍ਰਾਪਤ ਕਰ ਲਈ ਸੀ ਪਰ ਜਦ ਮੇਲਾ ਨੇੜੇ ਆਇਆ ਤਾਂ ਸਰਕਾਰ ਦੀ ਨੀਅਤ ਬਦਲ ਗਈ। ਮੁਖਬਰਾਂ ਨੇ ਸੂਬੇ ਲਾਹੌਰ ਨੂੰ ਉਕਸਾਉਣਾ ਸ਼ੁਰੂ ਕਰ ਦਿੱਤਾ ਕਿ ਮੇਲੇ 'ਚ ਇਕੱਠੇ ਹੋਏ ਸਿੰਘਾਂ ਨੂੰ ਪਕੜ ਲਿਆ ਜਾਵੇ ਜਾਂ ਮਾਰ-ਮੁਕਾ ਦਿੱਤਾ ਜਾਵੇ। ਇਹ ਕਨਸੋਆਂ ਲਾਹੌਰੀ ਸਿੱਖਾਂ ਰਾਹੀਂ ਭਾਈ ਮਨੀ ਸਿੰਘ ਜੀ ਤੇ ਬਾਹਰਲੇ ਸਿੰਘਾਂ ਪਾਸ ਪੁੱਜ ਗਈਆਂ 'ਇਸ ਲਈ ਮੇਲੇ 'ਚ ਰੁਕਾਵਟ ਪੈ ਗਈ। ਕੋਈ ਵੀ ਸਿੰਘ ਦੀਵਾਲੀ ਸਮੇਂ ਅੰਮ੍ਰਿਤਸਰ ਨਾ ਆਇਆ' ਨਾ ਹੀ ਭੇਟਾ ਚੜ੍ਹੀ, ਜਿਸ ਕਰਕੇ ਸੂਬੇ ਨੂੰ ਦਸ ਹਜ਼ਾਰ ਰੁਪਇਆ ਨਾ ਦਿੱਤਾ ਜਾ ਸਕਿਆ।

## ਭਾਈ ਸੇਵਾ ਸਿੰਘ ਦੇ ਕਥਨ ਅਨੁਸਾਰ—

ਭਾਈ ਮਨੀ ਸਿੰਘ ਦੀ ਜਵਾਬ—ਤਲਬੀ ਹੋਈ ਤਾਂ ਭਾਈ ਸਾਹਿਬ ਵਲੋਂ ਭਾਈ ਭੂਪਤ ਸਿੰਘ ਅਤੇ ਭਾਈ ਗੁਲਜ਼ਾਰ ਸਿੰਘ ਨੂੰ ਲਾਹੌਰ ਭੇਜ ਕੇ ਦੀਵਾਲੀ ਦਾ ਮੇਲਾ ਨਾ ਹੋਣ ਦਾ ਕਾਰਨ ਦੱਸ ਕੇ ਵੈਸਾਖੀ ਦੇ ਮੇਲੇ ਦੀ ਦੁਬਾਰਾ ਆਗਿਆ ਮੰਗਵਾ ਲਈ। ਪੰਜ ਮਹੀਨੇ ਗੁਜ਼ਰ ਜਾਣ 'ਤੇ ਜਦ ਮੇਲੇ ਦਾ ਸਮਾਂ ਨੇੜੇ ਆਇਆ ਤਾਂ ਫਿਰ ਪਹਿਲੇ ਵਾਂਗ ਹੀ ਤੁਰਕਾਂ ਵਲੋਂ ਸਿੰਘਾਂ ਦੇ ਮਾਰਨ ਦੀਆਂ ਸਾਜ਼ਸ਼ਾਂ ਰਚੀਆਂ ਜਾਣ ਲੱਗੀਆਂ ਜਿਨ੍ਹਾਂ ਬਾਰੇ ਭਾਈ ਮਨੀ ਸਿੰਘ ਅਤੇ ਜੰਗੀ ਸਿੰਘਾਂ ਨੂੰ ਇਤਲਾਹਾਂ ਪੁੱਜ ਗਈਆਂ ਸਨ, ਜਿਸ ਕਰਕੇ ਦੀਵਾਲੀ ਦੇ ਮੇਲੇ ਵਾਂਗ ਵਿਸਾਖੀ ਸਮੇਂ ਵੀ ਕੋਈ ਸਿੰਘ ਮੇਲੇ 'ਤੇ ਨਾ ਆਇਆ ਤੇ ਨਾ ਮਾਇਆ ਦੀ ਚੜ੍ਹਤ ਆਈ। ਦਸ ਹਜ਼ਾਰ ਰੁਪਇਆ ਅਦਾ ਨਾ ਕਰਨ ਦੇ ਦੋਸ਼ ਵਿਚ ਹੋਰ ਮੁਖੀ ਸਿੰਘਾਂ ਸਮੇਤ ਭਾਈ ਮਨੀ ਸਿੰਘ ਨੂੰ ਤੁਰਕ ਪਕੜ ਕੇ ਲਾਹੌਰ ਲੈ ਗਏ। ਤੁਰਕਾਂ ਨੇ ਭਾਈ ਸਾਹਿਬ ਨੂੰ ਇਸਲਾਮ ਵਿਚ ਲਿਆਉਣ ਦੇ ਅਨੇਕਾਂ ਯਤਨ ਕੀਤੇ, ਪਰ ਜਦ ਕਿਸੇ ਢੰਗ ਨਾਲ ਵੀ ਸਫਲਤਾ ਨਾ ਹੋਈ ਤਾਂ ਕਾਜੀਆਂ ਪਾਸੋਂ ਫਤਵਾ ਲੁਆ ਕੇ ਹਾੜ ਸੁਦੀ ਪੰਚਮੀ ਸੰਮਤ ੧੭੯੧ ਬਿ. (੨੪ ਜੂਨ, ੧੭੩੪ ਈ.) ਨੂੰ ਆਪ ਜੀ ਦਾ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ। ਉਪਰੋਕਤ ਸ਼ਹੀਦੀ ਸੰਮਤ ਦੀ ਪੁਸ਼ਟੀ ਭਾਈ ਕੁਇਰ ਸਿੰਘ ਇਸ ਤਰ੍ਹਾਂ ਕਰਦਾ ਹੈ-

***ਸੰਮਤ ਸੱਤ੍ਰਹ ਸਹਸ ਇਕਾਵਨ। ਮਾਸ ਅਖਾੜ ਸੁਕਲ ਬਰ ਪਾਵਨ।***
***ਦਹੇ ਬੀਚ ਤੁਰਕਨ ਕੋ ਮੇਲਾ। ਤਬ ਹੀ ਮ੍ਰਿਤ ਗੁਰੂ ਸੰਗ ਚੇਲਾ।***
***ਪੰਚਮ ਥਿਤ ਭੌਮ ਅਤਿ ਵਾਰੀ। ਲਵਪੁਰ ਮਾਹਿ ਦੇਹ ਬਿਨਸਾਰੀ॥੧੯੨॥***

*(ਦੇਖੋ ਗੁਰ ਬਿਲਾਸ ਪਾ. ੧੦, ਪੰਨਾ ੨੯੪)*

ਇਸ ਦੀ ਪੁਸ਼ਟੀ ਭੱਟ ਵਹੀ ਮੁਲਤਾਨੀ ਸਿੰਧੀ ਤੋਂ ਵੀ ਹੁੰਦੀ ਹੈ-

ਮਨੀ ਸਿੰਘ ਬੇਟਾ ਮਾਈ ਦਾਸ ਕਾ, ਪੋਤਾ ਬੱਲੂ ਕਾ, ਪੜਪੋਤਾ ਮੂਲੇ ਕਾ, ਸ਼ਾਹੀ ਹੁਕਮ ਗੈਲ ਅਸਾਢ ਸੁਦੀ ਪੰਚਮੀ ਸੰਮਤ ੧੭੯੧ ਬਿ. ਕੋ ਲਾਹੌਰ ਕੇ ਮਲਹਾਨ ੬ ਘੜੀ ਦਿਨ ਚਢੇ ਬੰਦ ਬੰਦ ਕਾਟਾ, ਭੂੰ ਕਾਂਟਾ ਆਇਆ, ਗੈਲੋਂ ਜਗਤ ਸਿੰਘ ਬੇਟਾ ਮਾਈ ਦਾਸ ਕਾ, ਚਿਤ੍ਰ ਸਿੰਘ ਬੇਟਾ ਮਨੀ ਸਿੰਘ ਕਾ, ਗੁਰਬਖਸ਼ ਸਿੰਘ ਬੇਟਾ ਮਨੀ ਸਿੰਘ ਕਾ ਮਾਰੇ ਗਏ। ਅੱਗੇ ਗੁਰੂ ਭਾਨੇ ਕਾ ਖਾਵਿੰਦ, ਗੁਰੂ ਗੁਰੂ ਜਪਨਾ ਕਾਰਜ ਸਵਰੇਗਾ।

*(ਦੇਖੋ ਭੂਮਿਕਾ ਸ਼ਹੀਦ ਬਿਲਾਸ, ਪੰਨਾ ੪੦)*

ਇਸ ਭੱਟ ਵਹੀ ਵਿਚ ਭਾਈ ਮਨੀ ਸਿੰਘ ਜੀ ਦਾ ਭਰਾ ਜਗਤ ਸਿੰਘ ਤੇ ਦੋ ਪੁੱਤਰ ਚਿਤ੍ਰ ਸਿੰਘ ਤੇ ਗੁਰਬਖਸ਼ ਸਿੰਘ ਦਾ ਭਾਈ ਮਨੀ ਸਿੰਘ ਦੇ ਨਾਲ ਸ਼ਹੀਦ ਹੋਣਾ ਲਿਖਿਆ ਹੈ। ਸੇਵਾ ਸਿੰਘ ਨੇ ਸ਼ਹੀਦ ਬਿਲਾਸ ਵਿਚ ਲਿਖਿਆ ਹੈ ਕਿ -

**"ਭਾਈ ਗੁਲਜ਼ਾਰਾ ਸਿੰਘ ਦੀ ਪੁੱਠੀ ਖੱਲ ਲਾਹੀ ਤੇ ਭੂਪਤ ਸਿੰਘ ਦੀਆਂ ਅੱਖਾਂ ਕੱਢ ਕੇ**

ਚਰਖੜੀ ਤੇ ਚੜ੍ਹਾਇਆ। ਜਿਹੜੇ ਹੋਰ ਸਿੰਘਾਂ ਨੂੰ ਕਸ਼ਟ ਦੇ ਕੇ ਸ਼ਹੀਦ ਕੀਤਾ, ਉਨ੍ਹਾਂ ਦੇ ਨਾਮ ਇਸ ਤਰ੍ਹਾਂ ਹਨ-ਮੁਹਕਮ ਸਿੰਘ, ਚੈਨ ਸਿੰਘ, ਕੀਰਤ ਸਿੰਘ, ਆਲਮ ਸਿੰਘ, ਅਉਲੀਆ ਸਿੰਘ, ਸੰਗਤ ਸਿੰਘ ਤੇ ਕਾਨ੍ਹ ਸਿੰਘ।"

ਭਾਈ ਕੁਇਰ ਸਿੰਘ ਨੇ ਗੁਰਬਿਲਾਸ ਪਾ. ੧੦ ਦੇ ਪੰਨਾ ੨੯੩ ਉਪਰ ਇਹ ਨਾਮ ਲਿਖੇ ਹਨ—

"ਉਦੈ ਸਿੰਘ . ਅਮਰ ਸਿੰਘ, ਸ਼ਰਧਾ ਸਿੰਘ, ਸੰਤ ਸਿੰਘ, ਗੁਰਬਖਸ਼ ਸਿੰਘ, ਗੁਰਮੁਖ ਸਿੰਘ ਅਤੇ ਰਣ ਸਿੰਘ"।

ਇਸੇ ਤਰ੍ਹਾਂ ਤਹਿਕੀਕਾਤਿ ਚਿਸ਼ਤੀ ਦੇ ਪੰਨਾ ੬੯੫ ਉਪਰ ਮੌਲਵੀ ਨੂਰ ਅਹਿਮਦ ਨੇ ਗੁਲਜ਼ਾਰਾ ਸਿੰਘ ਦਾ ਬੰਦ ਬੰਦ ਕੱਟਣਾ ਤੇ ਖੱਲ ਲਾਹੁਣੀ ਲਿਖਿਆ ਹੈ।

ਭਾਈ ਸਾਹਿਬ ਤੇ ਉਨ੍ਹਾਂ ਦੇ ਸਾਥੀ ਸਿੰਘਾਂ ਨੂੰ ਨਖਾਸ ਚੌਂਕ ਵਿਚ ਜੋ ਲਾਹੌਰ ਲੰਡੇ ਬਾਜ਼ਾਰ ਵਿਚ ਹੈ, ਸ਼ਹੀਦ ਕੀਤਾ ਗਿਆ ਸੀ। ਉਸ ਅਸਥਾਨ ਦਾ ਨਾਮ ਗੁਰਦੁਆਰਾ ਸ਼ਹੀਦ ਗੰਜ ਹੈ। ਪਰ ਭਾਈ ਮਨੀ ਸਿੰਘ ਦਾ ਸਸਕਾਰ ਭਾਈ ਸੁਬੇਗ ਸਿੰਘ ਆਦਿ ਲਾਹੌਰੀ ਸਿੱਖਾਂ ਨੇ ਮਸਤੀ ਦਰਵਾਜ਼ਿਓਂ ਬਾਹਰ ਸ਼ਾਹੀ ਕਿਲ੍ਹੇ ਦੇ ਨਜ਼ਦੀਕ ਲੈ ਜਾ ਕੇ ਕੀਤਾ, ਜਿਥੇ ਸ਼ਹੀਦ ਗੰਜ ਦੂਸਰਾ ਬਣਿਆ ਹੋਇਆ ਹੈ। ਸ਼ਮਸ਼ੇਰ ਸਿੰਘ ਅਸ਼ੋਕ ਦੀ ਲਿਖਤ ਅਨੁਸਾਰ-

"੧੯੪੭ ਈ. ਵਿਚ ਪਾਕਿਸਤਾਨ ਬਣਨ 'ਤੇ ਭਾਈ ਸਾਹਿਬ ਦੀ ਇਹ ਯਾਦਗਾਰ ਮਿਟਾ ਦਿੱਤੀ ਗਈ ਹੈ ਜਿਸ ਦਾ ਹੁਣ ਕੋਈ ਨਾਮੋ ਨਿਸ਼ਾਨ ਵੇਖਣ ਵਿਚ ਨਹੀਂ ਆਉਂਦਾ"।

ਭਾਈ ਸਾਹਿਬ ਦੀ ਸ਼ਹੀਦੀ ਦੀ ਮਿਤੀ ਤੇ ਸੰਮਤ ਬਾਰੇ ਕੁਇਰ ਸਿੰਘ, ਸੇਵਾ ਸਿੰਘ ਤੇ ਭੱਟ ਵਹੀ ਤਿੰਨਾਂ ਦਾ ਇਕੋ ਮਤ ਹੈ ਕਿ ਸ਼ਹੀਦੀ ਹਾੜ ਸੁਦੀ ਪੰਚਮੀ ੧੭੯੧ ਬਿ. ਨੂੰ ਹੋਈ ਪਰ ਬਾਕੀ ਲੇਖਕਾਂ ਦੀਆਂ ਰਾਵਾਂ ਵਖੋ-ਵੱਖਰੀਆਂ ਹਨ। ਜਿਵੇਂ ਕਿ ਕੇਸਰ ਸਿੰਘ ਛਿੱਬਰ ਬੰਸਾਵਲੀ ਨਾਮੇ ਵਿਚ ੧੭੮੨ ਬਿ. ਤੋਂ ਬਾਅਦ ਦਾ ਸਮਾਂ ਲਿਖਦਾ ਹੈ, ਸੰਮਤ ਕੋਈ ਨਹੀਂ। ਮੁਹੰਮਦ ਨੂਰ ਅਹਿਮਦ ਚਿਸ਼ਤੀ ਨੇ ਤਹਕੀਕਾਤਿ-ਚਿਸ਼ਤੀ ਵਿਚ ਇਹ ਘਟਨਾ ਮਹੀਨਾ ਸਫ਼ਰ ੫ ਸੰਨ ੧੧੦੬ ਹਿਜ਼ਰੀ ਮੁਤਾਬਕ ਸੰਮਤ ੧੭੮੫ ਬਿ. ਲਿਖਿਆ ਹੈ। ਸੱਯਦ ਮੁਹੰਮਦ ਲਤੀਫ ਨੇ ੧੭੮੫ ਬਿ. ਰਤਨ ਸਿੰਘ ਭੰਗੂ ਨੇ ੧੭੯੪ ਬਿ. ਲਿਖਿਆ ਹੈ। ਇਸ ਨੂੰ ਠੀਕ ਮੰਨ ਕੇ ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਵੀ ਸੰਮਤ ੧੭੯੪ ਬਿ. ਹੀ ਲਿਖਿਆ ਹੈ ਪਰ ਗਿ. ਗਿਆਨ ਸਿੰਘ ਨੇ ਸੰਮਤ ੧੭੯੫ ਬਿ. ਲਿਖਿਆ ਹੈ। ਗਿ. ਗਰਜਾ ਸਿੰਘ ਸੰਪਾਦਕ ਸ਼ਹੀਦ ਬਿਲਾਸ ਦੀ ਖੋਜ ਅਨੁਸਾਰ ਨਵੀਨ ਸਾਰੇ ਖੋਜੀ ਸੱਜਣ ਹਾੜ ਸੁਦੀ ਪੰਚਮੀ ਸੰਮਤ ੧੭੯੧ ਬਿ. ਨੂੰ ਹੀ ਠੀਕ ਮੰਨਦੇ ਹਨ, ਅਸੀਂ ਵੀ ਇਸੇ ਸੰਮਤ ਨੂੰ ਦਰੁਸਤ ਮੰਨਦੇ ਹਾਂ।

ਇਹ ਗੱਲ ਖਾਸ ਤੌਰ 'ਤੇ ਨੋਟ ਕਰਨ ਵਾਲੀ ਹੈ ਕਿ ਕੇਵਲ ਭਾਈ ਮਨੀ ਸਿੰਘ ਜੀ ਹੀ ਸ਼ਹੀਦ ਨਹੀਂ ਹੋਏ ਇਨ੍ਹਾਂ ਦਾ ਖਾਨਦਾਨ ਹੀ ਸ਼ਹੀਦਾਂ ਦਾ ਖਾਨਦਾਨ ਹੈ ਤੇ ਇਨ੍ਹਾਂ ਦਾ ਪਰਿਵਾਰ ਸ਼ਹੀਦਾਂ ਦਾ ਪਰਿਵਾਰ ਹੈ।

# ਜਥੇਦਾਰ ਦਰਬਾਰਾ ਸਿੰਘ ਜੀ

## (ਸੰਮਤ-੧੭੯੧ ਤਕ)

ਜਥੇਦਾਰ ਦਰਬਾਰਾ ਸਿੰਘ ਜੀ ਪਹਿਲਾਂ ਦੀਵਾਨ ਦਰਬਾਰਾ ਸਿੰਘ ਕਰਕੇ ਪ੍ਰਸਿੱਧ ਸਨ। ਆਪ ਭਾਈ ਮਨੀ ਸਿੰਘ ਜੀ ਦੇ ਅਤਿ ਨਿਕਟਵਰਤੀ ਸਨ। ਪੰਥ ਵਿੱਚ ਭਾਈ ਮਨੀ ਸਿੰਘ ਜੀ ਤੋਂ ਉਤਰ ਕੇ ਆਪ ਦਾ ਹੀ ਮਾਣ ਸਤਿਕਾਰ ਸੀ। ਸਰਬੱਤ ਖਾਲਸਾ ਸਮਾਗਮਾਂ ਸਮੇਂ ਆਪ ਹੀ ਪੰਥ ਦੇ ਮੁਖੀ ਮੰਨੇ ਜਾਂਦੇ ਸਨ। ਨਵਾਬ ਕਪੂਰ ਸਿੰਘ ਤੋਂ ਪਹਿਲਾਂ ਆਪ ਪੰਥ ਦੇ ਪ੍ਰਧਾਨ ਜੱਥੇਦਾਰ ਸਨ ਜਿਨ੍ਹਾਂ ਦਾ ਨਿਵਾਸ ਸ੍ਰੀ ਅੰਮ੍ਰਿਤਸਰ ਹੀ ਸੀ। ਜਦ ਸੰਮਤ ੧੭੯੦ ਵਿੱਚ ਨਵਾਬੀ ਦਾ ਖਿਤਾਬ ਤੇ ਜਾਗੀਰ ਦਾ ਪਟਾ ਸਰਕਾਰ ਵੱਲੋਂ ਲੈ ਕੇ ਸ੍ਰ: ਸੁਬੇਗ ਸਿੰਘ ਸ੍ਰੀ ਅੰਮ੍ਰਿਤਸਰ ਆਏ ਤਾਂ ਦੀਵਾਨ ਦਰਬਾਰਾ ਸਿੰਘ ਨੇ ਇਹ ਸ਼ਾਹੀ ਸੌਗਾਤਾਂ ਲੈਣੋਂ ਇਨਕਾਰ ਕਰ ਦਿੱਤਾ ਸੀ ਤੇ ਸਿੰਘਾਂ ਵੱਲੋਂ ਇਹ ਸ਼ਬਦ ਕਹੇ ਸਨ ਜਿਵੇਂ ਕਿ ਰਤਨ ਸਿੰਘ ਜੀ ਭੰਗੂ ਨੇ ਪ੍ਰਾਚੀਨ ਪੰਥ ਪ੍ਰਕਾਸ਼ ਦੇ ਪੰਨਾ ੨੧੩ ਉਪਰ ਇਹ ਸ਼ਬਦ ਇਉਂ ਲਿਖੇ ਹਨ:

***ਹਮ ਕੋ ਸਤਿਗੁਰ ਬਚਨ ਪਾਤਿਸ਼ਾਹੀ। ਹਮ ਕੋ ਜਾਪਤ ਢਿਗ ਸੋ ਆਹੀ॥ ੨੬॥***
***ਪਾਤਿਸ਼ਾਹੀ ਛੋਡ ਕਿਮ ਲਹੈਂ ਨਵਾਬੀ। ਪਰਾਧੀਨ ਜਿਹ ਮਾਹਿ ਖਰਾਬੀ॥ ੩੮॥***

ਕਿਉਂਕਿ ਪਹਿਲੋਂ ਨਵਾਬੀ ਦੀ ਖਿਲਅਤ ਇਨ੍ਹਾਂ ਨੂੰ ਹੀ ਪਹਿਨਣ ਦੀ ਬੇਨਤੀ ਕੀਤੀ ਗਈ ਸੀ। ਜਿਸ ਕਰਕੇ ਉਨ੍ਹਾਂ ਨੇ ਸ੍ਰ: ਸੁਬੇਗ ਸਿੰਘ ਨੂੰ ਉਪਰੋਕਤ ਉੱਤਰ ਦਿੱਤਾ ਸੀ। ਪੰਥ ਦੇ ਮੁੱਖੀ ਹੋਣ ਦੇ ਨਾਤੇ ਭਾਈ ਮਨੀ ਸਿੰਘ ਜੀ ਤੋਂ ਬਾਅਦ ਆਪ ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫਰਜ਼ ਵੀ ਪੂਰੀ ਯੋਗਤਾ ਨਾਲ ਨਿਭਾਉਂਦੇ ਰਹੇ। ਆਪ ਦੇ ਜਨਮ, ਮਾਤਾ-ਪਿਤਾ ਤੇ ਹੋਰ ਵਾਕਿਆਤ ਬਾਰੇ ਜਾਣਕਾਰੀ ਨਹੀਂ ਮਿਲ ਸਕੀ। ਮਹਾਨ ਕੋਸ਼ (ਪੰ: ੬੨੩) ਦੀ ਲਿਖਤ ਅਨੁਸਾਰ ਆਪ ਦਾ ਦੇਹਾਂਤ ੧੭੯੧ ਸੰਮਤ ਵਿੱਚ ਹੋਇਆ।

# ਜਥੇਦਾਰ ਨਵਾਬ ਕਪੂਰ ਸਿੰਘ ਜੀ

*(ਸੰਮਤ ੧੮੧੦ ਤਕ)*

ਨਵਾਬ ਕਪੂਰ ਸਿੰਘ ਜੀ ਦਾ ਜਨਮ ੧੭੫੪ ਬਿ: ਮੁ: ੧੬੯੭ ਵਿੱਚ ਪਿੰਡ ਕਾਲੇ ਪਰਗਨਾ ਸ਼ੇਖੂਪੁਰਾ ਵਿਖੇ ਚੋਧਰੀ ਦਲੀਪ ਸਿੰਘ ਵਿਰਕ ਦੇ ਘਰ ਹੋਇਆ। ਕਪੂਰ ਸਿੰਘ ਉੱਚੇ ਲੰਮੇ ਕੱਦ ਦਾ ਜਵਾਨ ਸੀ। ਆਪਣੀ ਬਹਾਦਰੀ ਦੇ ਕਾਰਨ ਛੇਤੀ ਹੀ ਪੰਥ ਵਿੱਚ ਆਪਣਾ ਜੱਥਾ ਕਾਇਮ ਕਰ ਲਿਆ। ਦੀਵਾਨ ਦਰਬਾਰਾ ਸਿੰਘ ਦੇ ਦੇਹਾਂਤ ਉਪਰੰਤ ਸੰਮਤ ੧੭੯੭ ਵਿੱਚ ਸੂਬਾ ਲਾਹੌਰ ਨੇ ਸ੍ਰ: ਸੁਬੇਗ ਸਿੰਘ ਹੱਥ ਇਕ ਲੱਖ ਦੀ ਜਾਗੀਰ ਦਾ ਪਟਾ ਤੇ ਵੱਡਮੁੱਲਾ ਖਿਲਅਤ ਅੰਮ੍ਰਿਤਸਰ ਖਾਲਸੇ ਨੂੰ ਭੇਜਿਆ ਤਾਂ ਕਿ ਸਰਕਾਰ ਤੇ ਸਿੰਘਾਂ ਦਾ ਪਰਸਪਰ ਮੇਲ ਹੋ ਜਾਵੇ। ਪਰ ਜ਼ਾਲਮ ਦੀ ਬਖਸ਼ਿਸ਼ ਕਿਸੇ ਸਿੰਘ ਨੇ ਵੀ ਲੈਣੀ ਪਸੰਦ ਨਾ ਕੀਤੀ। ਸ੍ਰ: ਸੁਬੇਗ ਸਿੰਘ ਦੇ ਬਾਰ-ਬਾਰ ਕਹਿਣ 'ਤੇ ਪੰਥ ਨੇ ਸ੍ਰ: ਕਪੂਰ ਸਿੰਘ ਵਿਰਕ ਜੱਟ ਫੈਜ਼ੁਲਾਪੁਰੀਏ ਨੂੰ, ਜੋ ਉਸ ਵੇਲੇ ਦੀਵਾਨ ਵਿੱਚ ਪੱਖਾ ਝੱਲਣ ਦੀ ਸੇਵਾ ਕਰ ਰਿਹਾ ਸੀ, ਨਵਾਬੀ ਪਦਵੀ ਦੇ ਦਿੱਤੀ। ਪੰਜਾਂ ਸਿੰਘਾਂ ਦੇ ਚਰਣੀ ਲਾ ਕੇ ਨਵਾਬੀ ਦਾ ਖਿਲਅਤ ਕਪੂਰ ਸਿੰਘ ਨੂੰ ਪਹਿਨਾਇਆ ਗਿਆ।

***ਪਾਂਚ ਸਿੰਘਨ ਕੇ ਚਰਨੀ ਲਾ ਕੇ। ਪਾਛੇ ਪਹਨਯੋ ਖਿਲਅਤ ਉਠਾ ਕੇ॥***

(ਸ੍ਰੀ ਗੁਰ ਪੰਥ ਪ੍ਰਕਾਸ਼ ਗਿ: ਗਿਆਨ ਸਿੰਘ ਉਤ੍ਰਾਰਧ ਬਿ: ੨੫ ਅੰ. ੮੬)

ਪੰਜ ਪਿਆਰੇ ਸਨ:-

੧. ਭਾਈ ਹਰੀ ਸਿੰਘ ਹਜ਼ੂਰੀਆ, ੨. ਬਾਬਾ ਦੀਪ ਸਿੰਘ 'ਸ਼ਹੀਦ, ੩. ਸ੍ਰ: ਜੱਸਾ ਸਿੰਘ ਰਾਮਗੜ੍ਹੀਆ, ੪. ਭਾਈ ਕਰਮ ਸਿੰਘ, ੫. ਭਾਈ ਬੁੱਧ ਸਿੰਘ ਸ਼ੁਕਰਚੱਕੀਆ।

ਇਸ ਖਿਲਅਤ ਵਿੱਚ ਇਹ ਵਸਤੂਆਂ ਸਨ:-

੧. ਇਕ ਸ਼ਾਲ, ੨. ਇਕ ਦਸਤਾਰ, ੩. ਇਕ ਜੜਾਊ ਕਲਗੀ। ੪. ਜਿਗ੍ਹਾ, ੫. ਸੁਨਹਿਰੀ ਕੰਗਣਾਂ ਦੀ ਇਕ ਜੋੜੀ, ੬. ਇਕ ਕੈਂਠਾ, ੭. ਇਕ ਬਹੁਮੁੱਲੇ ਮੋਤੀਆਂ ਦੀ ਮਾਲਾ, ੮. ਇਕ ਕੀਮਖਾਬ ਦਾ ਜਾਮਾ, ੯. ਇਕ ਜੜਾਊ ਸ਼ਮਸ਼ੇਰ।*

ਇਹ ਧਰਮਵੀਰ ਪੰਥ ਦੀ ਵੱਡੀ ਸੇਵਾ ਕਰਦਾ ਰਿਹਾ ਅਤੇ ਕਰਨੀ ਵਾਲੇ ਸਿੰਘਾਂ ਵਿੱਚ ਇਸ ਦੀ ਗਿਣਤੀ ਹੋਈ। ੧੭੯੨ ਸੰਮਤ ਵਿੱਚ ਬਰਨਾਲੇ ਬਾਬਾ ਆਲਾ ਸਿੰਘ ਨੇ ਨਵਾਬ ਕਪੂਰ ਸਿੰਘ ਦੇ ਹੱਥੋਂ ਅੰਮ੍ਰਿਤਪਾਨ ਕੀਤਾ। ਜਿਥੋਂ ਸਪਸ਼ਟ ਹੁੰਦਾ ਹੈ ਕਿ ਵੱਡੇ ਘਰਾਣੇ ਨਵਾਬ ਕਪੂਰ ਸਿੰਘ ਜੀ

*ਦੇਖੋ ਬਿਰਤਾਂਤ ਨਵਾਬ ਕਪੂਰ ਸਿੰਘ ਲੇਖਕ ਬਾਵਾ ਪ੍ਰੇਮ ਸਿੰਘ ਜੀ ਹੋਤੀ ਦਾ ਪੰਨਾ ੪੩-੪੪

ਹੱਥੋਂ ਅੰਮ੍ਰਿਤ ਛੱਕਣ ਵਿੱਚ ਫ਼ਖਰ ਮਹਿਸੂਸ ਕਰਦੇ ਸਨ। ਇਸ ਤੋਂ ਇਕ ਹੋਰ ਤੱਥ ਵੀ ਪ੍ਰਗਟ ਹੁੰਦਾ ਹੈ ਕਿ ਆਪ ਜਿੱਥੇ ਪੰਥ ਦੇ ਸਿਆਸੀ ਮੁਖੀ ਸਨ, ਉਥੇ ਧਾਰਮਿਕ ਰਹਿਨੁਮਾ ਵੀ ਸਨ ਤੇ ਧਾਰਮਿਕ ਮਸਲਿਆਂ ਜਾਂ ਸਰਬੱਤ ਖਾਲਸਾ ਸਮਾਗਮਾਂ ਸਮੇਂ ਆਪ ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਜ਼ਿੰਮੇਵਾਰੀਆਂ ਵੀ ਪੂਰੀ ਯੋਗਤਾ ਤੇ ਸਫਲਤਾ ਸਹਿਤ ਨਿਭਾਉਂਦੇ ਰਹੇ।

ਪੰਥ ਦੇ ੬੫ ਜੱਥਿਆ ਤੋਂ ੨੫, ਜੱਥੇ ਤੇ ਫਿਰ ੨੫ ਤੋਂ ਇੱਕ ਜੱਥਾ ਦਲ ਖ਼ਾਲਸਾ ਕਾਇਮ ਕੀਤਾ ਤਾਂ ਉਸ ਦੇ ਦੋ ਹਿੱਸੇ ਇਕ ਬੁੱਢਾ ਦਲ ਤੇ ਦੂਸਰਾ ਤਰੁਨਾ ਦਲ ਬਣਾਇਆ, ਦੋਹਾਂ ਦਲਾਂ ਦੀ ਨਿਗਰਾਨੀ ਨਵਾਬ ਕਪੂਰ ਸਿੰਘ ਜੀ ਦੇ ਹੱਥਾਂ ਵਿੱਚ ਸੀ। ਨਵਾਬ ਕਪੂਰ ਸਿੰਘ ਦਾ ਦੇਹਾਂਤ ਸੰਮਤ ੧੮੧੦ (ਸੰਨ ੧੭੫੩) ਨੂੰ ਅੰਮ੍ਰਿਤਸਰ ਹੋਇਆ। ਸਸਕਾਰ ਬਾਬਾ ਅਟੱਲ ਜੀ ਦੇ ਦੇਹਰੇ ਪਾਸ ਕੀਤਾ ਗਿਆ ਜਿਥੇ ਉਨ੍ਹਾਂ ਦੀ ਯਾਦਗਾਰ ਬਣੀ ਹੋਈ ਹੈ।

# ਸ੍ਰ. ਜੱਸਾ ਸਿੰਘ ਆਹਲੂਵਾਲੀਆ

(ਸੰਮਤ ੧੮੪੦ ਤਕ)

ਸ੍ਰ: ਸਾਧੂ ਸਿੰਘ ਉਰਫ ਸੱਦਾ ਸਿੰਘ ਦਾ ਨੱਤਾ, ਸ੍ਰ: ਗੋਪਾਲ ਸਿੰਘ ਦਾ ਪੜੋਤਾ, ਦੇਵਾ ਸਿੰਘ ਦਾ ਪੋਤਾ ਅਤੇ ਬਦਰ ਸਿੰਘ ਦਾ ਪੁੱਤਰ ਸ੍ਰ: ਜੱਸਾ ਸਿੰਘ ਆਹਲੂਵਾਲੀਆ ਖਾਲਸਾ ਪੰਥ ਦੀ ਮਹਾਨ ਹਸਤੀ ਸੂਰਬੀਰ ਯੋਧਾ ਹੋਇਆ ਹੈ। ਆਪ ਦਾ ਜਨਮ ੧੭੭੫ ਬਿ: ਨੂੰ ਹੋਇਆ। ਜੱਸਾ ਸਿੰਘ ਅਜੇ ਪੰਜਾਂ ਵਰ੍ਹਿਆਂ ਦਾ ਹੀ ਸੀ ਕਿ ਪਿਤਾ ਦਾ ਦੇਹਾਂਤ ਹੋ ਗਿਆ। ਮਾਤਾ ਸੁੰਦਰੀ ਜੀ ਨੇ ਜੱਸਾ ਸਿੰਘ ਨੂੰ ਉਸ ਦੀ ਮਾਤਾ ਸਮੇਤ ਆਪਣੇ ਪਾਸ ਦਿੱਲੀ ਰੱਖ ਕੇ ਪਿਆਰ ਨਾਲ ਪਾਲਿਆ। ਬਚਪਨ ਵਿੱਚ ਆਪਣੀ ਮਾਤਾ ਪਾਸੋਂ ਗੁਰਬਾਣੀ ਦਾ ਕੀਰਤਨ ਸਿੱਖਿਆ ਅਤੇ ਮਾਤਾ ਸੁੰਦਰੀ ਜੀ ਪਾਸ ਰਹਿ ਕੇ ਕੀਰਤਨ ਦੀ ਸੇਵਾ ਕਰਦਾ ਰਿਹਾ। ਮਾਤਾ ਸੁੰਦਰੀ ਜੀ ਨੇ ਜੱਸਾ ਸਿੰਘ ਨੂੰ ਆਸ਼ੀਰਵਾਦ ਦੇ ਕੇ ਗੁਰਜ ਬਖਸ਼ੀ (ਜੋ ਛੇਵੇਂ ਸਤਿਗੁਰਾਂ ਨੇ ਸਾਰੀਆਂ ਧਾਤਾਂ ਨੂੰ ਮਿਲਾ ਕੇ ਬਣਵਾਈ ਸੀ, ਇਹ ਗੁਰਜ ਇਸ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇਤਿਹਾਸਕ ਸ਼ਸਤਰਾਂ ਵਿੱਚ ਸ਼ਾਮਿਲ ਹੈ)। ਧਾਰਮਿਕ ਤੇ ਸ਼ਸਤ੍ਰ ਵਿਦਿਆ ਸਿੱਖਣ ਲਈ ਖਾਲਸਾ ਪੰਥ ਦੇ ਜੱਥੇਦਾਰ ਨਵਾਬ ਕਪੂਰ ਸਿੰਘ ਦੇ ਸਪੁਰਦ ਕੀਤਾ। ਨਵਾਬ ਕਪੂਰ ਸਿੰਘ ਨੇ ਜੱਸਾ ਸਿੰਘ ਨੂੰ ਆਪਣਾ ਪਾਲਕ ਪੁੱਤਰ ਬਣਾ ਕੇ ਧਾਰਮਿਕ ਤੇ ਸ਼ਸਤ੍ਰ ਵਿਦਿਆ ਦੀ ਸਿੱਖਿਆ ਦਿੱਤੀ। ਨਵਾਬ ਕਪੂਰ ਸਿੰਘ ਦੀ ਸੰਗਤ ਕਰਕੇ ਇਹ ਕਰਣੀ ਵਾਲਾ ਸਿੱਖ ਬਣਿਆ। ਆਪ ਨੂੰ ਆਹਲੂਵਾਲੀਆ ਮਿਸਲ ਦੀ ਜ਼ਿੰਦ ਜਾਨ ਕਹਿੰਦੇ ਸਨ। ੧੮੦੫ ਬਿ: ਵਿੱਚ ਨਵਾਬ ਕਪੂਰ ਸਿੰਘ ਨੇ ਜੱਸਾ ਸਿੰਘ ਨੂੰ ਆਪਣੀ ਥਾਂ ਸਾਰੀਆਂ ਮਿਸਲਾਂ ਦੇ ਸਾਂਝੇ ਦਲ ਖਾਲਸਾ ਦਾ ਜੱਥੇਦਾਰ ਥਾਪ ਦਿੱਤਾ। ਨਵਾਬ ਨੇ ਆਪਣੇ ਦੇਹਾਂਤ ਤੋਂ ਪਹਿਲਾਂ ਜੱਸਾ ਸਿੰਘ ਨੂੰ ਕਲਗੀਧਰ ਜੀ ਦੀ ਉਹ ਸ੍ਰੀ ਸਾਹਿਬ (ਕਿਰਪਾਨ) ਦਿੱਤੀ ਜੋ ਉਸ ਨੂੰ ਮਾਤਾ ਸੁੰਦਰੀ ਜੀ ਤੋਂ ਪ੍ਰਾਪਤ ਹੋਈ ਸੀ। ਇਹ ਅਮੋਲਕ ਸ਼ਸਤ੍ਰ ਰਿਆਸਤ ਕਪੂਰਥਲਾ ਦੇ ਤੋਸ਼ੇਖਾਨੇ ਵਿੱਚ ਸਨਮਾਨ ਨਾਲ ਰੱਖਿਆ ਹੋਇਆ ਹੈ। ਸ੍ਰ: ਜੱਸਾ ਸਿੰਘ ਨੇ ਆਪਣੇ ਉਸਤਾਦ ਨਵਾਬ ਕਪੂਰ ਸਿੰਘ ਦੀ ਪੈਰਵੀ ਕਰਦਿਆਂ ਹੋਇਆ ਪੰਥ ਵਿੱਚ ਬੜਾ ਮਾਣ ਅਤੇ ਨਾਮ ਪਾਇਆ।

ਜਥੇਦਾਰ ਜੱਸਾ ਸਿੰਘ ਤੋਂ ਵੱਡੇ ਵੱਡੇ ਘਰਾਣੇ ਅੰਮ੍ਰਿਤ ਛੱਕਣਾ ਪੁੰਨ ਕਰਮ ਸਮਝਦੇ ਸਨ। ਇਸੇ ਲਈ ਪਟਿਆਲਾ ਦੇ ਮਹਾਰਾਜੇ ਅਮਰ ਸਿੰਘ ਨੇ ਆਪ ਜੀ ਪਾਸੋਂ ਅੰਮ੍ਰਿਤ ਪਾਨ ਕੀਤਾ।

ਇਸ ਜੋਧੇ ਨੇ ੧੮੦੫ ਬਿ: ਵਿੱਚ ਅੰਮ੍ਰਿਤਸਰ ਦੇ ਹਾਕਮ ਸਲਾਬਤ ਦੀਨ ਨੂੰ ਕਤਲ ਕਰਕੇ ਬਹੁਤ ਸਾਰਾ ਇਲਾਕਾ ਆਪਣੇ ਕਬਜ਼ੇ ਵਿੱਚ ਕਰ ਲਿਆ ਅਤੇ ਸੰਮਤ ੧੮੦੬ ਵਿੱਚ ਸ਼ਾਹ ਨਿਵਾਜ਼ ਨੂੰ ਮੁਲਤਾਨੋਂ ਕੱਢਣ ਲਈ ਦੀਵਾਨ ਕੌੜਾ ਮੱਲ ਦੀ ਭਾਰੀ ਸਹਾਇਤਾ ਕੀਤੀ ਸੀ। ਸੰਮਤ ੧੮੧੦

ਵਿੱਚ ਜਲੰਧਰ ਦੇ ਹਾਕਮ ਅਦੀਨਾ ਬੇਗ ਨੂੰ ਜਿੱਤ ਕੇ ਫਤਿਹਬਾਦ ਪਰਗਣੇ 'ਤੇ ਕਬਜ਼ਾ ਕੀਤਾ।

ਸੰਮਤ ੧੮੧੮ ਵਿੱਚ ਮਰਹੱਟਿਆਂ ਨੂੰ ਹਾਰ ਦੇ ਕੇ ਅਬਦਾਲੀ ਵਾਪਿਸ ਪਰਤਿਆ ਤੇ ਦੁਰਾਨੀ ਫੌਜ ਬਿਆਸ ਦਰਿਆ ਪਾਰ ਕਰਨ ਲੱਗੀ ਤਾਂ ਸ੍ਰ: ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿੱਚ ਸਿੰਘ ਅਫਗਾਨਾਂ ਉੱਪਰ ਟੁੱਟ ਕੇ ਪਏ ਤੇ ਉਨ੍ਹਾਂ ਤੋਂ ੨੨੦੦ ਲੜਕੀਆਂ ਛੁਡਾਈਆਂ ਤੇ ਉਨ੍ਹਾਂ ਨੂੰ ਸਹੀ ਸਲਾਮਤ ਘਰੋ-ਘਰੀਂ ਪੁਚਾਇਆ। ਇਸ ਘਟਨਾ ਕਾਰਨ ਜੱਸਾ ਸਿੰਘ "ਬੰਦੀ ਛੋੜ" ਕਰਕੇ ਪ੍ਰਸਿੱਧ ਹੋਇਆ। ਸੰਮਤ ੧੮੧੯ ਵਿੱਚ ਵੱਡੇ ਘਲੂਘਾਰੇ ਸਮੇਂ ਸ੍ਰ: ਜੱਸਾ ਸਿੰਘ ਨੂੰ ੨੨ ਜ਼ਖਮ ਲੱਗਣ ਦੇ ਬਾਵਜੂਦ ਵੀ ਹੌਂਸਲੇ ਨਾਲ ਬਕਾਇਦਾ ਜੰਗ ਵਿੱਚ ਲੜਦਾ ਰਿਹਾ। ੧੮੩੧ ਬਿ: ਵਿੱਚ ਰਾਇ ਇਬਰਾਹੀਮ ਭੱਟੀ ਨੂੰ ਹਰਾ ਕੇ ਕਪੂਰਥਲੇ ਉੱਪਰ ਕਬਜ਼ਾ ਕਰਕੇ ਆਪਣੀ ਮਿਸਲ ਦੀ ਰਾਜਧਾਨੀ ਥਾਪੀ। ਇਰਦ-ਗਿਰਦ ਦੇ ਇਲਾਕਿਆਂ 'ਤੇ ਕਬਜ਼ਾ ਕਰਕੇ ਆਪਣੀ ਹਕੂਮਤ ਕਾਇਮ ਕੀਤੀ। ੧੮੧੮ ਸੰਮਤ ਵਿੱਚ ਲਾਹੌਰ 'ਤੇ ਕਬਜ਼ਾ ਕਰਕੇ ਤਖ਼ਤ 'ਤੇ ਬੈਠਾ ਅਤੇ ਦਿੱਲੀ ਦੇ ਤਖ਼ਤ 'ਤੇ ਬੈਠ ਕੇ ਸੁਲਤਾਨੁਲ ਕੌਮ ਅਖਵਾਇਆ। ਸਿੰਘ ਆਪ ਨੂੰ ਬਾਦਸ਼ਾਹਿ ਸਿੰਘਾਂ ਕਿਹਾ ਕਰਦੇ ਸਨ। ਤਖ਼ਤ 'ਤੇ ਬੈਠ ਕੇ ਆਪਣੇ ਨਾਮ ਦਾ ਸਿੱਕਾ ਚਲਾਇਆ। ਸਿੱਕੇ ਦੇ ਫ਼ਾਰਸੀ ਸ਼ਬਦ ਇਹ ਸਨ:

***ਸਿਕੱਹ ਜ਼ਦ ਦਰ ਬਫ਼ਜਲੇ ਅਕਾਲ।ਮੁਲਕ ਅਹਮਦ ਗਰਿਫ਼ਤ ਜੱਸਾ ਕਲਾਲ।***

ਦਲ ਖਾਲਸਾ ਜੋ ਸਾਰੇ ਜੱਥਿਆਂ ਨੂੰ ਮਿਲਾ ਕੇ ਨਵਾਬ ਕਪੂਰ ਸਿੰਘ ਦੇ ਸਮੇਂ ਬਣਾਇਆ ਗਿਆ ਸੀ। ਨਵਾਬ ਨੇ ਆਪਣੇ ਹੁੰਦਿਆਂ ਹੀ ਜੱਸਾ ਸਿੰਘ ਨੂੰ ਉਸ ਦਲ ਖਾਲਸੇ ਦਾ ਜੱਥੇਦਾਰ ਥਾਪ ਦਿੱਤਾ ਸੀ। ਸਮੁੱਚੇ ਪੰਥ ਦਾ ਮੁਖੀ ਜੱਥੇਦਾਰ ਹੋਣ ਦੇ ਨਾਤੇ ਜਦ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵਿਖੇ ਸਰਬੱਤ ਖਾਲਸਾ ਸਮਾਗਮ ਬੁਲਾਏ ਜਾਂਦੇ ਤਦ ਸ੍ਰ: ਜੱਸਾ ਸਿੰਘ ਅਹਲੂਵਾਲੀਆ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫਰਜ਼ ਵੀ ਨਿਭਾਉਂਦੇ ਰਹੇ।

੧੦ ਅਪ੍ਰੈਲ ਸੰਨ ੧੭੬੨ ਮੁਤਾਬਿਕ ਸੰਮਤ ੧੮੧੯ ਬਿ: ਵਿਚ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਵਿੱਚ ਬਾਰੂਦ ਦੇ ਕੁੱਪੇ ਰੱਖ ਕੇ ਅਹਿਮਦ ਸ਼ਾਹ ਅਬਦਾਲੀ ਨੇ ਸਾਰੀ ਇਮਾਰਤ ਹੀ ਉਡਾ ਦਿੱਤੀ ਸੀ, ਉਪਰੰਤ ਸੰਮਤ ੧੮੨੧ ਵਿੱਚ ਪੰਥ਼ ਵੱਲੋਂ ਦੁਬਾਰਾ ਸ੍ਰੀ ਹਰਿਮੰਦਰ ਸਾਹਿਬ ਦੀ ਨਵੀਂ ਇਮਾਰਤ ਉਸਾਰਨ ਸਮੇਂ ਨਵੀਂ ਇਮਾਰਤ ਦਾ ਨੀਂਹ ਪੱਥਰ ਵੀ ਸ੍ਰ: ਜੱਸਾ ਸਿੰਘ ਪਾਸੋਂ ਹੀ ਰਖਵਾਇਆ ਗਿਆ ਸੀ।

ਪੰਥ ਰਤਨ ਸਰਦਾਰ ਜੱਸਾ ਸਿੰਘ ਦਾ ਦੇਹਾਂਤ ੨੨ ਅਕਤੂਬਰ, ੧੭੮੩ ਮੁ: ੧੮੪੦ ਬਿ: ਨੂੰ ਸ੍ਰੀ ਅੰਮ੍ਰਿਤਸਰ ਵਿਖੇ ਹੋਇਆ। ਇਨ੍ਹਾਂ ਦੇ ਸਰੀਰ ਦਾ ਸਸਕਾਰ ਬਾਬਾ ਅਟੱਲ ਰਾਇ ਜੀ ਦੇ ਦੇਹਰੇ ਦੇ ਪਿਛਲੇ ਪਾਸੇ ਨਵਾਬ ਕਪੂਰ ਸਿੰਘ ਦੀ ਯਾਦਗਾਰ ਦੇ ਨੇੜੇ ਕੀਤਾ ਗਿਆ ਜਿਥੇ ਸ੍ਰ: ਜੱਸਾ ਸਿੰਘ ਦੀ ਸਮਾਧ ਬਣੀ ਹੋਈ ਹੈ।

# ਜਥੇਦਾਰ ਅਕਾਲੀ ਫੂਲਾ ਸਿੰਘ ਜੀ

(ਸੰਮਤ ੧੮੭੯ ਤਕ)

ਨਿਸ਼ਾਨਾਂਵਾਲੀ ਮਿਸਲ ਦੇ ਸਰਦਾਰਾਂ 'ਚੋਂ ਈਸ਼ਰ ਸਿੰਘ ਦੇ ਘਰ ਲੱਗ ਪਗ ਸੰਮਤ ੧੮੧੮ ਬਿ: ਨੂੰ ਪਿੰਡ ਸ਼ੀਹਾਂ (ਜੋ ਹਰਿਆਣੇ ਦੇ ਇਲਾਕਾ ਬਾਂਗਰ ਵਿੱਚ ਹੈ) ਵਿਖੇ ਅਕਾਲੀ ਫੂਲਾ ਸਿੰਘ ਦਾ ਜਨਮ ਹੋਇਆ (ਦੇਖੋ ਭਾਈ ਕਾਨ੍ਹ ਸਿੰਘ ਰਚਿਤ ਮਹਾਨ ਕੋਸ਼) ਪਰ ਗਿਆਨੀ ਗਿਆਨ ਸਿੰਘ ਜੀ ਨੇ ਆਪਣੀ ਰਚਿਤ ਤਵਾਰੀਖ ਗੁਰੂ ਖਾਲਸਾ ਭਾਗ ਤੀਜਾ ਰਾਜ ਖਾਲਸਾ ਛਾਪਾ ਪੱਥਰ ਦੇ ਪੰਨਾ ੨੦੬/੭੪੬ ਦੀ ਪੈਰ ਟੂਕ ਵਿੱਚ ਅਕਾਲੀ ਫੂਲਾ ਸਿੰਘ ਜੀ ਨੂੰ ਰਾਵਜੀ ਗੋਤ ਦਾ ਰਾਜਪੂਤ ਤੋਸਾਮ ਦਾ ਨਿਵਾਸੀ ਲਿਖਿਆ ਹੈ। ਸ੍ਰ: ਈਸ਼ਰ ਸਿੰਘ ਸੰਮਤ ੧੮੨੯ ਵਿੱਚ ਅਬਦਾਲੀ ਦੇ ਹਮਲੇ ਦੌਰਾਨ ਸਖਤ ਫੱਟੜ ਹੋ ਗਏ ਜਿਸ ਕਾਰਨ ਕੁਝ ਸਮੇਂ ਬਾਅਦ ਆਪ ਚੜ੍ਹਾਈ ਕਰ ਗਏ। ਬਾਲਕ ਫੂਲਾ ਸਿੰਘ ਦੇ ਪਾਲਣ ਪੋਸ਼ਨ ਦੀ ਜ਼ਿੰਮੇਵਾਰੀ ਸਰਦਾਰ ਸਾਹਿਬ ਦੇ ਇਕ ਸੁਹਿਰਦ ਮਿੱਤਰ ਨੇ ਕੀਤੀ। ਆਰੰਭ ਵਿੱਚ ਧਾਰਮਿਕ ਵਿਦਿਆ ਤੇ ਘੋੜ ਸਵਾਰੀ, ਨੇਜਾ-ਬਾਜ਼ੀ ਆਦਿ ਸ਼ਸਤ੍ਰ ਵਿਦਿਆ ਵਿੱਚ ਨਿਪੁੰਨ ਕਰ ਦਿੱਤਾ। ਭਰ ਜਵਾਨੀ ਸਮੇਂ ਬਾਬਾ ਨਰੈਣ ਸਿੰਘ (ਨੈਣਾ ਸਿੰਘ) ਜੋ ਪਿੰਡ ਠੀਕਰੀ ਵਾਲੇ ਦਾ ਭੁੱਲਰ ਜ਼ਿਮੀਦਾਰ ਸੀ ਤੇ (ਇਸ ਵੇਲੇ ਸ਼ਹੀਦਾਂ ਦੀ ਮਿਸਲ ਦੇ ਰਤਨ ਰੂਪ ਨਿਹੰਗ ਸਿੰਘ ਸਨ) ਤੋਂ ਅੰਮ੍ਰਿਤ ਛੱਕ ਕੇ ਨਾਮ ਫੂਲਾ ਸਿੰਘ ਧਾਰਨ ਕੀਤਾ। ਇਹ ਸਤਿਗੁਰੂ ਦੇ ਅਕਾਲੀ ਬਾਗ ਦਾ ਸੁੰਦਰ ਅਤੇ ਸੁਗੰਧੀ ਭਰਿਆ ਫੁੱਲ ਸੀ। ਬਾਬਾ ਨੈਣਾ ਸਿੰਘ ਜੀ ਨਿਹੰਗ ਸਿੰਘਾਂ ਦੇ ਬੁੱਢੇ ਦਲ ਦੇ ਜੱਥੇਦਾਰ ਸਨ। ਨਿਹੰਗ ਸਿੰਘ ਜੋ ਉੱਚਾ ਦਮਾਲਾ ਫਰ੍ਹੇ ਵਾਲਾ ਸਜਾਉਂਦੇ ਹਨ, ਇਹ ਵੀ ਬਾਬਾ ਨੈਣਾ ਸਿੰਘ ਤੋਂ ਹੀ ਚਲਿਆ ਹੈ। ਤਾਹੀਓਂ ਨਿਹੰਗ ਸਿੰਘ ਏਸ ਨੂੰ ਨੈਣਾ ਸਿੰਘੀਆ ਦੁਮਾਲਾ ਬੋਲਦੇ ਹਨ। ਅਕਾਲੀ ਫੂਲਾ ਸਿੰਘ ਅੰਮ੍ਰਿਤ ਛੱਕ ਕੇ ਬਾਬਾ ਨੈਣਾ ਸਿੰਘ ਦੇ ਜੱਥੇ ਦੇ ਨਾਲ ਹੀ ਅਨੰਦਪੁਰ ਸਾਹਿਬ ਰਹਿਣ ਲੱਗ ਪਏ।

ਬਾਬਾ ਨੈਣਾ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਜੱਥੇ ਦੇ ਸਾਰੇ ਸਿੰਘਾਂ ਨੇ ਆਪ ਨੂੰ ਜੱਥੇ ਦਾ ਜੱਥੇਦਾਰ ਥਾਪ ਲਿਆ। ਜੱਥੇਦਾਰ ਫੂਲਾ ਸਿੰਘ ਨੇ ਆਪਣੇ ਸ਼ੁਭ ਗੁਣਾਂ ਦੇ ਪ੍ਰਭਾਵ ਕਰਕੇ ਅਕਾਲੀ ਦਲ ਨੂੰ ਆਪਣੇ ਮਗਰ ਲਾ ਕੇ ਗੁਰਦੁਆਰਿਆਂ ਅਤੇ ਕੌਮ ਦੀ ਭਾਰੀ ਸੇਵਾ ਕੀਤੀ। ਭਾਵੇਂ ਆਪ ਅਨੰਦਪੁਰ ਤੇ ਦਮਦਮਾ ਸਾਹਿਬ ਆਦਿ ਗੁਰਧਾਮਾਂ ਦੇ ਸੁਧਾਰ ਲਈ ਯਾਤਰਾ ਕਰਦੇ ਰਹਿੰਦੇ ਸਨ ਪਰ ਨਿਵਾਸ ਅਸਥਾਨ ਸ੍ਰੀ ਅੰਮ੍ਰਿਤਸਰ ਹੀ ਸੀ। ਜਿਥੇ ਆਪ ਨੇ ੧੮੫੭ ਬਿ: ਵਿੱਚ ਆਪਣੇ ਜੱਥੇ ਦਾ ਡੇਰਾ ਲਾਇਆ ਸੀ। ਜਿਸ ਥਾਂ ਆਪ ਦੇ ਨਾਮ ਦਾ ਬੁਰਜ ਤੇ ਨਿਹੰਗ ਸਿੰਘਾਂ ਦੀ ਛਾਉਣੀ

ਹੁਣ ਵੀ ਪ੍ਰਸਿੱਧ ਹੈ।

ਅਕਾਲੀ ਫੂਲਾ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਦੀ ਅਨੇਕਾਂ ਜੁੱਧਾਂ ਵਿੱਚ ਸਹਾਇਤਾ ਕਰਕੇ ਜਿੱਤਾਂ ਪ੍ਰਾਪਤ ਕੀਤੀਆਂ। ਜਿਵੇਂ ਕਿ ੧੮੫੯ ਬਿ: ਨੂੰ ਮਹਾਰਾਜਾ ਰਣਜੀਤ ਸਿੰਘ ਨੂੰ ਸੰਧਾਵਾਲੀਆਂ ਪਾਸੋਂ ਅੰਮ੍ਰਿਤਸਰ ਦਾ ਕਬਜ਼ਾ ਦਿਵਾਉਣ ਵਿੱਚ ਸਹਾਇਤਾ ਕੀਤੀ। ਸੰਮਤ ੧੮੬੪ ਵਿੱਚ ਕਸੂਰ ਦੀ ਜਿੱਤ, ੧੮੬੫ ਬਿ: ਵਿੱਚ ਹੁਸੈਨੀਆਂ ਦੀ ਸੁਧਾਈ, ਸੰਮਤ ੧੮੭੦ ਦੀ ਕਸ਼ਮੀਰ ਦੀ ਮੁਹਿੰਮ, ੧੮੭੩ ਬਿ: ਦੀ ਮੁਲਤਾਨ ਦੀ ਫਤਹਿ ਤੇ ਹਜ਼ਾਰੇ ਦੀ ਮੁਹਿੰਮ ਸੰਮਤ ੧੮੭੫ ਬਿ: ਪਿਸ਼ਾਵਰ 'ਤੇ ਚੜ੍ਹਾਈ, ੧੮੭੬ ਬਿ: ਨੂੰ ਕਸ਼ਮੀਰ 'ਤੇ ਦੂਜਾ ਹਮਲਾ ਅਤੇ ੧੮੮੦ ਬਿ: ਦੀ ਨੌਸ਼ਹਿਰੇ ਦੀ ਲੜਾਈ ਸਮੇਂ ਜੋ ਅਕਾਲੀ ਫੂਲਾ ਸਿੰਘ ਨੇ ਬਹਾਦਰੀ ਤੇ ਸੂਰਮਗਤੀ ਦੇ ਜੌਹਰ ਵਿਖਾਏ, ਉਹ ਸੁਨਹਿਰੀ ਅੱਖਰਾਂ ਵਿੱਚ ਲਿਖਣ ਯੋਗ ਕਾਰਨਾਮੇ ਹਨ।

ਮੁਲਤਾਨ ਦੀ ਲੜਾਈ ਸਮੇਂ ਅਕਾਲੀ ਜੀ ਵੱਲੋਂ ਵਿਖਾਈ ਬੀਰਤਾ ਬਾਰੇ ਦਸੰਬਰ ੧੮੪੬ ਈ: ਦੇ ਕਲਕੱਤਾ ਰੀਵੀਊ ਨੇ ਇਉਂ ਲਿਖਿਆ ਹੈ।

"ਰਣਜੀਤ ਸਿੰਘ ਦੀ ਸਾਰੀ ਸੈਨਾ ਮੁਲਤਾਨ ਤੋਂ ਪਿੱਛੋਂ ਧੱਕੀ ਜਾਣੀ ਸੀ ਜੇ ਅਕਾਲੀ ਫੂਲਾ ਸਿੰਘ ਲੋਹੇ ਵਰਗਾ ਹੌਸਲਾ ਕਰਕੇ ਮੋਰਚੇ ਵਿੱਚ ਆਪਣਾ ਜੱਥਾ ਲੈ ਕੇ ਤੂਫਾਨ ਵਾਂਗੂੰ ਅੰਦਰ ਨਾ ਜਾ ਵੜਦਾ।"

ਨੌਸ਼ਹਿਰੇ ਦੀ ਲੜਾਈ ਵਿੱਚ ਇਸ ਜੋਸ਼ੀਲੇ ਤੇ ਅਣਖੀਲੇ ਜਨਰਲ ਦੀ ਬਹਾਦਰੀ ਨੂੰ ਸਮਾਈਕ ਇਸ ਤਰ੍ਹਾਂ ਬਿਆਨ ਕਰਦਾ ਹੈ :

"ਨੌਸ਼ਹਿਰੇ ਦੀ ਲੜਾਈ ਜਿੱਤਣ ਦੀ ਕੋਈ ਆਸ ਨਹੀਂ ਸੀ। ਪਰ ਇਹ ਲੜਾਈ ਅਕਾਲੀ ਫੂਲਾ ਸਿੰਘ ਦੀ ਬਹਾਦਰੀ ਤੇ ਉਸ ਦੇ ਸਾਥੀਆਂ ਦੀ ਸਹਾਇਤਾ ਕਾਰਨ ਹੀ ਜਿੱਤੀ ਗਈ ਸੀ।"

ਮੁਲਤਾਨ ਦੀ ਫਤਹਿ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਨੇ ਅਕਾਲੀ ਫੂਲਾ ਸਿੰਘ ਨੂੰ 'ਖਾਲਸਾ ਰਾਜ ਦਾ ਰਾਖਾ' ਕਹਿ ਕੇ ਸਤਿਕਾਰ ਕੀਤਾ ਜਿਸ ਦੇ ਅਕਾਲੀ ਜੀ ਪੂਰਨ ਤੌਰ 'ਤੇ ਹੱਕਦਾਰ ਵੀ ਸਨ।

ਜਿਥੇ ਅਕਾਲੀ ਜੀ ਨੇ ਅਕਾਲ ਰਜਮੈਂਟ ਦੇ ਸੁਪ੍ਰੀਮ ਕਮਾਂਡਰ ਹੋਣ ਦੇ ਨਾਤੇ ਅਨੇਕਾਂ ਜੁੱਧਾਂ ਜੰਗਾਂ ਵਿੱਚ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀਆਂ ਫੌਜਾਂ ਦੀ ਮਦਦ ਕਰਕੇ ਤੇ ਜਿੱਤਾਂ ਹਾਸਿਲ ਕਰਕੇ ਖਾਲਸਾ ਰਾਜ ਦਾ ਘੇਰਾ ਚੌੜਾ ਕਰਨ ਵਿੱਚ ਪੂਰਨ ਯੋਗਦਾਨ ਪਾਇਆ। ਉਥੇ ਧਾਰਮਿਕ ਪੱਖ ਤੋਂ ਗੁਰਦੁਆਰਿਆਂ ਵਿਚੋਂ ਮਹੰਤਾਂ ਵਲੋਂ ਸ਼ੁਰੂ ਕੀਤੀਆਂ ਬ੍ਰਾਹਮਣੀ ਮਰਯਾਦਵਾਂ ਦਾ ਸਫਾਇਆ ਕੀਤਾ ਤੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ ਆਦਿ ਮੁਖ ਗੁਰਧਾਮਾਂ ਦੇ ਪੁਜਾਰੀਆਂ ਨੂੰ ਤਾੜਨਾ ਕਰਕੇ ਗੁਰਮਤਿ ਰਹਿਤ ਮਰਯਾਦਾ ਵਿੱਚ ਪਰਪੱਕ ਕੀਤਾ ਤੇ ਹਮੇਸ਼ਾਂ ਉਨ੍ਹਾਂ ਵੱਲੋਂ ਕੀਤੇ ਜਾਂਦੇ ਗੁਰਦੁਆਰਾ ਪ੍ਰਬੰਧ ਉਪਰ ਆਪਣੀ ਕਰੜੀ ਨਿਗਾਹ ਰੱਖਦੇ ਤਾਂ ਕਿ ਕੋਈ ਮਨਮੱਤ ਰਾਹੀ ਗੁਰਦੁਆਰਿਆਂ ਵਿੱਚ ਅਨਮਤੀ ਰੀਤਾਂ ਨਾ ਚਲਾ ਸਕੇ। ਜੇ ਕੋਈ

ਗੁਰਦੁਆਰਾ ਪ੍ਰਬੰਧਕ ਗੁਰਮਤਿ ਮਰਯਾਦਾ ਦੇ ਉਲਟ ਕੰਮ ਕਰਦਾ ਪਕੜਿਆ ਜਾਂਦਾ ਸੀ ਤਾਂ ਉਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਸੱਦ ਕੇ ਯੋਗ ਦੰਡ ਦਿੱਤਾ ਜਾਂਦਾ ਸੀ। ਖਾਲਸਈ ਨਿਯਮ ਦੀ ਰਾਖੀ ਲਈ ਨਿਧੜਕਤਾ ਅਜਿਹੀ ਸੀ ਕਿ ਆਪ ਨੇ ਕਈ ਵਾਰ ਮਹਾਰਾਜਾ ਰਣਜੀਤ ਸਿੰਘ ਨੂੰ ਵੀ ਦੀਵਾਨ ਵਿਚ ਖੜਾ ਕਰਕੇ ਤਨਖਾਹ ਲਾਈ। ਇਕ ਵਾਰ ਸ਼ੇਰੇ ਪੰਜਾਬ ਨੂੰ ਕੋਰੜਿਆਂ ਦੀ ਤਨਖਾਹ ਲਾਈ ਜਿਸ ਨੂੰ ਮਹਾਰਾਜੇ ਨੇ ਬਿਨਾਂ ਹੀਲ ਹੁੱਜਤ ਤੋਂ ਸਿਰ ਨਿਵਾ ਕੇ ਪ੍ਰਵਾਨ ਕੀਤਾ ਜਿਸ ਨੂੰ ਪਿੱਛੋਂ ਸੰਗਤ ਦੇ ਬੇਨਤੀ ਕਰਨ 'ਤੇ ਮੁਆਫ ਕਰ ਦਿੱਤਾ। ਇਸ ਤਰ੍ਹਾਂ ਅਕਾਲੀ ਫੂਲਾ ਸਿੰਘ ਨੇ ਪੰਥ ਦਾ ਮੁਖੀ ਹੋਣ ਨਾਤੇ ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫਰਜ਼ਾਂ ਨੂੰ ਪੂਰੀ ਤਨ ਦੇਹੀ ਤੇ ਦ੍ਰਿੜ੍ਹਤਾ ਨਾਲ ਨਿਭਾਇਆ।

ਅਕਾਲੀ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦ੍ਰਿੜ੍ਹ ਵਿਸ਼ਵਾਸੀ, ਨਿਡਰ, ਨਿਰਵੈਰ, ਯੋਧੇ, ਸੂਰਮੇ, ਨਿਸ਼ਕਾਮ, ਤਲਵਾਰ ਦੇ ਧਨੀ, ਤੇਜ ਪ੍ਰਤਾਪੀ, ਮੋਹ ਮਾਇਆ ਤੋਂ ਨਿਰਲੇਪ, ਚੋਟੀ ਦੇ ਘੋੜ ਸਵਾਰ, ਯੋਗ ਪ੍ਰਬੰਧਕ ਤੇ ਜੀਵਨ ਭਰ ਪੰਥ ਦੀ ਅਣਖ ਤੇ ਆਬਰੂ ਲਈ ਲੜਦੇ ਰਹਿਣ ਵਾਲੇ ਮਹਾਨ ਸੂਰਬੀਰ ਯੋਧੇ ਸਨ।

ਮਾਰਚ ੧੮੨੩ ਈ: (੧ ਚੇਤ ਸੰਮਤ ੧੮੭੯ ਬਿ:) ਨੂੰ ਸਰਹੱਦੀ ਗਾਜ਼ੀ ਅਤੇ ਮੁਲਖਈਏ ਦੀ 'ਤਰਕੀ' ਨਾਮੀ ਜੰਗ ਦੀ ਭਾਰੀ ਲੜਾਈ ਵਿਚ ਖਾਲਸਾ ਦਲ ਦੀ ਸਹਾਇਤਾ ਕਰਦੇ ਹੋਏ ਫਤਹਿ ਕਰਕੇ ਬੜੀ ਬੀਰਤਾ ਨਾਲ ਫੂਲਾ ਸਿੰਘ ਅਕਾਲੀ ਸ਼ਹੀਦ ਹੋ ਗਏ। ਆਪ ਦਾ ਸ਼ਹੀਦ ਗੰਜ ਲੁੰਡੇ ਦਰਿਆ ਦੇ ਕਿਨਾਰੇ ਨੌਸ਼ਹਿਰੇ ਤੋਂ ਚਾਰ ਮੀਲ ਪੂਰਵ ਬਣਿਆ ਹੋਇਆ ਸੀ ਜਿਥੇ ੧੯੪੭ ਈ: ਦੇ ਬਟਵਾਰੇ ਤੋਂ ਪਹਿਲਾਂ ਅਨੇਕ ਅਕਾਲੀ ਸਿੰਘ ਨਿਵਾਸ ਰੱਖਦੇ ਸਨ। ਲੰਗਰ ਲਈ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਲਗਾਈ ਹੋਈ ਜਾਗੀਰ ਜਾਰੀ ਸੀ। ਇਥੇ ਹਰ ਸਾਲ ਵਿਸਾਖੀ ਤੇ ਦਸਹਿਰੇ ਦਾ ਮੇਲਾ ਹੁੰਦਾ ਸੀ। ਅਕਾਲੀ ਜੀ ਗ੍ਰਹਿਸਥੀ ਨਹੀਂ ਸਨ। ਪਰ ਉਨ੍ਹਾਂ ਦੇ ਛੋਟੇ ਭਾਈ ਸੰਤ ਸਿੰਘ ਦੀ ਔਲਾਦ ਹੁਣ ਤਰਨ ਤਾਰਨ ਆਬਾਦ ਹੈ।

ਅਕਾਲੀ ਫੂਲਾ ਸਿੰਘ ਦੇ ਅੰਗੀਠੇ ਦੇ ਮਹੰਤ ਨੇ ਕੁਝ ਜ਼ਮੀਨ ਵੇਚਣ ਦਾ ਯਤਨ ਕੀਤਾ। ਜਿਸ ਦੇ ਵਿਰੁੱਧ ੧੯੧੬ ਈ: ਵਿੱਚ ਸਿੱਖਾਂ ਨੇ ਮਹੰਤ ਉਪਰ ਦਾਅਵਾ ਕਰ ਦਿੱਤਾ। ੧੮ ਜੁਲਾਈ, ੧੯੧੮ ਈ: ਨੂੰ ਮੁਕੱਦਮੇ ਦਾ ਫੈਸਲਾ ਹੋਇਆ। ਜਿਸ ਅਨੁਸਾਰ ਮਹੰਤ ਹਟਾਇਆ ਗਿਆ ਅਤੇ ਸ਼ਹੀਦ ਗੰਜ ਦੇ ਪ੍ਰਬੰਧ ਲਈ ਇਕ ਕਮੇਟੀ ਬਣਾਈ ਗਈ ਜੋ ੧੯੪੭ ਈ. ਦੇ ਬਟਵਾਰੇ ਤਕ ਕੰਮ ਕਰਦੀ ਰਹੀ। ਹੁਣ ਕੋਈ ਖਾਸ ਜਾਣਕਾਰੀ ਨਹੀਂ ਕਿ ਉਸ ਅਸਥਾਨ ਦਾ ਅੱਜ ਕੱਲ ਕੀ ਹਾਲ ਹੈ।

# ਅਕਾਲੀ ਫੂਲਾ ਸਿੰਘ ਤੋਂ ਬਾਅਦ

ਬਾਬਾ ਅਕਾਲੀ ਫੂਲਾ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਬੁੱਢੇ ਦਲ ਦਾ ਜੱਥੇਦਾਰ ਬਾਬਾ ਹਨੂਮਾਨ ਸਿੰਘ ਨੂੰ ਥਾਪਿਆ ਗਿਆ। ਜਿਨ੍ਹਾਂ ਦੇ ਦੇਹਾਂਤ ਉਪਰੰਤ ਕ੍ਰਮਵਾਰ ਬਾਬਾ ਪ੍ਰਹਿਲਾਦ ਸਿੰਘ ਜੀ ਅਤੇ ਬਾਬਾ ਗਿਆਨਾ ਸਿੰਘ ਜੀ ਬੁੱਢੇ ਦਲ ਦੇ ਜੱਥੇਦਾਰ ਰਹੇ। ਪਰ ਇਨ੍ਹਾਂ ਦੇ ਸਮੇਂ ਦੀ ਕਿਸੇ ਵਿਸ਼ੇਸ਼ ਇਤਿਹਾਸਕ ਘਟਨਾ ਦਾ ਜ਼ਿਕਰ ਨਹੀਂ ਮਿਲਦਾ। ਸ੍ਰੀ ਅਕਾਲ ਤਖ਼ਤ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ 'ਚ ਪੁਜਾਰੀ ਸਿੰਘ ਪਹਿਰਾਵਾ ਨਿਹੰਗ ਸਿੰਘਾਂ ਵਾਲਾ ਹੀ ਰੱਖਦੇ ਸਨ। ਜਿਸ ਤੋਂ ਪਤਾ ਚੱਲਦਾ ਹੈ ਕਿ ਤਖ਼ਤਾਂ ਦੇ ਪ੍ਰਬੰਧ ਦਾ ਕੰਟਰੋਲ ਬੁੱਢਾ ਦਲ ਦੇ ਜੱਥੇਦਾਰ ਸਾਹਿਬ ਵੱਲੋਂ ਹੀ ਕੀਤਾ ਜਾਂਦਾ ਰਿਹਾ ਹੈ। ਚੂੰਕਿ ਬੁੱਢਾ ਦਲ ਸਾਰੇ ਪੰਜਾਬ ਦੇ ਇਤਿਹਾਸਕ ਗੁਰਦੁਆਰਿਆਂ ਦੀਆਂ ਧਾਰਮਿਕ ਰਹੁ ਰੀਤਾਂ ਦਾ ਵੀ ਧਿਆਨ ਰੱਖਦਾ ਸੀ। ਅੰਮ੍ਰਿਤ ਛਕਾਉਣ ਅਤੇ ਧਰਮ ਪ੍ਰਚਾਰ ਦਾ ਕਾਰਜ ਵੀ ਕਰਦਾ ਸੀ। ਵਿਚਰਦੇ ਰਹਿਣ ਕਰਕੇ ਤਖ਼ਤ ਸਾਹਿਬਾਨ ਉਪਰਲੇ ਪ੍ਰਬੰਧ ਅਤੇ ਧਾਰਮਿਕ ਮਰਯਾਦਾ ਨੂੰ ਕਾਇਮ ਰੱਖਣ ਦੀ ਵਧੇਰੇ ਜ਼ਿੰਮੇਵਾਰੀ ਤਖ਼ਤਾਂ ਦੇ ਹੈੱਡ ਪੁਜਾਰੀਆਂ ਦੀ ਹੁੰਦੀ ਸੀ ਕਿਉਂਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਚਨਾ ਤੋਂ ੧੯੨੦ ਈ: ਤਕ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁਖੀ ਸੇਵਾਦਾਰ ਨੂੰ ਜੱਥੇਦਾਰ ਸ਼ਬਦ ਨਾਲ ਲਿਖਿਆ ਕਿਤੇ ਨਹੀਂ ਮਿਲਿਆ। ਜੱਥੇਦਾਰ ਸ਼ਬਦ ਅਕਾਲੀ ਲਹਿਰ ਦੇ ਆਉਣ 'ਤੇ ਆਰੰਭ ਹੋਇਆ। ਪੁਜਾਰੀਆਂ ਦੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸੁੰਵਾਂ ਛੱਡ ਜਾਣ 'ਤੇ ਸੰਗਤਾਂ ਵੱਲੋਂ ਜੱਥੇਦਾਰ ਤੇਜਾ ਸਿੰਘ ਜੀ ਭੁੱਚਰ ਨੂੰ ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਥਾਪਿਆ ਗਿਆ ਸੀ। ੧੮੨੩ ਈ: ਤੋਂ ੧੯੨੦ ਈ: ਤਕ ਦੇ ਅਰਸੇ ਵਿੱਚ ਜਾਂ ਤਾਂ ਬੁੱਢਾ ਦਲ ਦੇ ਜੱਥੇਦਾਰਾਂ ਬਾਬਾ ਹਨੂਮਾਨ ਸਿੰਘ ਜੀ, ਬਾਬਾ ਪ੍ਰਹਿਲਾਦ ਸਿੰਘ ਜੀ, ਬਾਬਾ ਗਿਆਨਾ ਸਿੰਘ ਜੀ ਤੇ ਬਾਬਾ ਤੇਜਾ ਸਿੰਘ ਜੀ ਨੂੰ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਪੋ ਆਪਣੇ ਸਮੇਂ ਦੇ ਜੱਥੇਦਾਰ ਮੰਨ ਸਕਦੇ ਹਾਂ ਜਾਂ ਫਿਰ ਉਨ੍ਹਾਂ ਤਖ਼ਤਾਂ ਦੇ ਹੈੱਡ ਪੁਜਾਰੀਆਂ ਨੂੰ, ਜਿਨ੍ਹਾਂ ਦੇ ਨਾਮ ਇਤਿਹਾਸਕ ਤੌਰ 'ਤੇ ਪ੍ਰਾਪਤ ਨਹੀਂ ਹਨ।

# ਅੰਗਰੇਜਾਂ ਦੀ ਹਕੂਮਤ ਵੇਲੇ ਸਰਬਰਾਹ

ਅੰਗਰੇਜ਼ੀ ਰਾਜ ਸਮੇਂ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼ਹਿਰ ਦੇ ਹੋਰ ਬਾਕੀ ਗੁਰਦੁਆਰਿਆਂ ਦਾ ਮੁੱਖ ਪ੍ਰਬੰਧਕ ਸਰਬਰਾਹ ਸ੍ਰੀ ਦਰਬਾਰ ਸਾਹਿਬ ਹੁੰਦਾ ਸੀ। ਜੋ ਪ੍ਰਬੰਧਕ ਪੱਖੋਂ ਹੈੱਡ ਪੁਜਾਰੀਆਂ ਤੋਂ ਆਪਣੇ ਆਪ ਨੂੰ ਉੱਪਰ ਸਮਝਦਾ ਸੀ ਤੇ ਕਈ ਵਾਰ ਉਹ ਸਰਬਰਾਹ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਦੇ ਫਰਜ਼ ਆਪ ਨਿਭਾਉਂਦਾ ਸੀ ਜਿਵੇਂ ੧੯੧੯ ਈ: ਦੀ ਵਿਸਾਖੀ ਸਮੇਂ ਜੱਲ੍ਹਿਆਂ ਵਾਲੇ ਬਾਗ ਵਿੱਚ ਸਿੱਖਾਂ, ਹਿੰਦੂਆਂ ਤੇ ਮੁਸਲਮਾਨਾਂ ਦੇ ਸਾਂਝੇ ਇਕੱਠ ਉੱਪਰ ਜਨਰਲ ਡਾਇਰ ਅੰਨ੍ਹੇਵਾਹ ਗੋਲੀਆਂ ਦੀ ਵਾਛੜ ਕਰਕੇ ਬੇਅੰਤ ਨਿਹੱਥੇ ਬੇਗੁਨਾਹਾਂ ਦੇ ਖ਼ੂਨ ਨਾਲ ਹੱਥ ਰੰਗ ਕੇ ਜਦ ਉਹ ਸ੍ਰੀ ਦਰਬਾਰ ਸਾਹਿਬ ਆਇਆ ਤਾਂ ਉਸ ਸਮੇਂ ਸਰਬਰਾਹ ਅਰੂੜ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਉਸ ਨੂੰ ਸਿਰੋਪਾਉ ਦਿੱਤਾ ਤੇ ਉਸ ਨੂੰ ਸਿੱਖ ਪ੍ਰਗਟ ਕਰਕੇ ਉਸ ਦੀ ਇੱਜ਼ਤ ਕੀਤੀ ਜਿਸ ਦਾ ਸਾਰੀ ਸਿੱਖ ਕੌਮ ਨੇ ਬੁਰਾ ਮਨਾਇਆ ਤੇ ਅਖੀਰ ਸੰਗਤਾਂ ਦੇ ਭਾਰੀ ਰੋਹ ਨੇ ਅਰੂੜ ਸਿੰਘ ਨੂੰ ਸਰਬਰਾਹੀ ਤੋਂ ਅਸਤੀਫਾ ਦੇਣ 'ਤੇ ਮਜ਼ਬੂਰ ਕਰ ਦਿੱਤਾ ਤੇ ਉਹ ਅਸਤੀਫਾ ਦੇ ਕੇ ਪਦਵੀ ਤੋਂ ਅਲੱਗ ਹੋ ਗਿਆ। ਤਖ਼ਤਾਂ ਦੇ ਹੈੱਡ ਪੁਜਾਰੀ ਹੀ ਤਖ਼ਤ ਸਾਹਿਬਾਨ ਦੇ ਜੱਥੇਦਾਰ ਦਾ ਫਰਜ਼ ਨਿਭਾਉਂਦੇ ਸਨ। ਇਕ ਹੋਰ ਪੱਖ ਤੋਂ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਜਦ ਅਕਾਲੀ ਲਹਿਰ ਦੇ ਅਸਰ ਹੇਠ ਗੁਰਦੁਆਰਾ ਪ੍ਰਬੰਧ ਪੁਜਾਰੀਆਂ ਪਾਸੋਂ ਪੰਥ ਦੀ ਚੁਣੀ ਹੋਈ ਸੰਸਥਾ ਨੂੰ ਦੇਣ ਹਿੱਤ ਅੰਦੋਲਨ ਸ਼ੁਰੂ ਹੋਏ, ਮੋਰਚੇ ਲੱਗੇ, ਗ੍ਰਿਫ਼ਤਾਰੀਆਂ ਤੇ ਸ਼ਹੀਦੀਆਂ ਅਤੇ ਜ਼ੁਰਮਾਨੇ ਹੋਏ, ਅੰਤ ਵਿਚ ਸਰਕਾਰ ਨੇ ਸ਼੍ਰੋਮਣੀ ਅਕਾਲੀ ਦਲ ਦੀ ਮੰਗ ਅਨੁਸਾਰ ਗੁਰਦੁਆਰਾ ਐਕਟ ੧੯੨੫ ਈ: ਬਣਾ ਕੇ ਬਾਲਗ ਸਿੱਖ ਵੋਟਾਂ ਨਾਲ ਚੁਣੀ ਹੋਈ ਸ਼੍ਰੋਮਣੀ ਕਮੇਟੀ ਦੇ ਸਪੁਰਦ ਗੁਰਦੁਆਰਾ ਪ੍ਰਬੰਧ ਕਰ ਦਿੱਤਾ। ਚੂੰਕਿ ਅਕਾਲੀਆਂ ਨੇ ਪੁਜਾਰੀਆਂ ਪਾਸੋਂ ਪ੍ਰਬੰਧ ਖੋਹਿਆ ਸੀ। ਉਨ੍ਹਾਂ ਨੂੰ ਪੁਜਾਰੀ ਸ਼ਬਦ ਤੋਂ ਹੀ ਨਫ਼ਰਤ ਸੀ। ਇਹ ਸ਼ਬਦ ਹਿੰਦੂ ਮੰਦਰਾਂ ਦੇ ਪੁਜਾਰੀਆਂ ਵੱਲ ਨੂੰ ਜਾਂਦਾ ਸੀ। ਖਾਲਸਈ ਬੋਲਾ ਨਹੀਂ ਸੀ ਇਸ ਕਰਕੇ ਐਕਟ ਵਿੱਚ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਪੁਜਾਰੀ ਦੀ ਥਾਂ ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਪੁਜਾਰੀ ਨੂੰ ਜੱਥੇਦਾਰ ਸ੍ਰੀ ਹਰਿਮੰਦਰ ਸਾਹਿਬ ਥਾਪ ਦਿੱਤਾ। ਸ੍ਰੀ ਹਰਿਮੰਦਰ ਸਾਹਿਬ ਦੇ ਪੁਜਾਰੀਆਂ ਨੂੰ ਅਰਦਾਸੀਏ ਲਿਖਣ ਤੇ ਬੋਲਣ ਲੱਗ ਪਏ। ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀਆਂ ਤੇ ਮੁੱਖ ਗ੍ਰੰਥੀ ਦਾ ਦਰਜਾ ਚੂੰਕਿ ਹੈੱਡ ਪੁਜਾਰੀ ਤੋਂ ਉਪਰ ਸੀ। ਇਸ ਕਰਕੇ ਹੈੱਡ ਪੁਜਾਰੀ ਨੂੰ ਹੈੱਡ ਅਰਦਾਸੀਆ ਤੇ ਜੱਥੇਦਾਰ ਸ੍ਰੀ ਹਰਿਮੰਦਰ ਸਾਹਿਬ ਬਣਾ ਦਿੱਤਾ ਤੇ ਗ੍ਰੰਥੀਆਂ ਅਤੇ ਮੁੱਖ ਗ੍ਰੰਥੀ ਦੀ ਪਦਵੀ ਜੱਥੇਦਾਰ ਸ੍ਰੀ ਹਰਿਮੰਦਰ ਸਾਹਿਬ ਭਾਵ ਹੈੱਡ ਅਰਦਾਸੀਏ ਤੋਂ ਉਪਰ ਰਹੀ।

ਐਕਟ ਅਨੁਸਾਰ ਸ਼੍ਰੋਮਣੀ ਕਮੇਟੀ ਦੇ ਚੁਣੇ ਹੋਏ ਮੈਂਬਰਾਂ ਤੇ ਨਾਮਜ਼ਦ ਕੀਤੇ ਮੈਂਬਰਾਂ ਤੋਂ ਇਲਾਵਾ ਪੰਜ ਸਿੰਘ ਸਾਹਿਬ ਵੀ ਆਪਣੀਆਂ ਧਾਰਮਿਕ ਪਦਵੀਆਂ ਕਰਕੇ ਹੀ ਨਾਮਜ਼ਦ ਮੈਂਬਰ ਹਨ। ਜਿਵੇਂ ਕਿ:-੧. ਮੁੱਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ, ੨. ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ੩. ਜੱਥੇਦਾਰ ਤਖ਼ਤ ਸ੍ਰੀ ਪਟਨਾ ਸਾਹਿਬ, ੪. ਜੱਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ, ੫. ਜੱਥੇਦਾਰ ਤਖ਼ਤ ਸ੍ਰੀ ਹਜ਼ੂਰ ਸਾਹਿਬ ਨੰਦੇੜ। ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦਾ ਪ੍ਰਬੰਧ ਤਾਂ ਸ਼੍ਰੋਮਣੀ ਕਮੇਟੀ ਦੇ ਅਧੀਨ ਹੋਣ ਕਰਕੇ ਇਨ੍ਹਾਂ ਤਖ਼ਤਾਂ ਦੇ ਹੈੱਡ ਪੁਜਾਰੀਆਂ ਦੀ ਥਾਂ ਤਖ਼ਤ ਸਾਹਿਬਾਨ ਦੇ ਜੱਥੇਦਾਰ ਨਿਯੁਕਤ ਹਨ। ਪਰ ਤਖ਼ਤ ਸ੍ਰੀ ਪਟਨਾ ਸਾਹਿਬ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਹੈੱਡ ਪੁਜਾਰੀ ਸਾਹਿਬਾਨ ਬਤੌਰ ਤਖ਼ਤ ਸਾਹਿਬਾਨ ਦੇ ਜੱਥੇਦਾਰ, ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਵਿੱਚ ਸ਼ਾਮਿਲ ਹੁੰਦੇ ਹਨ।

# ਜਥੇਦਾਰ ਤੇਜਾ ਸਿੰਘ ਜੀ 'ਭੁੱਚਰ'

ਅਕਾਲੀ ਲਹਿਰ ਦੇ ਮੋਢੀ, ਗੁਰਦੁਆਰਿਆਂ ਦੇ ਪ੍ਰਬੰਧ ਸੁਧਾਰਕ ਜਰਨੈਲ ਆਗੂ ਭਾਈ ਤੇਜਾ ਸਿੰਘ ਜੀ ਭੁੱਚਰ ਦਾ ਜਨਮ ੨੮ ਅਕਤੂਬਰ ੧੮੮੭ ਈ: (੧੩ ਕੱਤਕ ੧੯੪੪ ਬਿ:) ਵਾਲੇ ਦਿਨ ਨਾਨਕੇ ਪਿੰਡ ਭਾਈ ਫੇਰੂ ਜ਼ਿਲ੍ਹਾ ਲਾਹੌਰ ਵਿੱਚ ਹੋਇਆ। ਇਨ੍ਹਾਂ ਦਾ ਜੱਦੀ ਪਿੰਡ ਨਿੱਕਾ ਭੁੱਚਰ ਤਹਿਸੀਲ ਤਰਨ ਤਾਰਨ ਜ਼ਿਲ੍ਹਾ ਅੰਮ੍ਰਿਤਸਰ ਸੀ। ਇਨ੍ਹਾਂ ਦੇ ਪਿਤਾ ਸ਼ਾਹ ਮਈਆ ਸਿੰਘ ਜੀ ਹਕੀਮ ਅਤੇ ਮਾਤਾ ਮਹਿਤਾਬ ਕੌਰ ਜੀ ਸਨ। ਆਪ ਜੀ ਦਾ ਅਨੰਦ ਕਾਰਜ ਬੀਬੀ ਕਰਤਾਰ ਕੌਰ ਜੀ ਪਿੰਡ ਬਸੇਹਰ, ਤਹਿਸੀਲ ਕਸੂਰ, ਜ਼ਿਲ੍ਹਾ ਲਾਹੌਰ ਨਾਲ ਹੋਇਆ। ਇਨ੍ਹਾਂ ਦੀ ਸਕੂਲੀ ਵਿਦਿਆ ਕੇਵਲ ਪ੍ਰਾਇਮਰੀ ਤਕ ਹੀ ਸੀ। ਜੱਥੇਦਾਰ ਤੇਜਾ ਸਿੰਘ ਜੀ ਨੇ ਆਰੰਭਕ ਵਿਦਿਆ ਤੇ ਗੁਰਬਾਣੀ ਦੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਵੱਡੇ ਹੋ ਕੇ ਫੌਜ ਦੇ ਘੋੜ ਸਵਾਰ ਰਸਾਲੇ ਵਿੱਚ ਸਿਪਾਹੀ ਭਰਤੀ ਹੋ ਗਏ ਜਿਸ ਨਾਲ ਆਪ ਦਾ ਦੇਸ਼ ਵਿਦੇਸ਼ ਦੇ ਸੋਚਵਾਨਾਂ ਤੇ ਇਨਕਲਾਬੀ ਵਿਚਾਰਾਂ ਦੇ ਲੋਕਾਂ ਨਾਲ ਸੰਪਰਕ ਹੋ ਗਿਆ। ਆਪ ਨੂੰ ਨੌਕਰੀ ਦੇ ਸੰਬੰਧ ਵਿਚ ਭਾਰਤ ਦੇ ਵੱਡੇ ਵੱਡੇ ਸ਼ਹਿਰਾਂ ਤੇ ਵਿਦੇਸ਼ਾਂ ਵਿੱਚ ਜਾਣਾ ਪਿਆ ਜਿਥੇ ਆਪ ਨੂੰ ਦੇਸ਼ ਪਿਆਰ ਅਤੇ ਧਰਮ ਸੰਬੰਧੀ ਸਮਾਨ ਵੀਚਾਰਾਂ ਵਾਲੇ ਸੱਜਣਾਂ ਨਾਲ ਮਿਲ ਕੇ ਵਿਚਾਰਾਂ ਕਰਨ ਦਾ ਮੌਕਾ ਮਿਲਿਆ। ਜਿਨ੍ਹਾਂ ਖਿਆਲਾਂ ਦੇ ਅਸਰ ਹੇਠ ਆਪ ਅੰਗਰੇਜ਼ੀ ਸਰਕਾਰ ਦੀ ਫੌਜ ਦੀ ਨੌਕਰੀ ਛੱਡ ਆਏ।

ਇਨ੍ਹਾਂ ਦਿਨਾਂ ਵਿਚ ਪੰਜਾਬ ਅੰਦਰ ਸਿੰਘ ਸਭਾ ਲਹਿਰ ਚੱਲ ਰਹੀ ਸੀ, ਧਰਮ ਪ੍ਰਚਾਰ ਹੋ ਰਿਹਾ ਸੀ। ਆਮ ਲੋਕਾਂ ਵਿੱਚ ਅੰਮ੍ਰਿਤਧਾਰੀ ਹੋ ਕੇ ਸਿੰਘ ਸਜਣ ਦਾ ਉਤਸ਼ਾਹ ਪੈਦਾ ਕੀਤਾ ਜਾ ਰਿਹਾ ਸੀ। ਇਨ੍ਹਾਂ ਦੇ ਪਿੰਡ ਤੇ ਇਲਾਕੇ ਦੇ ਬਹੁਤ ਸਾਰੇ ਲੋਕ ਅੰਮ੍ਰਿਤ ਛਕ ਕੇ ਸਿੰਘ ਸੱਜ ਚੁੱਕੇ ਸਨ। ਭਾਈ ਤੇਜਾ ਸਿੰਘ ਜੀ ਵੀ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਸਿੰਘ ਸੱਜ ਗਏ।

ਉਸ ਸਮੇਂ ਇਸ ਇਲਾਕੇ ਵਿੱਚ ਚੀਫ ਖਾਲਸਾ ਦੀਵਾਨ ਅਤੇ ਸੈਂਟ੍ਰਲ ਮਾਝਾ ਦੀਵਾਨ ਦੇ ਧਰਮ ਪ੍ਰਚਾਰਕ ਕਾਰਗਰ ਢੰਗ ਨਾਲ ਚੰਗੀ ਸੇਵਾ ਕਰ ਰਹੇ ਸਨ। ਭਸੌੜ ਦੀਵਾਨ ਵੀ ਸਿੱਖ ਧਰਮ ਦਾ ਪ੍ਰਚਾਰ ਜੋਰ ਸ਼ੋਰ ਨਾਲ ਕਰ ਰਿਹਾ ਸੀ। ਸਿੱਖ ਐਜੂਕੇਸ਼ਨ ਕਾਨਫ੍ਰੰਸ ਵੀ ਸਿੱਖਾਂ ਦੀ ਵਿਦਿਅਕ ਉੱਨਤੀ ਲਈ ਸੁਹੱਜਾ ਕੰਮ ਕਰ ਰਹੀ ਸੀ।

ਸਿੰਘ ਸਭਾਵਾਂ ਅਤੇ ਚੀਫ ਖਾਲਸਾ ਦੀਵਾਨ ਜਿੱਥੇ ਧਾਰਮਕ ਤੌਰ 'ਤੇ ਪ੍ਰਸੰਸਨੀਯ ਕਾਰਜ ਕਰ ਰਹੇ ਸਨ। ਉਥੇ ਰਾਜਨੀਤਕ ਤੌਰ ਤੇ ਸਰਕਾਰ ਅੰਗਰੇਜ਼ੀ ਦੇ ਅਸਰ ਹੇਠ ਸਨ। ਅੰਗਰੇਜ਼ ਇਨ੍ਹਾਂ ਤੋਂ ਆਪਣੀ ਮਰਜ਼ੀ ਦੇ ਬਿਆਨ ਦਿਵਾਉਂਦਾ ਸੀ ਅਤੇ ਇਨ੍ਹਾਂ ਨੂੰ ਆਪਣੇ ਹਿੱਤਾਂ ਲਈ ਵਰਤਦਾ ਸੀ। ਇਸ ਕਰਕੇ ਜਥੇਦਾਰ ਤੇਜਾ ਸਿੰਘ ਜੀ ਅਤੇ ਇਨ੍ਹਾਂ ਦੇ ਸਾਥੀਆਂ ਦੇ ਉਪਰੋਕਤ ਦੋਹਾਂ

ਸੰਸਥਾਵਾਂ ਦੇ ਮੈਂਬਰਾਂ ਨਾਲ ਮਤਭੇਦ ਪੈਦਾ ਹੋ ਗਏ। ੧੯੧੯ ਈ. ਵਿਚ ਜਥੇਦਾਰ ਜੀ ਨੇ ਧਾਰਮਿਕ, ਸਮਾਜਕ ਤੇ ਆਰਥਕ ਕੰਮਾਂ ਵਿਚ ਸਰਗਰਮੀ ਨਾਲ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਅਤੇ ਆਪਣੇ ਵਿਚਾਰਾਂ ਵਾਲੇ ਸਿੰਘਾਂ ਨੂੰ ਜਾਗਰੂਪ ਕਰਨ ਲੱਗ ਪਏ। ੧੩ ਅਪ੍ਰੈਲ ੧੯੧੯ ਦੀ ਵਿਸਾਖੀ ਵਾਲੇ ਦਿਨ ਜਲ੍ਹਿਆਂ ਵਾਲੇ ਬਾਗ ਦੇ ਸਾਕੇ ਨੇ ਆਪ 'ਤੇ ਡੂੰਘਾਂ ਪ੍ਰਭਾਵ ਪਾਇਆ। ਕਤਲੇਆਮ ਕਰਨ ਵਾਲੇ ਓਡਵਾਇਰ ਜਿਸ ਨੇ ਰੋਲਟ ਐਕਟ ਖਿਲਾਫ਼ ਜਲਸਾ ਕਰ ਰਹੇ ਅਨੇਕਾਂ ਲੋਕਾਂ ਨੂੰ ਗੋਲੀਆਂ ਨਾਲ ਭੁੰਨਿਆ ਸੀ। ਸ੍ਰੀ ਦਰਬਾਰ ਸਾਹਿਬ ਦੇ ਸਰਬਰਾਹ ਅਰੂੜ ਸਿੰਘ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਸਿਰੋਪਾਉ ਦਿੱਤਾ ਗਿਆ। ਜਿਸ ਤੋਂ ਪ੍ਰਤੱਖ ਹੋ ਗਿਆ ਕਿ ਗੁਰਦੁਆਰੇ ਸਰਕਾਰੀ ਅਧਿਕਾਰ ਹੇਠ ਹਨ ਜਿਹੜੀ ਸੱਚੇ ਸੁੱਚੇ ਸਿੰਘਾਂ ਵਾਸਤੇ ਇਕ ਚਣੌਤੀ ਸੀ।

ਗੁਰੂ ਸਾਹਿਬਾਨ ਦੀ ਸਿੱਖਿਆ ਅਨੁਸਾਰ ਛੂਤ ਛਾਤ ਦਾ ਪ੍ਰਭਾਵ ਕਿਸੇ ਤਰ੍ਹਾਂ ਵੀ ਨਹੀਂ ਹੋਣਾ ਚਾਹੀਦਾ ਪਰ ਸਿੰਘ ਸਜੇ ਹੋਏ ਦਲਿਤ ਵਰਗ ਦੇ ਸਿੱਖਾਂ ਤੇ ਹੋਰ ਜਾਤੀਆਂ ਦੇ ਸਿੰਘਾਂ ਨੂੰ ਵੀ ਪੂਰਾ ਸਤਿਕਾਰ ਨਹੀਂ ਮਿਲ ਰਿਹਾ ਸੀ। ਇਨ੍ਹਾਂ ਨੂੰ ਗੁਰਦੁਆਰਿਆਂ ਦੇ ਮਹੰਤ ਤੇ ਪੁਜਾਰੀ ਨੇੜੇ ਨਹੀਂ ਸਨ ਫਟਕਣ ਦੇਂਦੇ। ਸਿੱਖ ਸਮਾਜ ਵਾਸਤੇ ਇਹ ਵੀ ਕਲੰਕ ਸੀ ਜਿਸ ਨੂੰ ਜੱਥੇਦਾਰ ਤੇਜਾ ਸਿੰਘ ਜੀ ਨੇ ਅਨੁਭਵ ਕੀਤਾ ਤੇ ਕਈ ਥਾਵਾਂ 'ਤੇ ਜਾ ਕੇ ਛੋਟੀਆਂ ਜਾਤਾਂ 'ਚੋਂ ਸਜੇ ਸਿੰਘਾਂ ਨੂੰ ਖੂਹਾਂ 'ਤੇ ਚੜ੍ਹਾਇਆ ਤੇ ਮੋਰਚਾ ਵੀ ਲਾਇਆ। ਕਿਉਂਕਿ ਹੋਰ ਰਜਵਾੜੇ ਤੇ ਸਰਦੇ ਪੁਜਦੇ ਲੋਕ ਵੀ ਇਨ੍ਹਾਂ ਨੂੰ ਨਾਲ ਰਲਾ ਕੇ ਖੁਸ਼ ਨਹੀਂ ਸਨ। ਇਸ ਮੰਤਵ ਲਈ ਉਨ੍ਹਾਂ ਨੇ ਮਜ਼ਬੀ, ਰਵਿਦਾਸੀਏ, ਲੁਹਾਰ, ਚਮਿਆਰ ਆਦਿਕ ਵਰਗਾਂ ਅਤੇ ਈਸਾਈ ਤੇ ਮੁਸਲਮਾਨ ਜਾਤੀਆਂ 'ਚੋਂ ਸਜੇ ਸਿੰਘਾਂ ਦੇ ਉਧਾਰ ਲਈ ਖਾਲਸਾ ਬਿਰਾਦਰੀ ਕਾਰਜ ਸਾਧਕ ਦਲ ਬਣਾਇਆ।

ਸਿੱਖੀ ਦੇ ਸੋਮਿਆਂ ਗੁਰਦੁਆਰਿਆਂ ਤੇ ਗੁਰਧਾਮਾਂ ਦੀ ਹਾਲਤ ਨੇ ਜਿਨ੍ਹਾਂ 'ਤੇ ਪੁਜਾਰੀਆਂ ਤੇ ਮਹੰਤਾਂ ਦਾ ਕਬਜ਼ਾ ਸੀ। ਜੱਥੇਦਾਰ ਜੀ ਨੂੰ ਸੋਚਣ ਲਈ ਮਜ਼ਬੂਰ ਕਰ ਦਿੱਤਾ। ਹੋਰ ਸੰਗਤਾਂ ਵੀ ਪੁਜਾਰੀਆਂ ਦੀਆਂ ਕੁਰੀਤੀਆਂ ਮਨਮਾਨੀਆਂ ਤੇ ਅਯੋਗ ਪ੍ਰਬੰਧ ਤੋਂ ਦੁਖੀ ਸਨ। ਪਰ ਸਮੁੱਚੇ ਪੰਥ ਵਿਚੋਂ ਹਾਲੇ ਤੱਕ ਕਿਸੇ ਅਗਵਾਈ ਨਹੀਂ ਸੀ ਕੀਤੀ। ਲੰਮੇ ਸਮੇਂ ਤੋਂ ਪੁਜਾਰੀ ਗੁਰਦੁਆਰਿਆਂ ਨੂੰ ਆਪਣੇ ਡੇਰੇ ਜਾਂ ਨਿਜੀ ਜਾਇਦਾਦ ਸਮਝਣ ਲੱਗ ਪਏ ਸਨ। ਹਿੰਦੂ ਰਵਾਇਤਾਂ ਅਨੁਸਾਰ ਹੀ ਪੂਜਾ ਕਰਦੇ ਸਨ। ਚੜ੍ਹਾਵਾ ਨਿਜੀ ਸਵਾਰਥਾਂ ਲਈ ਵਰਤਦੇ ਸਨ। ਸਰਕਾਰੀ ਸ਼ਹਿ ਕਾਰਨ ਕਿਸੇ ਦੀ ਵੀ ਕੋਈ ਪ੍ਰਵਾਹ ਨਹੀਂ ਸੀ ਕਰਦੇ।

ਅੰਤ ੧੨ ਅਕਤੂਬਰ ੧੯੨੦ ਈ: ਵਾਲੇ ਦਿਨ ਅਕਾਲ ਪੁਰਖ ਦੀ ਇੱਛਾ ਅਨੁਸਾਰ ਇਕ ਘਟਨਾ ਵਾਪਰ ਗਈ ਜਿਸ ਨਾਲ ਗੁਰਦੁਆਰਾ ਸੁਧਾਰ ਲਈ ਆਧਾਰ ਮਿਲ ਗਿਆ। ਦਸ ਗਿਆਰ੍ਹਾਂ ਅਤੇ ਬਾਰਾਂ ਅਕਤੂਬਰ ਨੂੰ ਖਾਲਸਾ ਬਿਰਾਦਰੀ ਕਾਰਜ ਸਾਧਕ ਦਲ ਵਲੋਂ ਰੱਖੇ ਦੀਵਾਨ ਵਿੱਚ ਚੀਫ਼ ਖਾਲਸਾ ਦੀਵਾਨ, ਸਿੰਘ ਸਭਾ ਅਤੇ ਖਾਲਸਾ ਕਾਲਜ ਦੇ ਪ੍ਰੋਫੈਸਰ ਸ਼ਾਮਿਲ ਹੋਏ। ਇਸੇ ਦੀਵਾਨ ਵਿਚ ਪਿੱਛੇ ਰਹੀਆਂ ਸ਼੍ਰੇਣੀਆਂ ਦੇ ਸਿੰਘਾਂ ਨੂੰ ਅੰਮ੍ਰਿਤ ਛਕਾਇਆ ਗਿਆ। ਇਹ ਸਿੰਘ ਜਲੂਸ ਦੀ ਸ਼ਕਲ ਵਿਚ ਸ੍ਰੀ ਦਰਬਾਰ ਸਾਹਿਬ ਦਰਸ਼ਨਾਂ ਲਈ ਗਏ। ਇਨ੍ਹਾਂ ਦੇ ਨਾਲ ਹੋਰ ਲੋਕਾਂ ਦੀ ਭਾਰੀ

ਭੀੜ ਵੀ ਰਲ ਗਈ। ਖਾਲਸਾ ਬਿਰਾਦਰੀ ਦੇ ਨਵੇਂ ਸਜੇ ਸਿੰਘਾਂ ਵਲੋਂ ਕੜਾਹ ਪ੍ਰਸ਼ਾਦ ਭੇਟ ਕੀਤਾ ਗਿਆ ਜਿਸ ਨੂੰ ਪੁਜਾਰੀਆਂ ਨੇ ਪ੍ਰਵਾਨ ਕਰਨ ਤੋਂ ਨਾਂਹ ਕਰ ਦਿੱਤੀ ਅਤੇ ਅਰਦਾਸ ਵੀ ਨਾ ਕਰਨ 'ਤੇ ਝਗੜਾ ਸ਼ੁਰੂ ਹੋ ਗਿਆ। ਆਖਰ ਫੈਸਲਾ ਹੋਇਆ ਕਿ ਮਹਾਰਾਜ ਦਾ ਹੁਕਮਨਾਮਾ ਲਿਆ ਜਾਵੇ ਤੇ ਉਸ ਦੇ ਵਿਚਾਰ ਨੂੰ ਮੰਨਿਆ ਜਾਵੇ। ਉਸ ਸਮੇਂ ਤਾਬਿਆਂ ਬੈਠੇ ਭਾਈ ਸਾਹਿਬ ਭਾਈ ਫਤਹਿ ਸਿੰਘ ਜੀ ਮੁੱਖ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਮਹਾਂਵਾਕ ਪੜ੍ਹਿਆ ਜੋ ਇਸ ਪ੍ਰਕਾਰ ਸੀ।

**ਸੋਰਠਿ ਮਹਲਾ ੩ ਦੁਤੁਕੀ॥**

***ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ॥***
***ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ॥ ੧॥***
***ਹਰਿ ਜੀਉ ਆਪੇ ਬਖਸਿ ਮਿਲਾਇ॥ ਗੁਣਹੀਣ ਹਮ ਅਪਰਾਧੀ ਭਾਈ***
***ਪੂਰੇ ਸਤਿਗੁਰਿ ਲਏ ਰਲਾਇ॥ ਰਹਾਉ॥*** ***(ਪੰਨਾ ੬੩੮)***

ਇਸ 'ਤੇ ਸਾਰੀ ਸੰਗਤ ਬੜੀ ਪ੍ਰਭਾਵਿਤ ਹੋਈ। ਪੁਜਾਰੀਆਂ ਨੇ ਅਰਦਾਸ ਕੀਤੀ, ਕੜਾਹ ਪ੍ਰਸ਼ਾਦ ਸੰਗਤ ਵਿਚ ਵਰਤਾਇਆ ਗਿਆ। ਉਪਰੰਤ ਸਾਰੀ ਸੰਗਤ ਸ੍ਰੀ ਅਕਾਲ ਤਖ਼ਤ ਸਾਹਿਬ ਪੁੱਜੀ। ਅੱਗੋਂ ਪੁਜਾਰੀ ਤਖ਼ਤ ਖਾਲੀ ਛੱਡ ਕੇ ਨੱਸ ਗਏ। ਪੁਜਾਰੀਆਂ ਦੇ ਇਸ ਵਤੀਰੇ 'ਤੇ ਸੰਗਤਾਂ ਨੇ ਬੜਾ ਰੋਸ ਪ੍ਰਗਟ ਕੀਤਾ। ਉਸ ਸਮੇਂ ਨਾ ਤਾਂ ਸਰਬਰਾਹ ਦੇ ਕਹਿਣ 'ਤੇ ਅਤੇ ਨਾ ਸੰਗਤ ਦੇ ਕਹਿਣ 'ਤੇ ਪੁਜਾਰੀ ਵਾਪਸ ਆਏ।

ਸਾਰੀ ਸੰਗਤ ਨੇ ਜੱਥੇਦਾਰ ਤੇਜਾ ਸਿੰਘ ਜੀ ਭੁੱਚਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜੱਥੇਦਾਰ ਥਾਪ ਦਿੱਤਾ ਤੇ ਉਨ੍ਹਾਂ ਨੂੰ ਅੱਗੋਂ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਚਲਾਉਣ ਦੇ ਸਾਰੇ ਅਧਿਕਾਰ ਦੇ ਦਿੱਤੇ।ਜੱਥੇਦਾਰ ਜੀ ਨੇ ਪ੍ਰਬੰਧ ਵਾਸਤੇ ਸ: ਕਰਤਾਰ ਸਿੰਘ ਝੱਬਰ ਦੀ ਅਗਵਾਈ ਵਿਚ ੨੫ ਸਿੰਘਾਂ ਦਾ ਜੱਥਾ ਨੀਅਤ ਕਰ ਦਿੱਤਾ। ੧੩ ਅਕਤੂਬਰ ਨੂੰ ਡਿਪਟੀ ਕਮਿਸ਼ਨਰ ਨੇ ਪੁਜਾਰੀਆਂ ਤੇ ਮੁਖੀਆਂ ਦੀ ਮੀਟਿੰਗ ਸੱਦੀ ਪਰ ਪੁਜਾਰੀ ਸ਼ਾਮਿਲ ਨਾ ਹੋਏ। ਪੁਜਾਰੀ ੨੫ ਅਕਤੂਬਰ ਨੂੰ ਬੁੱਢਾ ਦਲ ਦੇ ਨਿਹੰਗਾਂ ਦੀ ਮਦਦ ਨਾਲ ਕਬਜ਼ਾ ਲੈਣ ਆਏ ਪਰ ਅਸਫਲ ਰਹੇ। ਦੀਵਾਲੀ ਨੂੰ ਨਿਹੰਗਾਂ ਨੇ ਇਕ ਹਮਲਾ ਫ਼ੇਰ ਕੀਤਾ। ਜਦੋਂ ਸਿੰਘਾਂ ਦਾ ਜੋਸ਼ ਦੇਖਿਆ ਤਾਂ ਬਿਨਾ ਟਾਕਰਾ ਕੀਤੇ ਵਾਪਸ ਚਲੇ ਗਏ।

ਸ੍ਰੀ ਦਰਬਾਰ ਸਾਹਿਬ ਤੇ ਹੋਰ ਗੁਰਧਾਮਾਂ ਦੇ ਸੁਧਾਰ ਅਤੇ ਪ੍ਰਬੰਧ ਵਾਸਤੇ ਭਾਈ ਤੇਜਾ ਸਿੰਘ ਜੀ ਭੁੱਚਰ ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ੧੫ ਨਵੰਬਰ, ੧੯੨੦ ਈ: (ਪਹਿਲੀ ਮੱਘਰ ੧੯੭੭ ਬਿ:) ਵਾਲੇ ਦਿਨ, ਦਿਨ ਦੇ ਨੌਂ ਵਜੇ ਸਾਰੇ ਪੰਥ ਦੀ ਇਕੱਤ੍ਰਤਾ ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਬੁਲਾਈ। ਜਿਸ ਵਿਚ ਸਮੂੰਹ ਜਥੇਬੰਦੀਆਂ ਸਿੰਘ ਸਭਾਵਾਂ ਤੇ ਦਲਾਂ ਨੂੰ ਸੱਦਾ ਦਿੱਤਾ ਗਿਆ। ਚਾਰ ਤਖ਼ਤਾਂ ਨੂੰ ੬, ਹਰ ਗੁਰਦੁਆਰੇ ਨੂੰ ਇਕ, ਸਿੱਖ ਜੱਥਿਆਂ ਵਲੋਂ ਪੰਜ, ਫੌਜੀ ਸਿੰਘਾਂ, ਸਕੂਲਾਂ, ਕਾਲਜਾਂ, ਨਿਹੰਗਾਂ ਨੂੰ ਵੀ ਪ੍ਰਤਿਨਿਧ ਭੇਜਣ ਲਈ ਕਿਹਾ ਗਿਆ। ਇਸ ਦੇ ਵਿਰੁੱਧ,

ਮਹੰਤਾਂ, ਪੁਜਾਰੀਆਂ ਤੇ ਬਾਵਿਆਂ ਨੇ ਇਸ਼ਤਿਹਾਰ ਕੱਢਿਆ ਕਿ ਇਹ ਦੀਵਾਨ ਸ੍ਰੀ ਅਕਾਲ ਤਖ਼ਤ ਬੁੰਗਾ ਸਾਹਿਬ ਦੇ ਪੁਜਾਰੀਆਂ ਦੀ ਸਲਾਹ ਨਾਲ ਨਹੀਂ ਕੀਤਾ ਗਿਆ, ਨਾ ਹੀ ਹੁਕਮ ਨਾਮਿਆਂ ਤੇ ਅਕਾਲ ਬੁੰਗੇ ਅਥਵਾ ਦਰਬਾਰ ਸਾਹਿਬ ਦੀ ਮੁਹਰ ਹੀ ਹੈ। ਇਸ ਲਈ ਇਹ ਹੁਕਮ ਨਾਮੇ ਮੰਨਣ ਯੋਗ ਨਹੀਂ ਹਨ।

ਸਰਕਾਰੀ ਸਰਗਰਮੀਆਂ ਦੇ ਵਿਰੋਧ ਦੇ ਬਾਵਜੂਦ ੧੫ ਅਤੇ ੧੬ ਨਵੰਬਰ, ੧੯੨੦ ਈ: ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਭਾਰੀ ਪੰਥਕ ਇਕੱਠ ਹੋਇਆ ਜਿਸ ਵਿਚ ੧੭੫ ਮੈਂਬਰਾਂ ਦੀ ਇਕ ਕਮੇਟੀ ਬਣਾਈ ਗਈ ਜਿਸ ਦਾ ਨਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਖਿਆ ਗਿਆ। ਇਨ੍ਹਾਂ ਚੁਣੇ ਹੋਏ ਮੈਂਬਰਾਂ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਮੀਟਿੰਗ ਹੋਈ ਜਿਸ ਵਿਚ ਸ: ਸੁੰਦਰ ਸਿੰਘ ਮਜੀਠਾ ਪ੍ਰਧਾਨ ਚੁਣੇ ਗਏ, ਪ੍ਰਬੰਧ ਅਤੇ ਨਿਯਮਾਂ ਦਾ ਖਰੜਾ ਤਿਆਰ ਕਰਨ ਲਈ ਇਕ ਸਬ ਕਮੇਟੀ ਬਣਾਈ ਗਈ ਜਿਸ ਪਿੱਛੋਂ ਸ਼੍ਰੋਮਣੀ ਕਮੇਟੀ ਨੇ ਗੁਰਦੁਆਰਿਆਂ ਦੇ ਪ੍ਰਬੰਧ ਤੇ ਸੁਧਾਰ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ।

ਇਸ ਤੋਂ ਇਕ ਮਹੀਨਾ ਪਿੱਛੋਂ ੧੪ ਦਸੰਬਰ, ੧੯੨੦ ਈ: ਨੂੰ ਸ਼੍ਰੋਮਣੀ ਅਕਾਲੀ ਦਲ ਕਾਇਮ ਕੀਤਾ ਗਿਆ ਜਿਸ ਦਾ ਮੰਤਵ ਗੁਰਦੁਆਰਿਆਂ ਦੇ ਸੁਧਾਰ ਲਈ ਜੱਥੇ ਕਾਇਮ ਕਰਨਾ ਅਤੇ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਸ਼੍ਰੋਮਣੀ ਕਮੇਟੀ ਦੀ ਸਹਾਇਤਾ ਕਰਨਾ ਸੀ। ਇਸ ਦਾ ਮੰਤਵ ਸਿੱਖਾਂ ਦੇ ਸਮਾਜਕ ਅਤੇ ਰਾਜਨੀਤਿਕ ਮਸਲਿਆਂ 'ਤੇ ਵੀਚਾਰ ਕਰਨਾ ਵੀ ਸੀ ਜਿਸ ਨਾਲ ਸਿੱਖ ਪੰਥ ਇਕ ਪਲੇਟ ਫਾਰਮ ਤੋਂ ਅਗਵਾਈ ਦੇ ਸਕੇ। ਇਸ ਦੇ ਪਹਿਲੇ ਪ੍ਰਧਾਨ ਸ: ਸਰਮੁਖ ਸਿੰਘ ਝਬਾਲ ਅਤੇ ਸਕੱਤਰ ਜੱਥੇਦਾਰ ਤੇਜਾ ਸਿੰਘ ਭੁੱਚਰ ਚੁਣੇ ਗਏ।

ਇਨ੍ਹਾਂ ਜੱਥੇਬੰਦੀਆਂ ਦੇ ਗਠਨ ਨਾਲ ਗੁਰਦੁਆਰਾ ਸੁਧਾਰ ਦਾ ਕੰਮ ਜ਼ੋਰਾਂ 'ਤੇ ਚਲ ਪਿਆ ਜਿਸ ਨਾਲ ਬਹੁਤ ਸਾਰੇ ਗੁਰਦੁਆਰੇ ਪੰਥਕ ਪ੍ਰਬੰਧ ਵਿਚ ਸ਼ਾਮਿਲ ਕਰ ਲਏ ਗਏ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਸਜੇ ਦੀਵਾਨ ਵਿਚ ੨੪ ਜਨਵਰੀ, ੧੯੨੧ ਈ: ਨੂੰ ਤਰਨ ਤਾਰਨ ਤੋਂ ਇਕ ਬੀਬੀ ਨੇ ਪੁਜਾਰੀਆਂ ਬਾਬਤ ਸ਼ਿਕਾਇਤ ਕੀਤੀ। ਜਿਸ 'ਤੇ ਜੱਥੇਦਾਰ ਤੇਜਾ ਸਿੰਘ ਜੀ ਨੇ ਤਰਨ ਤਾਰਨ ਜੱਥਾ ਲੈ ਜਾਣ ਦਾ ਫੈਸਲਾ ਕੀਤਾ। ੨੫ ਜਨਵਰੀ ਨੂੰ ਸਵੇਰੇ ਹੀ ੪੦ ਸਿੰਘਾਂ ਦਾ ਜੱਥਾ ਲੈ ਕੇ ਤਰਨ ਤਾਰਨ ਪੁੱਜ ਗਏ। ਪੁਜਾਰੀਆਂ ਨੇ ਕੋਈ ਟਾਕਰਾ ਨਾ ਕੀਤਾ। ਕੁਝ ਘੰਟੇ ਕੀਰਤਨ ਸੁਣਨ ਮਗਰੋਂ ਪਤਾ ਲੱਗਾ ਕਿ ਪੁਜਾਰੀ ਸਮਝੌਤਾ ਕਰਨਾ ਚਾਹੁੰਦੇ ਹਨ। ਸ਼ਾਮ ਚਾਰ ਵਜੇ ਮੀਟਿੰਗ ਹੋਈ ਜਿਸ ਵਿਚ ਪੰਜ ਸ਼ਰਤਾਂ 'ਤੇ ਸਹਿਮਤੀ ਹੋ ਗਈ। ਪਰ ਮਗਰੋਂ ਪੁਜਾਰੀਆਂ ਨੇ ਰਾਤ ਅੱਠ ਵਜੇ ਗੁੰਡਿਆਂ ਨੂੰ ਨਾਲ ਲੈ ਕੇ ਜੱਥੇ 'ਤੇ ਹਮਲਾ ਕਰ ਦਿੱਤਾ ਜਿਸ ਵਿਚ ਸ: ਹਜ਼ਾਰਾ ਸਿੰਘ ਅਲਾਦੀਨ ਪੁਰ ਅਤੇ ਸ: ਹੁਕਮ ਸਿੰਘ ਵਸਾਊ ਕੋਟ ਸ਼ਹੀਦ ਹੋ ਗਏ। ਇਹ ਗੁਰਦੁਆਰਾ ਸੁਧਾਰ ਲਹਿਰ ਦੀਆਂ ਪਹਿਲੀਆਂ ਸ਼ਹੀਦੀਆਂ ਹਨ। ਇਸ ਤੋਂ ਇਲਾਵਾ ਜੱਥੇ ਦੇ ੧੭ ਸਿੰਘ ਜ਼ਖਮੀ ਹੋਏ। ਪੁਜਾਰੀਆਂ ਵਲੋਂ ਡਾਕੇ ਅਤੇ ਜਬਰ ਨਾਲ ਕਬਜ਼ਾ ਕਰਨ ਦੇ ਮੁਕੱਦਮੇ ਕੀਤੇ। ੧੩ ਪੁਜਾਰੀਆਂ ਦੇ ਜ਼ਖਮੀ ਹੋਣ ਦਾ ਕੇਸ ਦਰਜ ਕਰਵਾਇਆ ਗਿਆ।

ਉਪਰੰਤ ੨੬ ਜਨਵਰੀ, ੧੯੨੧ ਈ: ਨੂੰ ਜੱਥੇਦਾਰ ਜੀ ਨੇ ਗੁਰਦੁਆਰਾ ਤਰਨ ਤਾਰਨ ਸਾਹਿਬ ਦਾ ਮੁਕੰਮਲ ਪ੍ਰਬੰਧ ਸੰਭਾਲ ਲਿਆ। ਪ੍ਰਕਰਮਾ ਵਿਚੋਂ ਧੋ ਕੇ ਸੇਵਾ ਕੀਤੀ ਗਈ। ਹੋਰ ਸੰਗਤਾਂ ਵੀ ਨਾਲ ਰਲ ਗਈਆਂ। ੧੫ ਮੈਂਬਰਾਂ ਦੀ ਕਮੇਟੀ ਬਣਾ ਕੇ ਜੱਥੇਦਾਰ ਜੀ ਨੇ ਪ੍ਰਬੰਧ ਉਨ੍ਹਾਂ ਦੇ ਹਵਾਲੇ ਕੀਤਾ। ਇਸ ਕੇਸ ਵਿਚ ਜੱਥੇਦਾਰ ਜੀ ਉਪਰ ਕਈ ਕੇਸ ਬਣੇ, ਜਿਨ੍ਹਾਂ ਵਿਚ ਉਨ੍ਹਾਂ ਸਜ਼ਾ ਭੁਗਤੀ।

ਇਸ ਤੋਂ ਬਾਅਦ ਖਡੂਰ ਸਾਹਿਬ, ਗੋਇੰਦਵਾਲ, ਚੋਹਲਾ ਸਾਹਿਬ ਨੂੰ ਪੰਥਕ ਪ੍ਰਬੰਧ ਵਿਚ ਸ਼ਾਮਲ ਕਰ ਲਿਆ ਗਿਆ ਅਤੇ ਲੋਕਲ ਪ੍ਰਬੰਧਕ ਕਮੇਟੀਆਂ ਬਣਾ ਦਿੱਤੀਆਂ ਗਈਆਂ।

ਫਰਵਰੀ ੧੯੨੧ ਈ: ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਸਮਾਗਮ ਕਰਕੇ ਸ੍ਰੀ ਨਨਕਾਣਾ ਸਾਹਿਬ ਦੇ ਗੁਰਦੁਆਰੇ ਦਾ ਸੁਧਾਰ ਕਰਨ ਲਈ ਫੈਸਲਾ ਕੀਤਾ ਗਿਆ। ਸ: ਲਛਮਣ ਸਿੰਘ ਧਾਰੋਵਾਲੀਆ ਅਤੇ ਸ: ਕਰਤਾਰ ਸਿੰਘ ਝੱਬਰ ਜੱਥੇ ਲੈ ਕੇ ਰਵਾਨਾ ਹੋਏ ਜਿਸ ਵਿਚ ਸ: ਲਛਮਣ ਸਿੰਘ ਸਮੇਤ ੮੬ ਸਿੰਘ ਸ਼ਹੀਦ ਹੋ ਗਏ। ਨਨਕਾਣੇ ਸਾਹਿਬ ਸ਼੍ਰੋਮਣੀ ਕਮੇਟੀ ਦਾ ਇਜਲਾਸ ਹੋਇਆ ਜਿਸ ਵਿਚ ਕਾਲੇ ਦਸਤਾਰੇ, ਦੁਪੱਟੇ ਅਤੇ ਬਸਤ੍ਰ ਪਾਉਣ ਦਾ ਫੈਸਲਾ ਕੀਤਾ, ਜੱਥੇਦਾਰ ਤੇਜਾ ਸਿੰਘ ਜੀ ਭੁੱਚਰ ਬਾਕੀ ਸਾਰੀ ਜ਼ਿੰਦਗੀ ਕਾਲੇ ਬਸਤ੍ਰ ਹੀ ਪਹਿਨਦੇ ਰਹੇ।

ਜੱਥੇਦਾਰ ਤੇਜਾ ਸਿੰਘ ਜੀ ਭੁੱਚਰ ਨੇ ਪੰਜਾ ਸਾਹਿਬ ਤੋਂ ਜਾ ਕੇ ੪ ਫਰਵਰੀ ੧੯੨੧ ਈ: ਨੂੰ ਪਿਸ਼ਾਵਰ ਵਿਚ ਭਾਈ ਜੋਗਾ ਸਿੰਘ ਦੇ ਗੁਰਦੁਆਰੇ 'ਤੇ ਕਬਜ਼ਾ ਕਰ ਲਿਆ, ਉਸ ਦੇ ਪ੍ਰਬੰਧ ਲਈ ਵੀ ਲੋਕਲ ਕਮੇਟੀ ਬਣਾ ਦਿੱਤੀ। ਇਸ ਤਰ੍ਹਾਂ ਗੁਰਦੁਆਰਾ ਪੰਜਾ ਸਾਹਿਬ ਜੀ ਦੇ ਨਾਲ ਭਾਈ ਜੋਗਾ ਸਿੰਘ ਦਾ ਗੁਰਦੁਆਰਾ ਵੀ ਪੰਥਕ ਪ੍ਰਬੰਧ ਹੇਠ ਲੈ ਆਂਦਾ ਗਿਆ।

ਮਹੰਤਾਂ, ਪੁਜਾਰੀਆਂ ਸਮੇਂ ਅੰਗਰੇਜ਼ ਤੇ ਸਰਕਾਰੀ ਅਫਸਰ ਘੰਟਾ ਘਰ ਵਾਲੇ ਪਾਸੇ ਕੁਰਸੀਆਂ 'ਤੇ ਬੈਠ ਕੇ ਦੀਵਾਲੀ ਦੇਖਿਆ ਕਰਦੇ ਸਨ। ਇਸ ਵਾਰ ਜੱਥੇਦਾਰ ਜੀ ਨੇ ਉਨ੍ਹਾਂ ਨੂੰ ਦਰੀਆਂ 'ਤੇ ਬੈਠਣ ਲਈ ਕਹਿ ਭੇਜਿਆ। ਜਦ ਡੀ.ਸੀ. ਨਾ ਮੰਨਿਆ ਤਾਂ ਇਨ੍ਹਾਂ ਨੇ ਆਪ ਜਾ ਕੇ ਕੁਰਸੀਆਂ ਚੁੱਕ ਚੁੱਕ ਕੇ ਦਗਾਹ ਮਾਰੀਆਂ ਤੇ ਠੁੱਡੇ ਮਾਰੇ। ਉਸ ਤੋਂ ਇਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਫ਼ੌਜਦਾਰੀ ਕੇਸ ਬਣਾਇਆ ਗਿਆ। ਸਰਕਾਰੀ ਏਜੰਟਾਂ ਵਲੋਂ ਮੁਆਫੀ-ਨਾਮਾ ਲਿਖ ਕੇ ਰਿਹਾ ਹੋਣ ਲਈ ਜ਼ੋਰ ਪਾਇਆ ਗਿਆ ਪਰ ਆਪ ਨ ਮੰਨੇ। ਆਪ ਜੀ ਨੂੰ ਮੁਰੱਬਿਆਂ ਦੇ ਵੀ ਲਾਲਚ ਦਿੱਤੇ ਗਏ ਜਿਨ੍ਹਾਂ ਨੂੰ ਆਪ ਜੀ ਨੇ ਅਸਵੀਕਾਰ ਕਰ ਦਿੱਤਾ ਅਤੇ ਖਿੜੇ ਮੱਥੇ ਸਜ਼ਾ ਭੁਗਤੀ। ਅਪ੍ਰੈਲ, ੧੯੨੧ ਈ: ਨੂੰ ਭੁੱਚਰ ਜੀ ਨੇ ਸੈਂਟ੍ਰਲ ਮਾਝਾ ਦੀਵਾਨ ਤੋਂ ਵੱਖ ਹੋ ਕੇ ਗੜ੍ਹਗੱਜ ਅਕਾਲੀ ਦੀਵਾਨ ਕਾਇਮ ਕੀਤਾ। ਫਰਵਰੀ, ੧੯੨੨ ਵਿਚ ਗੜ੍ਹਗੱਜ ਅਕਾਲੀ ਅਖ਼ਬਾਰ ਜਾਰੀ ਕੀਤਾ।

ਚਾਬੀਆਂ ਦੇ ਮੋਰਚੇ ਸਮੇਂ ਵੀ ਜੱਥੇਦਾਰ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਜਿਸ ਵਿਚ ਆਪ ਨੇ ਲੰਮੀਆਂ ਸਜ਼ਾਵਾਂ ਭੁਗਤੀਆਂ। ਗੁਰੂ ਕੇ ਬਾਗ ਦੇ ਮੋਰਚੇ ਸਮੇਂ ਉਹ ਜੇਲ੍ਹ ਵਿਚ ਰਹੇ। ਜਦ ਕਿ ਉਨ੍ਹਾਂ ਦੇ ਜੱਥੇ ਦੇ ੧੩੦ ਸਿੰਘ, ੩੧ ਅਗਸਤ, ੧੯੨੨ ਈ: ਨੂੰ ਗੁਰੂ ਕੇ ਬਾਗ ਪਹੁੰਚੇ ਜਿੱਥੇ ਉਨ੍ਹਾਂ ਨੂੰ ਡਾਂਗਾਂ ਨਾਲ ਕੁੱਟਿਆ ਗਿਆ ਜਿਸ ਵਿਚ ੩੦ ਸਿੰਘ ਬੇਹੋਸ਼ ਹੋ ਗਏ। ਬਾਕੀਆਂ ਦੇ ਲੱਤਾਂ

ਬਾਹਵਾ ਤੇ ਸਿਰਾਂ ਵਿਚ ਸੱਟਾਂ ਵੱਜੀਆਂ। ਇਹ ਗੜਗੱਜ ਜੱਥੇ ਵਲੋਂ ਸ਼ਾਮਲ ਹੋਏ ਸਨ।

੧੩ ਅਪ੍ਰੈਲ ੧੯੨੩ ਈ: ਨੂੰ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਸ਼ਹਿਰ ਵਿਚ ਹਿੰਦੂ ਮੁਸਲਮ ਫਸਾਦ ਸ਼ੁਰੂ ਹੋ ਗਏ। ਬਹੁਤ ਤਬਾਹੀ ਮਚੀ ਤੇ ਬਦ-ਅਮਨੀ ਫੈਲ ਗਈ। ਜੱਥੇਦਾਰ ਜੀ ਨੇ ਆਪਣੇ ੨੦੦ ਸਿੰਘਾਂ ਸਮੇਤ ਬਾਜ਼ਾਰਾਂ, ਗਲੀਆਂ ਘਰ ਘਰ ਪਹੁੰਚ ਕੇ ਫਸਾਦ ਦੀ ਅੱਗ ਨੂੰ ਸ਼ਾਂਤ ਕੀਤਾ ਤੇ ਸ਼ਹਿਰ ਵਿਚ ਅਮਨ ਬਹਾਲ ਕਰਵਾਇਆ। ਇਸ ਤੋਂ ਪੰਜਾਬ ਸਰਕਾਰ ਨੇ ਐਲਾਨ ਜਾਰੀ ਕਰ ਕੇ ਗੁਰੂ ਕੇ ਬਾਗ ਦੇ ਸਾਰੇ ੨੨੦੦ ਅਕਾਲੀ ਰਿਹਾ ਕਰ ਦਿੱਤੇ। ਜਿਸ ਨਾਲ ਖਾਲਸਾ ਪੰਥ ਦੀ ਸ਼ਾਨਦਾਰ ਜਿੱਤ ਹੋਈ।

੧੫ ਜੂਨ, ੧੯੨੩ ਈ: ਨੂੰ ਭੁੱਚਰ ਜੀ ਨੇ ਬੱਬਰ ਅਖ਼ਬਾਰ ਜਾਰੀ ਕੀਤਾ, ਇਸ ਵਿੱਚ ਦਰਬਾਰ ਸਾਹਿਬ ਸਰੋਵਰ ਦੀ ਕਾਰ ਸੇਵਾ ਸਮੇਂ ਸੋਨੇ ਦੀਆਂ ਕਹੀਆਂ, ਚਾਂਦੀ ਦੇ ਬਾਟਿਆਂ ਦੀ ਵਿਰੋਧਤਾ ਕੀਤੀ।

ਅਖੀਰ ਵਿਚ ਕਈ ਫੌਜਦਾਰੀ ਮੁਕੱਦਮਿਆਂ ਵਿਚੋਂ ਆਪ ਨੂੰ ਸੱਤ ਸਾਲ ਕੈਦ ਹੋ ਗਈ। ਆਪ ਨੂੰ ਰਾਵਲ ਪਿੰਡੀ ਜੇਲ੍ਹ ਭੇਜ ਦਿੱਤਾ ਗਿਆ। ਜਿੱਥੇ ਤਸ਼ੱਦਦ ਤੇ ਸਖਤੀਆਂ ਜਾਰੀ ਰਹੀਆਂ, ਉਥੇ ਵੀ ਬੇ-ਨਿਯਮੀਆਂ ਵਿਰੁੱਧ ਆਪ ਜੀ ਨੇ ਕਈ ਵੇਰ ਭੁੱਖ ਹੜਤਾਲ ਰੱਖੀ ਅਤੇ ਸਰਕਾਰ ਦਾ ਵਿਰੋਧ ਕਰਦੇ ਰਹੇ। ਆਪ-ਬੈਂਤ ਮਾਰਨ ਦੀ ਸਜ਼ਾ ਵੀ ਜੇਲ੍ਹ ਵਿੱਚ ਭੁਗਤੀ, ਇਸ ਤਰ੍ਹਾਂ ਅਣਗਿਣਤ ਤਸੀਹੇ ਝਲਦੇ ਰਹੇ। ਨਵੰਬਰ, ੧੯੨੯ ਈ. ਵਿਚ ਆਪ ਸੱਤ ਸਾਲ ਦੀ ਕੈਦ ਭੁਗਤ ਜਦ ਰਿਹਾ ਹੋ ਕੇ ਆਏ ਤਾ ਸ਼੍ਰੋਮਣੀ ਅਕਾਲੀ ਦਲ ਅਤੇ ਅਕਾਲੀ ਜੱਥਾ ਸ਼ਹਿਰੀ ਅੰਮ੍ਰਿਤਸਰ ਵਲੋਂ ਸਨਮਾਨ ਸਮਾਰੋਹ ਸਮੇਂ ਮਾਣ-ਪੱਤਰ ਭੇਟ ਕੀਤਾ ਗਿਆ ਜਿਸ ਵਿਚ ਕਵਿਤਾ ਦੇ ਇਹ ਬੰਦ ਦਰਜ ਹਨ।

***ਪੰਥ ਦੇ ਦੂਲਿਆ ਸ਼ੇਰ ਮਰਦਾ, ਦਸਮ ਪਿਤਾ ਦੇ ਬੀਰ ਦੁਲਾਰਿਆ ਵੇ।***
***ਪੈ ਕੇ ਸਬਰ ਕੁਠਾਲੀ ਦੇ ਵਿਚ ਵੀਰਾ, ਸੱਤ ਸਾਲ ਤੂੰ ਕਸ਼ਟ ਸਹਾਰਿਆ ਵੇ।***
***ਅੰਤ ਤੂੰ ਜਿੱਤਿਉਂ ਤੇਰਾ ਸਿਦਕ ਨਿਭਿਆ, ਜਬਰ ਜ਼ੁਲਮ ਤੇਰੇ ਅੱਗੇ ਹਾਰਿਆ ਵੇ।***

ਜੱਥੇਦਾਰ ਤੇਜਾ ਸਿੰਘ ਜੀ ਭੁੱਚਰ ਨੇ ਹਿੰਮਤ ਨਹੀਂ ਹਾਰੀ, ਗੜਗੱਜ ਅਕਾਲੀ ਦੀਵਾਨ ਰਾਹੀ ਆਪਣੀਆ ਸਰਗਰਮੀਆਂ ਜਾਰੀ ਰੱਖੀਆਂ। ਅੰਗਰੇਜ਼ ਸਰਕਾਰ ਵਿਰੁੱਧ ਆਵਾਜ਼ ਉਠਾਉਣ ਅਤੇ ਸੰਗਤਾਂ ਨੂੰ ਲਾਮਬੰਦ ਕਰਨ ਵਾਸਤੇ ਆਪ ਜੀ ਨੇ 'ਅਕਾਲ ਬੁੰਗਾ' ਨਾਂ ਦੀ ਇਮਾਰਤ ਵਿਚ 'ਅਕਾਲ ਪ੍ਰੈਸ' ਚਲਾਇਆ ਅਤੇ 'ਬੱਬਰ ਸ਼ੇਰ' ਅਖਬਾਰ ਜਾਰੀ ਕੀਤਾ। ਉਸ ਦੇ ਦਰਜਨ ਤੋਂ ਵੱਧ ਐਡੀਟਰ ਗ੍ਰਿਫਤਾਰ ਹੋਏ ਤੇ ਸਜ਼ਾਵਾਂ ਹੋਈਆਂ।

ਇਨ੍ਹਾਂ ਸਰਕਾਰ ਵਿਰੋਧੀ ਸਰਗਰਮੀਆਂ ਕਰ ਕੇ ਆਪ ਜੀ ਦੇ ਪਿਤਾ ਸ: ਮੱਈਆ ਸਿੰਘ ਜੀ ਨੇ ਇਨਾਂ ਨੂੰ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਜਿਸ ਕਰਕੇ ਉਹ ਵਾਰੰਟਾਂ ਤੇ ਕੁਰਕੀਆਂ ਤੋਂ ਬਚ ਸਕਿਆ ਪਰ ਜੱਥੇਦਾਰ ਜੀ ਦਾ ਪ੍ਰੈਸ ਨੀਲਾਮ ਕਰ ਦਿੱਤਾ ਗਿਆ ਅਤੇ ਅਖਬਾਰ ਜ਼ਬਤ ਕਰ ਲਿਆ ਗਿਆ ਤੇ ਨਾਲ ਹੀ ਸਾਰਾ ਰੀਕਾਰਡ ਅਤੇ ਸਾਰੀ ਸਮੱਗ੍ਰੀ ਵੀ ਜ਼ਬਤ ਕਰ ਲਈ ਗਈ।

ਇਸ ਸਮੇਂ ਸਰਕਾਰ ਨੇ ਖੁਰਜ ਅਕਾਲੀ ਫੂਲਾ ਸਿੰਘ ਦੀ ਹਜ਼ਾਰਾ ਏਕੜ ਜ਼ਮੀਨ 'ਤੇ ਕਬਜ਼ਾ

ਕਰ ਲਿਆ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਰਹਿ ਚੁੱਕੇ ਜੱਥੇਦਾਰ ਅਤੇ ਸਿੱਖ ਰਾਜ ਸਮੇਂ ਖ਼ਾਲਸਾ ਜੀ ਦੇ ਮਹਾਨ ਜਰਨੈਲ ਅਕਾਲੀ ਫੂਲਾ ਸਿੰਘ ਜੀ ਦੀ ਯਾਦਗਾਰ ਨਾਲ ਲਾਈ ਮਹਾਰਾਜਾ ਰਣਜੀਤ ਸਿੰਘ ਵੱਲੋਂ ਜਾਗੀਰ ਅੰਗਰੇਜ਼ਾਂ ਨੇ ਖੁਰਦ ਬੁਰਦ ਕਰ ਦਿੱਤੀ। ਇਸ ਦਾ ਵੀ ਸਮੁੱਚੇ ਸ਼ਹਿਰੀਆਂ ਅਤੇ ਨਿਹੰਗ ਸਿੰਘਾਂ ਵਲੋਂ ਭਾਰੀ ਰੋਸ ਮਨਾਇਆ ਗਿਆ। ਇਸ ਲਈ ਚਾਰਾ ਜੋਈ ਕਰਨ ਵਾਸਤੇ ਕਮੇਟੀ ਬਣਾਈ ਗਈ ਸੀ। ਨਿਹੰਗ ਮੁਖੀ ਇਸ ਦੀ ਪੈਰਵੀ ਕਰਦੇ ਸਨ।

ਸੰਨ ੧੯੩੫ ਈ: ਵਿਚ ਇਕ ਰਾਤ ਨੂੰ ਪੁਲਸ ਨੇ ਬੁਰਜ ਅਕਾਲੀ ਫੂਲਾ ਸਿੰਘ ਅਤੇ ਸਮਾਧ ਉਤੇ ਛਾਪਾ ਮਾਰਿਆ। ਬਹੁਤ ਸਾਰੇ ਨਿਹੰਗ ਸਿੰਘਾਂ ਨੂੰ ਫੜ ਕੇ ਜੇਲ੍ਹੀਂ ਡੱਕ ਦਿੱਤਾ। ਨਿਹੰਗਾਂ. ਸ਼ਹਿਰੀਆਂ ਅਤੇ ਸਿੱਖ ਲੀਗ ਵਲੋਂ ਐਜੀਟੇਸ਼ਨ ਸ਼ੁਰੂ ਕੀਤੀ ਗਈ। ਡੀਫੈਂਸ ਕਮੇਟੀ ਦੇ ਪ੍ਰਧਾਨ ਜੱਥੇਦਾਰ ਭਾਈ ਤੇਜਾ ਸਿੰਘ ਭੁੱਚਰ ਨੂੰ ਥਾਪਿਆ ਗਿਆ।

ਇਨ੍ਹਾਂ ਦੇ ਨਾਲ ਜੱਥੇਦਾਰ ਨਮਨੀਤ ਸਿੰਘ ਬੁਤਾਲੀਆ, ਗਿਆਨੀ ਹਰੀ ਸਿੰਘ ਗੜਗੱਜ, ਬਾਬਾ ਸਾਹਿਬ ਸਿੰਘ ਜੀ ਪੈਸਾ ਕਮੇਟੀ, ਜੱਥੇਦਾਰ ਗੁਰਬਚਨ ਸਿੰਘ ਜੀ ਨਰਵੜ, ਭਾਈ ਨਾਹਰ ਸਿੰਘ ਨਰਵੜ, ਗਿ: ਗੁਰਦਿਆਲ ਸਿੰਘ, ਭਾਈ ਵੀਰ ਸਿੰਘ ਜੀ ਫਤਿਹਬਾਦ, ਜੱਥੇਦਾਰ ਤੇਜਾ ਸਿੰਘ ਜੋਧਪੁਰ (ਤਰਨ ਤਾਰਨ) ਅਤੇ ਹੋਰ ਬਹੁਤ ਸਾਰੇ ਸਿੰਘ ਕਮੇਟੀ ਦੇ ਮੈਂਬਰ ਸਨ। ਉਨ੍ਹਾਂ ਵੱਲੋਂ ਮੋਰਚਾ ਆਰੰਭ ਦਿੱਤਾ ਗਿਆ। ਸਰਕਾਰ ਨਾਲ ਦ੍ਰਿੜ ਟੱਕਰ ਲੈਣ ਦਾ ਫੈਸਲਾ ਕੀਤਾ ਗਿਆ। ਨਿਹੰਗ ਮੁਖੀ ਤੇ ਸਿੰਘ ਰਿਹਾ ਕਰ ਦਿੱਤੇ। ਯਾਦਗਾਰ ਦੀ ਜ਼ਮੀਨ ਤੇ ਜਾਇਦਾਦ ਦਾ ਪ੍ਰਬੰਧ ਬੁਰਜ ਅਕਾਲੀ ਫੂਲਾ ਸਿੰਘ ਦੀ ਕਮੇਟੀ ਹੇਠ ਮੰਨ ਲਿਆ। ਇਹ ਮੋਰਚਾ ਫਤਹਿ ਹੋਣ 'ਤੇ ਵੀ ਕੁਝ ਸਮਾਂ ਜੱਥੇਦਾਰ ਭੁੱਚਰ ਬੁਰਜ ਅਕਾਲੀ ਫੂਲਾ ਸਿੰਘ ਰਹਿੰਦੇ ਰਹੇ। ਉਥੇ ਹੀ 'ਗੜਗੱਜ ਅਕਾਲੀ ਦੀਵਾਨ ਦੀ ਇਕੱਤ੍ਰਤਾ ਤੇ ਗੁਰਮਤੇ ਹੁੰਦੇ ਰਹੇ। ਉਸੇ ਥਾਂ ਭਾਰੀ ਦੀਵਾਨ ਅਤੇ ਅਕਾਲੀ ਕਾਨਫ੍ਰੰਸਾਂ ਕੀਤੀਆਂ ਜਾਂਦੀਆਂ ਰਹੀਆਂ। ਆਪ ਬੜੇ ਸੁੰਦਰ ਤੇ ਸਜੀਲੇ ਜਵਾਨ ਸਨ। ਖਾਲਸਾ ਸੈਂਟ੍ਰਲ ਦੀਵਾਨ ਮਾਝਾ ਦੇ ਮੁਖੀ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਹਿਲੇ ਜੱਥੇਦਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੁੱਖੀ, ਗੜਗੱਜ ਅਕਾਲੀ ਦੀਵਾਨ ਦੇ ਬਾਨੀ, ਗੜਗੱਜ ਅਕਾਲੀ ਅਤੇ ਬੱਬਰ ਸ਼ੇਰ ਅਖ਼ਬਾਰਾਂ ਦੇ ਸੰਚਾਲਕ ਸਨ। ਆਪ ਨੇ ਜ਼ੇਲ੍ਹਾਂ ਵੀ ਕੱਟੀਆਂ ਤੇ ਜ਼ੁਰਮਾਨੇ ਵੀ ਭਰੇ ਅਤੇ ਅਖ਼ਬਾਰਾਂ ਦੀਆਂ ਜ਼ਮਾਨਤਾਂ ਅਤੇ ਆਪਣੀ ਜਾਇਦਾਦ ਜ਼ਬਤ ਕਰਵਾਈ। ਆਪ ਹਠੀਲੇ, ਖਾੜਕੂ ਤੇ ਪ੍ਰਭਾਵਸ਼ਾਲੀ ਨੇਤਾ ਸਨ। ਗੁਰਦੁਆਰਾ ਐਕਟ ਦੇ ਵਿਰੋਧੀ ਸਨ।

੨ ਅਕਤੂਬਰ, ੧੯੩੯ ਈ: ਨੂੰ ਦੁਪਹਿਰ ਵੇਲੇ ਆਪ ਆਪਣੇ ਜੱਦੀ ਪਿੰਡ ਤੋਂ ਗੱਗੋਬੂਹੇ ਵੱਲ ਨੂੰ ਆ ਰਹੇ ਸਨ ਤਦ ਆਪ ਜੀ ਦੇ ਵਿਰੋਧੀਆਂ ਨੇ ਅਚਾਨਕ ਆਪ ਜੀ ਉੱਪਰ ਹਮਲਾ ਕਰ ਦਿੱਤਾ ਜਿੱਸ ਤੇ ਆਪ ਜੀ ਦੀ ਲੱਤ 'ਤੇ ਸੱਟ ਲੱਗੀ, ਨਾਲ ਦੇ ਸਰਕਾਰੀ ਹਸਪਤਾਲ ਤੋਂ ਪੱਟੀ ਕਰਵਾ ਕੇ ਆਪ ਜੀ ਨੂੰ ਹਸਪਤਾਲ ਲੈ ਜਾਇਆ ਗਿਆ ਜਿਸ ਨੂੰ ਅੱਜ ਕੱਲ ਗੁਰੂ ਤੇਗ ਬਹਾਦਰ ਹਸਪਤਾਲ ਕਿਹਾ ਜਾਂਦਾ ਹੈ। ਡਾਕਟਰਾਂ ਦੀ ਟੀਮ ਨੇ ਚੈੱਕ ਕਰਕੇ ਦੱਸਿਆ ਕਿ ਲੱਤ ਕੱਟੀ ਜਾਣ ਤੋਂ ਬਿਨਾ ਹੋਰ ਕੋਈ ਚਾਰਾ ਨਹੀਂ ਕਿਉਂਕਿ ਜ਼ਖਮ ਖਰਾਬ ਹੋ ਕੇ ਬੇਅਸਰ ਹੋ ਗਿਆ ਹੈ ਤੇ ਉਸ ਦਾ

ਜ਼ਹਿਰ ਚੜ੍ਹਨਾ ਸ਼ੁਰੂ ਹੋ ਗਿਆ।

ਅੱਗੋਂ ਜੱਥੇਦਾਰ ਜੀ ਨੇ ਬੜੀ ਦ੍ਰਿੜ੍ਹਤਾ ਨਾਲ ਕਿਹਾ ਕਿ ਮੇਰੀ ਲੱਤ ਉਪਰ ਅਣਗਿਣਤ ਰੋਮ ਹਨ। ਲੱਤ ਕੱਟਣ ਨਾਲ ਉਨ੍ਹਾਂ ਦੀ ਬੇਅਦਬੀ ਹੋਵੇਗੀ, ਜੋ ਮੈਂ ਨਹੀਂ ਸਹਿ ਸਕਦਾ, ਇਸ ਲਈ ਮੈਨੂੰ ਆਪਣੀ ਜਾਨ ਦੀ ਪ੍ਰਵਾਹ ਨਹੀਂ ਹੈ।

ਸਿੱਖ ਪੰਥ ਦਾ ਅਣਖੀਲਾ ਜਰਨੈਲ, ਅਕਾਲੀ ਲਹਿਰ ਦਾ ਮੋਢੀ, ਗੁਰਦੁਆਰਾ ਸੁਧਾਰ ਲਹਿਰ ਦਾ ਪਹਿਲਾ ਸੱਚਾ ਸੁੱਚਾ ਨਿਧੜਕ ਸੁਧਾਰਕ, ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪਹਿਲਾ ਜੱਥੇਦਾਰ, ਸਿੱਖੀ ਸਿਦਕ ਕੇਸਾਂ ਸੁਆਸਾਂ ਨਾਲ ਨਿਭਾਉਂਦਾ ਹੋਇਆ ੩ ਅਕਤੂਬਰ, ੧੯੩੯ ਈ: ਨੂੰ ਸਵੇਰੇ ਤੜਕਸਾਰ ਅਕਾਲ ਪੁਰਖ ਦੇ ਚਰਣਾਂ ਵਿਚ ਜਾ ਬਿਰਾਜਿਆ।

ਆਪ ਆਪਣੇ ਪਿੱਛੇ ਪਤਨੀ ਤੇ ਦੋ ਪੁੱਤਰ ਛੱਡ ਗਏ। ਵੱਡਾ ਸ: ਨਰਿੰਦਰ ਸਿੰਘ ਭੁੱਚਰ ਖੁਰਦ ਦੇ ਸਰਪੰਚ ਤੇ ਛੋਟਾ ਸਰਕਾਰੀ ਨੌਕਰ ਹੈ।

# ਜਥੇਦਾਰ ਤੇਜਾ ਸਿੰਘ ਜੀ 'ਅਕਰਪੁਰੀ'

ਆਪ ਦਾ ਜਨਮ ਪਿੰਡ ਅਕਰ ਪੁਰਾ ਤਹਿਸੀਲ ਬਟਾਲਾ ਜ਼ਿਲਾ, ਗੁਰਦਾਸਪੁਰ ਵਿਚ ੧੮੯੨ ਈ: ਵਿਚ ਹੋਇਆ। ਆਪ ਦੇ ਪਿਤਾ ਦਾ ਨਾਮ ਸਰਦਾਰ ਪਾਲਾ ਸਿੰਘ ਅਤੇ ਮਾਤਾ ਦਾ ਨਾਮ ਪ੍ਰਤਾਪ ਕੌਰ ਸੀ। ਪਿੰਡ ਦੇ ਸਕੂਲ ਵਿਚ ਮਿਡਲ ਤਕ ਵਿਦਿਆ ਪੜ੍ਹੀ। ਦਸਵੀਂ ਜਮਾਤ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਪਾਸ ਕੀਤੀ। ੧੯੧੫ ਈ: ਵਿਚ ੨੪ ਨੰਬਰ ਪਲਟਨ ਵਿਚ ਭਰਤੀ ਹੋ ਗਏ। ਆਪ ਕ੍ਰਿਕਟ ਦੇ ਚੰਗੇ ਖਿਡਾਰੀ ਸਨ, ਜਿਸ ਕਰਕੇ ਪਲਟਨ ਦਾ ਕਰਨਲ ਟਰੈਵਲ ਕ੍ਰਿਕਟ ਦਾ ਖੁਦ ਖਿਡਾਰੀ ਹੋਣ ਕਰਕੇ ਆਪ ਨੂੰ ਜਮਾਂਦਾਰੀ ਰੈਂਕ ਦੇਣਾ ਚਾਹੁੰਦਾ ਸੀ ਪਰ ਜੱਥੇਦਾਰ ਜੀ ਨੇ ਪਲਟਨ ਦੀ ਨੌਕਰੀ ਛੱਡ ਦਿੱਤੀ। ਆਪ ਦੀ ਸ਼ਾਦੀ ਹੋ ਗਈ। ਸਿੰਘਣੀ ਦਾ ਨਾਮ ਦਲੀਪ ਕੌਰ ਸੀ।

੧੯੧੮ ਈ: ਵਿਚ ਆਪ ਦਾ ਨਾਮ ਜ਼ਿਲੇਦਾਰੀ ਲਈ ਦਰਜ ਹੋਇਆ। ਆਪ ਨੇ ਕੁਝ ਸਮਾਂ ਪਟਵਾਰ ਅਤੇ ਜ਼ਿਲੇਦਾਰੀ ਦੀ ਟ੍ਰੇਨਿੰਗ ਵੀ ਲਈ। ਐਸ.ਡੀ.ਓ. ਨਾਲ ਕੰਮ ਵੀ ਕੀਤਾ ਪਰ ਕੁਦਰਤ ਨੂੰ ਮਨਜ਼ੂਰ ਨਹੀਂ ਸੀ ਕਿ ਸਰਕਾਰੀ ਨੌਕਰੀ ਕਰਦੇ।

੧੯੨੧ ਈ: ਦੇ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਤੋਂ ਪ੍ਰਭਾਵਿਤ ਹੋ ਕੇ ਜੱਥੇਦਾਰ ਜੀ ਨੇ ਸਰਕਾਰੀ ਨੌਕਰੀ ਛੱਡ ਦਿੱਤੀ ਤੇ ਅਕਾਲੀ ਲਹਿਰ ਵਿਚ ਸ਼ਾਮਿਲ ਹੋ ਕੇ ਪੰਥਕ ਸੇਵਾ ਵਿੱਚ ਕੁੱਦ ਪਏ।

ਅਕਤੂਬਰ, ੧੯੨੧ ਈ: ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਆਪ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜੱਥੇਦਾਰ ਥਾਪਿਆ ਗਿਆ। ਚਾਬੀਆਂ ਦਾ ਮੋਰਚਾ ੭ ਨਵੰਬਰ, ੧੯੨੧ ਈ: ਅਤੇ ਗੁਰੂ ਕੇ ਬਾਗ ਦਾ ਮੋਰਚਾ ੧੨ ਅਗਸਤ ੧੯੨੨ ਈ: ਨੂੰ ਆਪ ਦੀ ਜੱਥੇਦਾਰੀ ਸਮੇਂ ਹੀ ਲੱਗਾ। ਉਹਨਾਂ ਮੋਰਚਿਆਂ ਵਿਚ ਆਪ ਨੇ ਪੰਥ ਨੂੰ ਚੰਗੀ ਅਗਵਾਈ ਦਿੱਤੀ। ੧੯੨੩ ਈ: ਵਿਚ ਜਦ ਜੈਤੋ ਦਾ ਮੋਰਚਾ ਸ਼ੁਰੂ ਹੋਇਆ ਤਾਂ ਅੰਗਰੇਜ਼ੀ ਸਰਕਾਰ ਨੇ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਨੂੰ ਕਾਨੂੰਨ ਵਿਰੁੱਧ ਕਰਾਰ ਦੇ ਦਿੱਤਾ। ਉਸ ਵਕਤ ਜੱਥੇਦਾਰ ਤੇਜਾ ਸਿੰਘ ਨੂੰ ਅਕਾਲੀ ਲਹਿਰ ਦਾ ਮੁਖੀ, ਸ੍ਰੀ ਅਕਾਲ ਤਖ਼ਤ ਦਾ ਜੱਥੇਦਾਰ ਅਤੇ ਸ਼੍ਰੋਮਣੀ ਕਮੇਟੀ ਦਾ ਮੈਂਬਰ ਹੋਣ ਦੇ ਕਾਰਣ ਪਹਿਲੇ ਜੱਥੇ ਨਾਲ ਹੀ ਗ੍ਰਿਫਤਾਰ ਕਰ ਲਿਆ ਗਿਆ। ਆਪ ਅਕਾਲੀ ਲੀਡਰਜ਼ ਕੇਸ ਵਿਚ ੧੯੨੬ ਈ: ਤਕ ਸੈਂਟਰ ਜੇਲ੍ਹ ਤੇ ਲਾਹੌਰ ਕਿਲ੍ਹੇ ਵਿਚ ਬੰਦ ਰਹੇ। ਸਤੰਬਰ, ੧੯੨੬ ਈ: ਵਿਚ ਰਿਹਾ ਹੋਣ ਤੋਂ ਬਾਅਦ ਆਪ ਫਿਰ ਦੂਜੀ ਵਾਰ ੧੯੨੭ ਈ: 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਥਾਪੇ ਗਏ। ਆਪ ਗੁ: ਕਮੇਟੀ ਤੇਜਾ ਕਲਾਂ ਅਤੇ ਡੇਰਾ ਬਾਬਾ ਨਾਨਕ ਦੇ

ਪ੍ਰਧਾਨ ਵੀ ਰਹੇ। ੧੯੨੭ ਈ: ਵਿਚ ਆਪ ਸ਼੍ਰੋ: ਕਮੇਟੀ ਦੇ ਮੈਂਬਰ ਚੁਣੇ ਗਏ। ੧੯੩੧ ਈ: ਤਕ ਚਾਰ ਸਾਲ ਆਪ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਰਹੇ। ਆਪ ਅਕਾਲੀ ਜੱਥਾ ਜ਼ਿਲ੍ਹਾ ਗੁਰਦਾਸਪੁਰ ਦੇ ਜੱਥੇਦਾਰ, ਸ਼੍ਰੋਮਣੀ ਕਮੇਟੀ ਦੇ ਕਈ ਸਾਲ ਮੈਂਬਰ ਤੇ ਮੀਤ ਪ੍ਰਧਾਨ ਵੀ ਰਹੇ। ੧੯੩੫ ਈ: ਤੋਂ ੧੯੩੮ ਈਂ ਤਕ ਆਪ ਸ੍ਰੀ ਨਨਕਾਣਾ ਸਾਹਿਬ ਕਮੇਟੀ ਦੇ ਪ੍ਰਧਾਨ ਰਹੇ।

੧੯੩੮ ਈ: ਵਿਚ ਆਪ ਦੇ ਜਤਨਾਂ ਨਾਲ ਤੁਗਲ ਵਾਲਾ, ਬਟਾਲਾ ਅਤੇ ਤੇਜਾ ਕਲਾਂ ਵਿਚ ਤਿੰਨ ਖਾਲਸਾ ਹਾਈ ਸਕੂਲ ਕਾਇਮ ਹੋਏ।

੯-੧੦ ਫਰਵਰੀ ੧੯੪੦ ਨੂੰ ਅਟਾਰੀ ਵਿਖੇ ਪਹਿਲੀ ਅਕਾਲੀ ਕਾਨਫ੍ਰੰਸ ਹੋਈ, ਜਿਸ ਦੇ ਆਪ ਪ੍ਰਧਾਨ ਚੁਣੇ ਗਏ। ਆਪ ਦੋ ਸਾਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਰਹੇ।

੧੯੫੨ ਈ: ਵਿਚ ਆਪ ਗੁਰਦਾਸਪੁਰ ਦੇ ਚੋਣ ਹਲਕੇ ਤੋਂ ਕਾਂਗਰਸ ਦੇ ਟਿਕਟ ਤੇ ਲੋਕ ਸਭਾ ਦੇ ਮੈਂਬਰ ਚੁਣੇ ਗਏ ਜੋ ੧੯੫੭ ਈ: ਤਕ ਰਹੇ।

ਆਪ ਸੈਂਟਰਲ ਕੁਆਪਰੇਟਿਵ ਬੈਂਕ ਬਟਾਲਾ ਦੇ ਡਾਇਰੈਕਟਰ ਅਤੇ ਖਾਲਸਾ ਕਾਲਜ ਕਾਦੀਆਂ ਤੇ ਹੋਰ ਕਈ ਖਾਲਸਾ ਸਕੂਲ ਕਮੇਟੀਆਂ ਦੇ ਮੈਂਬਰ ਵੀ ਰਹੇ।

੧੯੬੩ ਈ: ਤੋਂ ੧੯੬੫ ਤਕ ਜਦ ਦਾਸ ਸ੍ਰੀ ਹਰਿਮੰਦਰ ਸਾਹਿਬ ਵਿਖੇ ਗ੍ਰੰਥੀ ਦੀ ਡਿਊਟੀ ਦੇ ਨਾਲ ਨਾਲ ਆਨਰੇਰੀ ਤੌਰ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਦੇ ਵੀ ਫ਼ਰਜ਼ ਨਿਭਾਉਂਦਾ ਸੀ, ਉਸ ਸਮੇਂ ਜੱਥੇਦਾਰ ਸਾਹਿਬ ਜੀ ਕਈ ਵਾਰ ਦਾਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦਫ਼ਤਰ ਵਿਚ ਦਰਸ਼ਨ ਦੇਂਦੇ ਰਹੇ। ਮੈਨੂੰ ਚੰਗੇ ਸੁਝਾਵ ਦੇ ਕੇ ਪੰਥਕ ਮਾਮਲਿਆਂ ਵਿਚ ਮੇਰਾ ਮਾਰਗ ਦਰਸ਼ਨ ਕਰਦੇ ਰਹੇ।

੧੯੭੬ ਈ: ਵਿਚ ਆਪਣੇ ਜਨਮ ਨਗਰ ਅਕਰਪੁਰ ਵਿਖੇ ਹੀ ਪੰਜ ਭੌਤਕ ਸਰੀਰ ਤਿਆਗ ਕੇ ਗੁਰੂ ਚਰਣਾਂ ਵਿਚ ਜਾ ਬਿਰਾਜੇ। ਆਪ ਆਪਣੇ ਪਿਛੇ ਸਿੰਘਣੀ, ਦੋ ਸਪੁੱਤਰ ਕੁੰਦਨ ਸਿੰਘ ਤੇ ਕੁਲਵੰਤ ਸਿੰਘ ਅਤੇ ਦੋ ਸਪੁੱਤਰੀਆਂ ਹਰਬੰਸ ਕੌਰ ਅਤੇ ਸਤਵੰਤ ਕੌਰ ਛੱਡ ਗਏ ਹਨ।

ਜਥੇਦਾਰ ਜੀ ਬੜੇ ਉਜਲ ਦੀਦਾਰੀ, ਸੁਭਾਅ ਦੇ ਠੰਡੇ ਮਿੱਠੇ ਤੇ ਬੇਹੱਦ ਮਿਲਾਪੜੇ, ਧਾਰਮਿਕ ਤੇ ਰਾਜਸੀ ਮਾਮਲਿਆਂ ਬਾਰੇ ਨਿਰਣਾ ਕਰਨ ਵਿਚ ਮਾਹਿਰ, ਬੜੀ ਸੁਲਝੀ ਹੋਈ ਸ਼ਖਸੀਅਤ, ਨਿੰਮ੍ਰਤਾ, ਪ੍ਰੇਮ, ਸਾਦਗੀ ਦਾ ਮੁਜੱਸਮਾ, ਪੰਥ ਦੀ ਚੜ੍ਹਦੀ ਕਲਾ ਦੇ ਚਾਹਵਾਨ, ਦੂਰਅੰਦੇਸ਼ ਪੰਥਕ ਆਗੂ ਤੇ ਗੁਰਮੁਖ ਸੱਜਣ ਸਨ।

ਨੋਟ:- ਗੁਰਦੁਆਰਾ ਪ੍ਰਬੰਧ ਸੁਧਾਰ ਹਿਤ ਚਲੀ ਅਕਾਲੀ ਲਹਿਰ ਸਮੇਂ ਤੇਜਾ ਸਿੰਘ ਨਾਮ ਦੇ ਕਈ ਪ੍ਰਸਿੱਧ ਵਿਅਕਤੀ ਪੰਥਕ ਸੇਵਾ ਹਿਤ ਨਿਤਰੇ ਜਿਨ੍ਹਾਂ ਨੇ ਵੱਖ ਵੱਖ ਖੇਤਰਾਂ ਅੰਦਰ ਸਿੱਖੀ ਦੀ ਸੇਵਾ ਕਰ ਕੇ ਨਾਮਨਾ ਖਟਿਆ। ਉਨ੍ਹਾਂ ਵਿਚੋਂ ਦੋ ਨਾਮ ਉਪਰ ਆ ਚੁੱਕੇ ਹਨ। ੧. ਜਥੇਦਾਰ ਤੇਜਾ ਸਿੰਘ ਜੀ ਭੁੱਚਰ ਤੇ ੨. ਜਥੇਦਾਰ ਤੇਜਾ ਸਿੰਘ ਅਕਰਪੁਰੀ ਜਿਨ੍ਹਾਂ ਨੇ ਹੋਰ ਸਭ ਪੰਥਕ ਸੇਵਾਵਾਂ ਦੇ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਰੂਪ ਵਿਚ ਵੀ ਵਡਮੁੱਲੀ ਸੇਵਾ ਨਿਭਾਈ ਤੇ ਉਨ੍ਹਾਂ ਦਾ ਪੰਥ ਵਿਚ ਮਹਾਨ ਸਨਮਾਨ ਹੋਇਆ। ਬਾਕੀ ਮਹਾਨ ਵਿਅਕਤੀਆਂ ਦੇ ਨਾਮ ਇਸ

ਪ੍ਰਕਾਰ ਹਨ:-

੩. ਤੇਜਾ ਸਿੰਘ ਸਮੁੰਦਰੀ, ੪. ਤੇਜਾ ਸਿੰਘ ਸੁਤੰਤਰ, ੫. ਤੇਜਾ ਸਿੰਘ ਸੰਤ ਡਬਲ ਐਮ. ਏ., ੬. ਤੇਜਾ ਸਿੰਘ ਚੂਹੜ ਕਾਣਾ, ੭. ਤੇਜਾ ਸਿੰਘ ਭਸੌੜ. ੮. ਤੇਜਾ ਸਿੰਘ ਪ੍ਰੋਫੈਸਰ, ੯. ਤੇਜਾ ਸਿੰਘ ਸਰੂਪ ਵਾਲੀ. ੧੦. ਤੇਜਾ ਸਿੰਘ ਜੱਥੇਦਾਰ ਕੋਕਰੀ ਕਲਾਂ, ੧੧. ਤੇਜਾ ਸਿੰਘ ਘਵਿੰਡ, ੧੨. ਤੇਜਾ ਸਿੰਘ ਹਜ਼ੂਰੀਆ, ੧੩. ਤੇਜਾ ਸਿੰਘ ਹੈੱਡ ਗ੍ਰੰਥੀ ਸ੍ਰੀ ਨਨਕਾਣਾ ਸਾਹਿਬ, ੧੪. ਤੇਜਾ ਸਿੰਘ ਜਸਟਸ ਅਤੇ ੧੫. ਤੇਜਾ ਸਿੰਘ 'ਤਿਬੜੀ'।

# ਜਥੇਦਾਰ ਊਧਮ ਸਿੰਘ ਜੀ ਨਾਗੋਕੇ

(੧੯੨੩ ਈ.)

ਪਿਤਾ ਸ: ਬੇਲਾ ਸਿੰਘ ਜੀ ਦੇ ਘਰ, ਮਾਤਾ ਅਤਰ ਕੌਰ ਜੀ ਦੀ ਕੁੱਖੋਂ ੧੮੯੪ ਈ: ਵਿਚ ਆਪ ਜੀ ਦਾ ਜਨਮ ਪਿੰਡ ਨਾਗੋਕੇ, ਨੇੜੇ ਖਡੂਰ ਸਾਹਿਬ, ਤਹਿਸੀਲ ਤਰਨ ਤਾਰਨ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਸਕੂਲੀ ਵਿਦਿਆ ਪ੍ਰਾਇਮਰੀ ਤਕ ਹੀ ਪੜ੍ਹੀ। ਭਰ ਜੁਆਨੀ ਵਿਚ ਆਪ ਦੀ ਸ਼ਾਦੀ ਹੋਈ। ਬੱਚਾ ਕੋਈ ਨਹੀਂ ਸੀ ਹੋਇਆ। ਫਿਰ ਕੁਝ ਚਿਰ ਬਾਅਦ ਇਨ੍ਹਾਂ ਦੀ ਸਿੰਘਣੀ ਗੁਜ਼ਰ ਗਈ।

੧੯੧੪ ਈ: ਦੀ ਪਹਿਲੀ ਸੰਸਾਰ ਜੰਗ ਸਮੇਂ ਫ਼ੌਜ ਵਿਚ ਭਰਤੀ ਹੋ ਗਏ, ਪਰ ੧੯੧੮ ਈ: ਵਿਚ ਨਾਮ ਕਟਾ ਕੇ ਵਾਪਸ ਘਰ ਆ ਗਏ। ੧੯੧੯ ਈ: ਵਿਚ ਸਿੰਘ ਸਭਾ ਲਹਿਰ ਵਿਚ ਸ਼ਾਮਲ ਹੋ ਗਏ। ਪ੍ਰਸਿੱਧ ਕਥਾ ਵਾਚਕ ਗਿਆਨੀ ਠਾਕਰ ਸਿੰਘ ਜੀ ਦੀ ਜੱਥੇਦਾਰੀ ਹੇਠ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤਪਾਨ ਕਰਕੇ ਸਿੰਘ ਸਜ ਗਏ।

੭ ਨਵੰਬਰ, ੧੯੨੧ ਈ: ਦੇ ਚਾਬੀਆਂ ਦੇ ਮੋਰਚੇ ਸਮੇਂ ਆਪ ਛੇ ਮਹੀਨੇ ਜੇਲ੍ਹ 'ਚ ਰਹੇ। ੧੨ ਅਗਸਤ, ੧੯੨੨ ਈ: ਨੂੰ ਲੱਗੇ ਗੁਰੂ ਕੇ ਬਾਗ ਦੇ ਮੋਰਚੇ ਸਮੇਂ ਦੋ ਸਾਲ ਅਟਕ ਜੇਲ੍ਹ ਵਿਚ ਕੈਦ ਕੱਟੀ ਤੇ ੨੦੦) ਰੁਪਏ ਜ਼ੁਰਮਾਨਾ ਭਰਿਆ।

੧੯੨੩ ਈ: ਵਿਚ ਆਪ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜੱਥੇਦਾਰ ਥਾਪਿਆ ਗਿਆ। ੧੯੨੪ ਈ: ਦੀ ੯ ਫਰਵਰੀ ਨੂੰ ਬਤੌਰ ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਜੈਤੋ ਨੂੰ ਜਾਣ ਵਾਲੇ ਪਹਿਲੇ ਸ਼ਹੀਦੀ ਜਥੇ ਦੇ ਜੱਥੇਦਾਰ ਦੇ ਰੂਪ ਵਿਚ ਪੰਜ ਸੌ ਸਿੰਘਾਂ ਦਾ ਜੱਥਾ ਲੈ ਜਾਣਾ ਸੀ ਪਰ ਸਰਕਾਰ ਨੇ ਧੋਖੇ ਨਾਲ ਬਾਹਰ ਬੁਲਾ ਕੇ ੮ ਫਰਵਰੀ ਨੂੰ ਹੀ ਆਪ ਨੂੰ ਗ੍ਰਿਫ਼ਤਾਰ ਕਰ ਲਿਆ ਤਾਂ ਫਿਰ ਆਪ ਦੀ ਥਾਂ ਜੱਥੇਦਾਰ ਊਧਮ ਸਿੰਘ ਵਰਪਾਲ ਨੂੰ ਉਸ ਸ਼ਹੀਦੀ ਜਥੇ ਦਾ ਜੱਥੇਦਾਰ ਬਣਾ ਕੇ ਭੇਜਿਆ ਜਿਸ ਉਪਰ ਜੈਤੋ ਵਿਖੇ ਮਸ਼ੀਨਗੰਨ ਨਾਲ ਗੋਲੀਆਂ ਚੱਲੀਆਂ। ਆਪ ਨੇ ਦੋ ਸਾਲ ਮੁਲਤਾਨ ਸੈਂਟਰਲ ਜੇਲ ਵਿਚ ਕੈਦ ਕੱਟੀ। ਰਿਹਾ ਹੋ ਕੇ ਆਏ ਤਾਂ ੧੯੨੬ ਈ: ਵਿਚ ਫਿਰ ਆਪ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਥਾਪੇ ਗਏ। ਗੁਰਦੁਆਰਾ ਐਕਟ ਅਨੁਸਾਰ ੧੯੨੬ ਵਿਚ ਹੋਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪਹਿਲੀ ਚੋਣ ਸਮੇਂ ਆਪ ਆਪਣੇ ਇਲਾਕੇ ਵਿਚੋਂ ਸ਼੍ਰੋ: ਗੁ: ਪ੍ਰ: ਕਮੇਟੀ ਦੇ ਮੈਂਬਰ ਚੁਣੇ ਗਏ ਜੋ ਲਗਾਤਾਰ ੧੯੫੪ ਈ: ਤਕ ਪੂਰੇ ੨੮ ਸਾਲ ਸ਼੍ਰੋਮਣੀ ਕਮੇਟੀ ਦੇ ਮੈਂਬਰ ਤੇ ਦੋ ਵਾਰ ਪ੍ਰਧਾਨ ਰਹੇ। ੧੯੩੦ ਈ: ਤੋਂ ੧੯੩੩ ਈ: ਤਕ ਤਿੰਨ ਸਾਲ ਸ੍ਰੀ ਦਰਬਾਰ ਸਾਹਿਬ ਕਮੇਟੀ ਦੇ ਮੈਂਬਰ ਰਹੇ। ਇਸੇ ਸਮੇਂ ਸ੍ਰੀ ਗੁਰੂ ਰਾਮਦਾਸ ਨਿਵਾਸ ਦੀ ਇਮਾਰਤ

ਉਸਾਰੀ ਗਈ। ੧੯੩੩ ਈ: ਤੋਂ ੧੯੩੬ ਈਂ ਤਕ ਤਿੰਨ ਸਾਲ ਡਿਸਟ੍ਰਿਕਟ ਬੋਰਡ ਅੰਮ੍ਰਿਤਸਰ ਦੇ ਮੈਂਬਰ ਰਹੇ। ਪਿੰਡਾਂ 'ਚ ਸੜਕਾਂ ਬਣਾਉਣ, ਸਕੂਲ ਖੋਲ੍ਹਣ ਤੇ ਟੈਕਸ ਘੱਟ ਕਰਨ ਦੀ ਭਾਰੀ ਸੇਵਾ ਕੀਤੀ।

੧੯੩੦ ਈ: ਵਿਚ ਕਾਂਗਰਸ ਵਲੋਂ ਬਦੇਸ਼ੀ ਚੀਜ਼ਾਂ ਦੇ ਬਾਈਕਾਟ ਦੀ ਚਲਾਈ ਲਹਿਰ ਵਿਚ ਸ਼ਾਮਲ ਹੋ ਕੇ ਗ੍ਰਿਫਤਾਰ ਹੋਏ ਤੇ ਇਕ ਸਾਲ ਕੈਦ ਕੱਟੀ। ੧੯੩੬ ਈ: 'ਚ ਕਿਸਾਨ ਮੋਰਚੇ ਸਮੇਂ ਗ੍ਰਿਫਤਾਰ ਹੋਏ। ੧੯੩੮ ਈ: ਵਿਚ ਸਰਕਾਰ ਵਲੋਂ ਕਿਸਾਨਾਂ ਦੇ ਵਧਾਏ ਮਾਮਲੇ ਵਿਰੁਧ ਕਿਸਾਨ ਮੋਰਚਾ ਆਰੰਭ ਕੀਤਾ। ੧੦ ਹਜ਼ਾਰ ਕਿਸਾਨਾਂ ਦੀ ਅਗਵਾਈ ਕਰਦਿਆਂ ਅੰਮ੍ਰਿਤਸਰ ਦੇ ਰੇਲ ਦੇ ਵੱਡੇ ਪੁਲ ਉਪਰ ਆਪ ਨੂੰ ਅੰਗਰੇਜ਼ ਡੀ.ਸੀ, ਤੇ ਐਸ. ਪੀ. ਦੋਹਾਂ ਨੇ ਕਿਹਾ-'ਊਧਮ ਸਿੰਘ! ਪਾਗਲ ਹੋ ਗਿਆ ਹੈ?' ਤਾਂ ਅੱਗੋਂ ਜੱਥੇਦਾਰ ਜੀ ਨੇ ਕਿਹਾ-'ਨਹੀਂ! ਮੈਂ ਪਾਗਲ ਨਹੀਂ ਹੋਇਆ, ਮੇਰਾ ਪਾਗਲਾਂ ਨਾਲ ਵਾਹ ਪੈ ਗਿਆ ਹੈ।' ਇਹ ਸੁਣ ਕੇ ਉਹਨਾਂ ਨੇ ਗੁੱਸੇ ਹੋ ਕੇ ਆਪ ਉਪਰ ਬੜਾ ਸਖ਼ਤ ਲਾਠੀ ਚਾਰਜ ਕੀਤਾ ਤੇ ਢਾਈ ਸਾਲ ਕੈਦ ਰਹੇ।

੧੯੪੨ ਈ: ਤੋਂ ੧੯੪੪ ਈ: ਤਕ ਦੋ ਸਾਲ ਸ਼੍ਰੋਮਣੀ ਅਕਾਲੀ ਦਲ ਦੇ ਆਪ ਪ੍ਰਧਾਨ ਰਹੇ। ੧੯੪੪ ਈ.ਵਿਚ 'ਅੰਗਰੇਜ਼ੋ! ਭਾਰਤ ਛੱਡੋ' ਲਹਿਰ ਵਿਚ ਡੀਫੈਂਸ ਔਫ ਇੰਡੀਆ ਰੂਲਜ਼ ਤਹਿਤ ਗ੍ਰਿਫਤਾਰ ਹੋਏ ਤੇ ਦੋ ਸਾਲ ਲਾਹੌਰ ਸੈਂਟ੍ਰਲ ਜੇਲ ਵਿਚ ਕੈਦ ਰਹੇ।

੧੯੪੬ ਈ: ਵਿਚ ਅੰਮ੍ਰਿਤਸਰ ਜ਼ਿਲੇ ਦੇ ਦਿਹਾਤੀ ਹਲਕੇ ਤੋਂ ਅਕਾਲੀ ਦਲ ਦੇ ਟਿਕਟ ਤੇ ਆਪ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ ਜੋ ੧੯੫੨ ਈ: ਤਕ ਰਹੇ।

੧੯੪੭ ਈ: ਦੇ ਪਾਕਿਸਤਾਨੀ ਘਲੂਘਾਰੇ ਸਮੇਂ ਸਿੱਖ ਕੌਮ ਦੀ ਅਗਵਾਈ ਕਰਕੇ ਮੁਸਲਿਮ ਲੀਗੀ ਗੁੰਡਿਆਂ ਤੋਂ ਅੰਮ੍ਰਿਤਸਰ ਸ਼ਹਿਰ, ਗੁਰਦੁਆਰਿਆਂ ਤੇ ਹਿੰਦੂ ਸਿੱਖਾਂ ਦੀ ਰੱਖਿਆ ਕੀਤੀ। ੧੮ ਮਈ, ੧੯੪੮ ਈ: ਤੋਂ ੧੬ ਮਾਰਚ ੧੯੫੦ ਈ: ਤਕ ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਹੇ। ਫਿਰ ੧੬ ਨਵੰਬਰ, ੧੯੫੦ ਈ: ਤੋਂ ੨੮ ਜੂਨ ੧੯੫੧ ਈ: ਤਕ ਦੂਜੀ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਰਹੇ।

ਆਪ ਦੀ ਪ੍ਰਧਾਨਗੀ ਸਮੇਂ ੧੯੫੧ ਈ: ਵਿਚ ਲੁਧਿਆਣੇ ਵਿਚ ਸ੍ਰੀ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਖੋਲ੍ਹਿਆ ਗਿਆ। ਜਿਸ ਵਿਚੋਂ ਹਰ ਸਾਲ ਸੈਂਕੜੇ ਸਿੱਖ ਬੱਚੇ ਇੰਜੀਨੀਅਰ ਬਣ ਕੇ ਨਿਕਲ ਰਹੇ ਹਨ। ਜੱਥੇਦਾਰ ਜੀ ਦੀ ਪ੍ਰਧਾਨਗੀ ਸਮੇਂ ਹੀ ਗੁਰਦੁਆਰਾ ਪ੍ਰਿੰਟਿੰਗ ਪ੍ਰੈਸ ਨੂੰ ਵਿਸ਼ਾਲ ਬਣਾਇਆ ਗਿਆ। ਜਿਸ ਨਾਲ ਗੁਰਬਾਣੀ, ਗੁਰ ਇਤਿਹਾਸ ਦੇ ਪ੍ਰਕਾਸ਼ਨ, ਧਰਮ ਪ੍ਰਚਾਰ ਤੇ ਸਮਾਜ ਸੁਧਾਰ ਦੇ ਕੰਮ ਨੂੰ ਕਾਫੀ ਬਲ ਮਿਲਿਆ। ੧੯੫੨ ਈ: ਵਿਚ ਬਣੇ ਭਾਰਤ ਸੇਵਕ ਸਮਾਜ ਦੇ ਪੰਜਾਬ ਵਿੰਗ ਦੇ ਆਪ ਮੁਖੀ ਥਾਪੇ ਗਏ। ੧੯੫੩ ਈ: ਤੋਂ ੧੯੬੦ ਈ: ਤਕ ਆਪ ਰਾਜ ਸਭਾ ਦੇ ਮੈਂਬਰ ਰਹੇ। ਆਪ ਉਦਾਸੀ, ਨਿਰਮਲੇ, ਸੇਵਾ ਪੰਥੀ ਤੇ ਸਿੰਘ ਸੰਤਾਂ ਨਾਲ ਕਾਫੀ ਮੇਲ-ਜੋਲ ਰੱਖਦੇ ਹਨ। ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲਿਆਂ ਨੂੰ ਮਿਲ ਕੇ ਕਈ ਧਾਰਮਿਕ ਮਸਲਿਆਂ 'ਤੇ ਵੀਚਾਰਾਂ ਕਰਦੇ ਰਹੇ।

੧੯੬੦ ਈ: ਵਿਚ ਰਾਜਗੋਪਾਲ ਅਚਾਰੀਆ ਵਲੋਂ ਬਣਾਈ ਗਈ ਸੁਤੰਤਰ ਪਾਰਟੀ ਦੀ ਪੰਜਾਬ ਸ਼ਾਖਾ ਦੇ ਆਪ ਨੂੰ ਪ੍ਰਧਾਨ ਥਾਪਿਆ ਗਿਆ। ੧੯੬੫ ਈ: ਵਿਚ ਆਪ ਆਲ ਇੰਡੀਆ ਸੁਤੰਤਰ ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਚੁਣੇ ਗਏ। ਰਾਜਗੋਪਾਲ ਅਚਾਰੀਆ ਉਸ ਦੇ ਪ੍ਰਧਾਨ ਸਨ।

੧੯੬੦ ਈ: ਦੇ ਪੰਜਾਬੀ ਸੂਬਾ ਮੋਰਚੇ ਸਮੇਂ ਆਪ ਸੰਤ ਫਤਹਿ ਸਿੰਘ ਦੀ ਹਮਾਇਤ ਕਰਦੇ ਰਹੇ। ਕੁਝ ਸਮਾਂ ਧਰਮਸਾਲਾ ਜੇਲ੍ਹ ਵਿਚ ਬੰਦ ਰਹੇ। ਸੰਤ ਫ਼ਤਹਿ ਸਿੰਘ ਨੂੰ ਪੰਥ ਦਾ ਮੁਖੀ ਬਣਾਏ ਜਾਣ ਵਿਚ ਆਪ ਦਾ ਵੀ ਹੱਥ ਸੀ। ਸ਼ਹਿਰ ਅੰਮ੍ਰਿਤਸਰ ਦੇ ਇਕ ਅਨੰਦ ਕਾਰਜ ਸਮੇਂ ਮੇਰੇ ਵਿਚਾਰ ਸੁਣ ਕੇ ਬੜੇ ਖੁਸ਼ ਹੋਏ ਤੇ ਅਗਲੇ ਦਿਨ ਮੈਨੂੰ ਘਰ ਵਧਾਈ ਦੇਣ ਆਏ। ਉਸ ਤੋਂ ਬਾਅਦ ਦੋਰਾਹੇ ਦੇ ਇਕ ਸਰਦਾਰ ਜੀ (ਜੋ ਜੱਥੇਦਾਰ ਜੀ ਦੇ ਬਹੁਤ ਨਿਕਟਵਰਤੀ ਸਨ) ਦੀ ਲੜਕੀ ਦੇ ਅਨੰਦ ਕਾਰਜ ਦੀ ਰਸਮ ਅਦਾ ਕਰਨ ਹਿਤ ਮੈਨੂੰ ਘਰੋਂ ਆ ਕੇ ਆਪਣੇ ਨਾਲ ਗੱਡੀ 'ਤੇ ਲੈ ਕੇ ਗਏ। ਆਉਣ ਜਾਣ ਦੌਰਾਨ ਮੇਰੇ ਨਾਲ ਧਾਰਮਕ ਤੇ ਸਿਆਸੀ ਮਾਮਲਿਆਂ ਬਾਰੇ ਵੀਚਾਰ-ਵਟਾਂਦਰਾਂ ਕਰਦੇ ਰਹੇ। ਮੇਰੇ ਨਾਲ ਬਹੁਤ ਹਿਤ ਕਰਦੇ ਸਨ। ਆਪ ਨਾਗੋਕੇ ਗਰੁੱਪ ਦੇ ਲੀਡਰ ਹੋਣ ਤੋਂ ਇਲਾਵਾ ਪ੍ਰਤਾਪ ਸਿੰਘ ਕੈਰੋਂ, ਗੁਰਦਿਆਲ ਸਿੰਘ ਢਿਲੋਂ, ਸਵਰਨ ਸਿੰਘ, ਬਲਦੇਵ ਸਿੰਘ ਆਦਿ ਸਿਆਸੀ ਆਗੂਆਂ ਦੇ ਆਪ ਸਿਆਸੀ ਉਸਤਾਦ ਸਨ।

ਆਪ ਬੜੇ ਉਜਲ ਦੀਦਾਰੀ, ਪ੍ਰਭਾਵਸ਼ਾਲੀ ਸ਼ਖਸੀਅਤ, ਨਿਰਭੈ ਜਰਨੈਲ, ਸੂਰਬੀਰ ਆਗੂ, ਅਕਾਲੀ ਲਹਿਰ ਤੇ ਆਜ਼ਾਦੀ ਦੀ ਲਹਿਰ ਦੇ ਮਹਾਨ ਘੁਲਾਟੀਏ, ਦ੍ਰਿੜ੍ਹਤਾ, ਦਲੇਰੀ ਤੇ ਕੁਰਬਾਨੀ ਦੇ ਮੁਜੱਸਮੇ, ਸਿੱਖੀ ਸਿਦਕ ਤੇ ਧਰਮ ਵਿਚ ਪ੍ਰਪੱਕ ਸਨ। ਆਪ ਧਾਰਮਿਕ ਤੇ ਸਿਆਸੀ ਪੱਖੋਂ ਬਹੁਤ ਹੀ ਸੁਲਝੀ ਹੋਈ ਹਸਤੀ ਸਨ। ਗੁਰਦੁਆਰਾ ਪ੍ਰਬੰਧ ਅਤੇ ਧਾਰਮਿਕ ਮਾਮਲਿਆਂ ਬਾਰੇ ਡੂੰਘੀ ਸੂਝ ਤੇ ਸਮਝ ਦੇ ਮਾਲਕ ਸਨ।

ਅੰਤ ੧੧ ਜਨਵਰੀ, ੧੯੬੬ ਈ: ਦੇ ਦਿਨ ਆਪ ਪਟਿਆਲੇ ਰਾਜਿੰਦਰਾ ਹਸਪਤਾਲ ਵਿਚ ਪੰਜ ਭੌਤਿਕ ਸਰੀਰ ਦਾ ਚੋਲਾ ਤਿਆਗ ਕੇ ਗੁਰੂ ਚਰਣਾਂ ਵਿਚ ਬਿਰਾਜੇ। ਇਸੇ ਹੀ ਦਿਨ ਭਾਰਤ ਦੇ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਦਾ ਦੇਹਾਂਤ ਹੋਇਆ।

ਆਪ ਦੇ ਜਨਮ ਨਗਰ ਨਾਗੋਕੇ ਵਿਖੇ ਆਪ ਦਾ ਸਰਕਾਰੀ ਸਨਮਾਨਾਂ ਨਾਲ ਸਸਕਾਰ ਕੀਤਾ ਗਿਆ, ਜਿਥੇ ਆਪ ਜੀ ਦੀ ਯਾਦਗਾਰ ਬਣੀ ਹੋਈ ਹੈ। ਹਰ ਸਾਲ ਆਪ ਦੀ ਬਰਸੀ ਮਨਾਈ ਜਾਂਦੀ ਹੈ।

# ਸਿੰਘ ਸਾਹਿਬ ਜਥੇਦਾਰ ਅੱਛਰ ਸਿੰਘ ਜੀ

**(੧੯੨੪ ਅਤੇ ੧੯੫੫-੬੨ ਈ. ਤਕ)**

ਇਸ ਸਦੀ ਦੇ ਮੁੱਢ ਵਿਚ ਦੇਸ਼ ਵਿਚ ਅੰਗਰੇਜ਼ਾਂ ਦੀ ਗ਼ੁਲਾਮੀ ਤੇ ਉਹਨਾਂ ਦੇ ਜਬਰ ਦੇ ਖਿਲਾਫ ਕਈ ਲੋਕ-ਲਹਿਰਾਂ ਉੱਠੀਆਂ ਜਿਹਨਾਂ ਨੇ ਜਨ-ਸਾਧਾਰਨ ਵਿਚੋਂ ਕਈ ਉੱਘੀਆਂ ਸ਼ਖਸੀਅਤਾਂ ਪੈਦਾ ਕੀਤੀਆਂ। ਇਸੇ ਸਦੀ ਦੇ ਤੀਜੇ ਦਹਾਕੇ ਵਿਚ ਪੰਜਾਬ ਵਿਚ ਵੀ ਗੁਰਦਵਾਰਾ ਸੁਧਾਰ ਤਥਾ ਅਕਾਲੀ ਲਹਿਰ ਨਾਮੀ ਜਬਰਦਸਤ ਲੋਕ-ਲਹਿਰ ਉੱਠੀ, ਜਿਹੜੀ ਅੰਗਰੇਜ਼ ਦੀ ਬਹੁਤ ਵੱਡੀ ਤਾਕਤ ਨੂੰ ਗਲੀਆਂ ਦੇ ਤੀਲਿਆਂ ਵਾਂਗ ਰੋਹੜ ਕੇ ਲੈ ਗਈ। ਇਸ ਲਹਿਰ ਵਿਚੋਂ ਗੁਰੂਆਂ ਦੀ ਇਸ ਧਰਤੀ 'ਤੇ, ਸਿੱਖੀ ਦੇ ਆਸਮਾਨਾਂ ਵਿਚ ਜਿਹੜੇ ਲੋਕ ਜਨ-ਸਾਧਾਰਨ ਵਿਚੋਂ ਉੱਠ ਕੇ ਤਾਰਿਆਂ ਵਾਂਗ ਚਮਕੇ, ਉਹਨਾਂ ਵਿਚੋਂ ਇਕ ਬਹੁਤ ਚਿਰ ਇਕ-ਸਾਰ ਚਮਕਦੇ ਰਹਿਣੇ ਵਾਲੇ ਸਿੰਘ ਸਾਹਿਬ ਜੱਥੇਦਾਰ ਅੱਛਰ ਸਿੰਘ ਸਨ।

## ਜਨਮ ਤੇ ਮੁੱਢਲਾ ਜੀਵਨ—

ਸਿੰਘ ਸਾਹਿਬ ਜੱਥੇਦਾਰ ਅੱਛਰ ਸਿੰਘ ਜੀ ਦਾ ਜਨਮ ਪਿੰਡ ਘਣੀਏਕੇ, ਤਹਿਸੀਲ ਤੇ ਜ਼ਿਲ੍ਹਾ ਲਾਹੌਰ ਦੇ ਇਕ ਬਹੁਤ ਸਾਧਾਰਨ ਜਿਹੇ ਕਿਸਾਨ ਪਰਿਵਾਰ ਵਿਚ ੧੮੯੩ ਈ: ਵਿਚ ਹੋਇਆ। ਆਪ ਦੇ ਪਿਤਾ ਦਾ ਨਾਮ ਸ: ਹਾਕਮ ਸਿੰਘ ਅਤੇ ਮਾਤਾ ਦਾ ਨਾਂ ਗੰਗੀ ਸੀ। ਆਪ ਬਹੁਤ ਛੋਟੇ ਸਨ ਜਦ ਆਪ ਦੇ ਮਾਤਾ ਜੀ ਅਕਾਲ ਚਲਾਣਾ ਕਰ ਗਏ। ਆਪ ਦੱਸਿਆ ਕਰਦੇ ਸਨ ਕਿ ਆਪ ਦੇ ਪਿਤਾ ਜੀ ਬਹੁਤ ਛੋਟੇ ਜਿਹੇ ਨੂੰ ਆਪਣੀ ਹਿੱਕ 'ਤੇ ਪਾ ਕੇ ਜਪੁਜੀ ਸਾਹਿਬ ਦਾ ਪਾਠ ਕਰਿਆ ਕਰਦੇ ਸਨ। ਆਪ ੧੨ ਸਾਲਾਂ ਦੇ ਸਨ ਜਦ ਪਿਤਾ ਦਾ ਸਾਇਆ ਵੀ ਸਿਰ ਤੋਂ ਉਠ ਗਿਆ।

ਆਪ ਦੇ ਸ਼ਰੀਕੇ ਵਿਚੋਂ ਚਾਚਾ ਸੂਬੇਦਾਰ ਸੰਤਾ ਸਿੰਘ ਬੜੇ ਪਰਉਪਕਾਰੀ ਸੁਭਾਅ ਦੇ ਸਨ। ਉਹਨਾਂ ਨੇ ਆਪ ਦੇ ਦੋਵਾਂ ਵੱਡਿਆਂ ਭਰਾਵਾਂ, ਭਾਈ ਬਸੰਤ ਸਿੰਘ ਤੇ ਭਾਈ ਨਿਹਾਲ ਸਿੰਘ ਨੂੰ ਬਰਮਾ ਮਿਲਟਰੀ ਪੁਲਿਸ ਵਿਚ ਨੌਕਰ ਕਰਾ ਦਿੱਤਾ। ਸੂਬੇਦਾਰ ਸੰਤਾ ਸਿੰਘ ਦੇ ਸੁਝਾਅ ਉੱਤੇ ਹੀ ਦੋਵੇਂ ਭਰਾ ਬਾਲਕ ਅੱਛਰ ਸਿੰਘ ਨੂੰ ਵੀ ਨਾਲ ਹੀ ਬਰਮਾ ਲੈ ਗਏ।

## ਵਿੱਦਿਆ—

ਜੱਥੇਦਾਰ ਸਾਹਿਬ ਬਾਕਾਇਦਾ ਸਕੂਲੀ ਵਿਦਿਆ ਹਾਸਲ ਨਹੀਂ ਕਰ ਸਕੇ। ਗੁਰਮਤਿ ਤੇ ਗੁਰਬਾਣੀ ਵਿੱਦਿਆ ਵੀ ਉਹਨਾਂ ਬਾਕਾਇਦਾ ਕਿਤਿਉਂ ਹਾਸਲ ਨਹੀਂ ਕੀਤੀ। ਤਿੰਨੇ ਭਾਈ ਸਰਲ

ਸੁਭਾਅ ਦੇ ਹੋਣ ਕਰਕੇ ਨਾਟਕਾਂ ਚੇਟਕਾਂ ਤੋਂ ਬਚੇ ਰਹੇ ਅਤ ਉਨ੍ਹਾਂ ਨੂੰ ਸ਼ਬਦ ਕੀਰਤਨ ਢੋਲਕੀ ਛੈਣਿਆਂ ਨਾਲ ਕਰਨ ਦਾ ਸ਼ੌਕ ਪੈ ਗਿਆ। ਗੁਰਮੁਖੀ ਤੇ ਗੁਰਬਾਣੀ ਆਪ ਨੇ ਰਜਮੈਂਟ ਦੇ ਗ੍ਰੰਥੀ ਸਾਹਿਬਾਨ ਅਤੇ ਗੁਰਮੁਖ ਸੰਗੀਆਂ ਦੀ ਸਹਾਇਤਾ ਨਾਲ ਆਪਣੀ ਮਿਹਨਤ ਤੇ ਲਗਨ ਨਾਲ ਪੜ੍ਹੀ। ਉਂਜ ਜਥੇਦਾਰ ਸਾਹਿਬ ਗੁਰਮੁਖੀ, ਗੁਰਮਤਿ ਤੇ ਗੁਰਬਾਣੀ ਦੇ ਧਨੀ ਤਾਂ ਸਨ ਹੀ, ਆਪ ਉਰਦੂ, ਅੰਗਰੇਜ਼ੀ, ਫਾਰਸੀ, ਹਿੰਦੀ ਤੇ ਬਰਮੀ ਲਿਖ ਪੜ੍ਹ ਲੈਂਦੇ ਸਨ। ਹਾਰਮੋਨੀਅਮ ਵਾਜੇ ਨਾਲ ਕੀਰਤਨ ਆਪ ਨੂੰ ਭਾਈ ਨਿਧਾਨ ਸਿੰਘ ਆਲਮ ਨੇ ਸਿਖਾਇਆ।

## *ਫੌਜ ਵਿਚ ਭਰਤੀ—*

ਆਪਣੇ ਭਾਈਆਂ ਦੀ ਪਲਟਨ ਦੇ ਇਕ ਦਰਬਾਰ ਵਿੱਚ ਲੱਛੀ ਗਾਉਂਦਾ ਗੱਭਰੂ ਹੋ ਰਿਹਾ ਅੱਛਰ ਸਿੰਘ ਪਲਟਨ ਦੇ ਮੇਜਰ ਸਾਹਿਬ ਦੀ ਨਜਰੀਂ ਚੜ੍ਹ ਗਿਆ ਅਤੇ ਉਸ ਨੇ 'ਅਭੀ ਛੋਟਾ ਹੈ' ਦੇ ਬਾਵਜੂਦ ਆਪ ਨੂੰ ੧੨.੧੨.੧੯੦੬ ਨੂੰ ਬਰਮਾ ਮਿਲਟਰੀ ਪੁਲਿਸ ਵਿਚ ਨੌਕਰ ਕਰਵਾ ਦਿੱਤਾ। ਫੌਜ ਦੀ ਨੌਕਰੀ ਦੌਰਾਨ ਜਿਥੇ ਆਪਣੇ ਭਾਈਆਂ ਨਾਲ ਰਲ ਕੇ ਦਸਾਂ ਨਹੁੰਆਂ ਦੀ ਕਿਰਤ ਕੀਤੀ ਅਤੇ ਉਸ ਨੂੰ ਸੰਜਮ ਨਾਲ ਵਰਤਿਆ, ਉਥੇ ਨਾਮ ਸਿਮਰਨ, ਗੁਰਬਾਣੀ ਅਭਿਆਸ ਤੇ ਸ਼ਬਦ ਕੀਰਤਨ ਦੀ ਵੀ ਭਰਪੂਰ ਕਮਾਈ ਕੀਤੀ। ਆਪ ਅੱਧੀ ਰਾਤ ਉੱਠ ਕੇ, ਸੌਚ ਇਸ਼ਨਾਨ ਕਰ, ਸੰਘਣੇ ਜੰਗਲ ਵਿਚ ਇਕਾਂਤ ਵਿਚ ਬੈਠ ਨਿਤ ਨੇਮ ਤੇ ਨਾਮ ਸਿਮਰਨ ਕਰਦੇ। ਆਪ ਨੇ ਸਾਥੀਆਂ ਨੂੰ ਉਤਸ਼ਾਹ ਦੇ ਕੇ ਅਪਰ ਬਰਮਾਂ ਦੀਆਂ ਸਾਰੀਆਂ ਛਾਉਣੀਆਂ ਵਿਚ ਗੁਰਦੁਆਰੇ ਉਸਾਰੇ ਅਤੇ ਗੁਰਮਤਿ ਦਾ ਪਰਵਾਹ ਚਲਾਇਆ। ਆਪ ਦੇ ਗੁਰਮੁਖ ਸੁਭਾਅ ਤੇ ਭਗਤੀ-ਭਾਵ ਦਾ ਆਪ ਦੇ ਅੰਗਰੇਜ਼ ਅਫ਼ਸਰਾਂ 'ਤੇ ਬਹੁਤ ਡੂੰਘਾ ਅਸਰ ਸੀ। ਇਸੇ ਲਈ ਆਪ ਜਦ ੧੯੧੭ ਵਿਚ ਛੁੱਟੀ ਆਏ, ਦੇਸੋਂ ਅੰਮ੍ਰਿਤਪਾਨ ਕਰ ਕੇ ਵਾਪਸ ਆਪਣੀ ਪਲਟਨ ਦੀ ਪਰੇਡ ਵਿਚ ਗਾਤਰੇ ਕਿਰਪਾਨ ਨਾਲ ਸ਼ਾਮਿਲ ਹੋਏ ਤਾਂ ਕੁਝ ਸਾਥੀਆਂ ਵਲੋਂ ਇਤਰਾਜ਼ ਕਰਨ ਅਤੇ ਅਜਿਹੇ ਹੱਕ ਲੈਣ ਲਈ ਜ਼ਿਦ ਕਰਨ ਅਤੇ ਆਪ ਦੇ ਅੰਗਰੇਜ਼ ਅਫ਼ਸਰਾਂ ਨੇ ''ਤੁਮ ਭੀ ਅੱਛਰ ਸਿੰਘ ਬਣ ਜਾਉ'' ਦੇ ਉੱਤਰ ਨਾਲ ਨਿਰੁੱਤਰ ਕਰ ਦਿੱਤਾ।

ਪਹਿਲੀ ਵੱਡੀ ਜੰਗ ਵੇਲੇ ਆਪ ਨੇ ੧੪ ਸਿੱਖ ਰਜਮੈਂਟ ਨਾਲ ਮਿਲ ਕੇ ਮਿਸਰ, ਤੁਰਕੀ ਤੇ ਅਰਬ ਦੇ ਮੋਰਚਿਆਂ ਵਿਚ ਭਾਗ ਪਿਆ। ਇਸੇ ਦੌਰਾਨ ਛੁੱਟੀ ਆਇਆਂ ਸੈਂਟ੍ਰਲ ਮਾਝਾ ਦੀਵਾਨ ਵਲੋਂ ਹੋਏ ਧਾਰਮਿਕ ਦੀਵਾਨ ਵਿਚ ੨੧.੨.੧੭ ਨੂੰ ਅੰਮ੍ਰਿਤ ਛਕਿਆ ਅਤੇ ਜਿਵੇਂ ਅੱਗੇ ਦੱਸਿਆ ਗਿਆ ਹੈ, ਕਿਰਪਾਨ ਗਾਤਰੇ ਪਹਿਨ ਵਾਪਸ ਫੌਜ ਵਿਚ ਹਾਜ਼ਰ ਹੋਏ। ਆਪ ਦਾ ਸਰਦਾਰੀ ਦਾ ਨੰਬਰ ਲੱਗਾ ਹੋਇਆ ਸੀ ਤੇ ਜਮਾਂਦਾਰ ਬਣਨ ਵਾਲੇ ਸਨ, ਜਦ ੧੯੨੧ ਵਿਚ ਨਨਕਾਣੇ ਸਾਹਿਬ ਦੇ ਖ਼ੂਨੀ ਸਾਕੇ ਦੀ ਖ਼ਬਰ ਸੁਣ ਅੰਗਰੇਜ਼ ਵਿਰੁੱਧ ਰੋਸ ਜਾਗਿਆ ਅਤੇ ਆਪ ਅਫ਼ਸਰਾਂ ਦੇ ਰੋਕਦੇ ਰਹਿਣ ਦੇ ਬਾਵਜੂਦ ਨਾਵਾਂ ਕਟਾ ਕੇ ਦੇਸ਼ ਆ ਗਏ।

## ਜਥੇਦਾਰ ਸ੍ਰੀ ਅਕਾਲ ਤਖ਼ਤ—

ਦੇਸ਼ ਆਉਂਦਿਆਂ ਹੀ ਆਪ ਸੈਂਟਰਲ ਮਾਝਾ ਦੀਵਾਨ ਵਿਚ ਗਰਮਜੋਸ਼ੀ ਨਾਲ ਧਰਮ-ਪ੍ਰਚਾਰ ਵਿਚ ਜੁੱਟ ਗਏ ਅਤੇ ਪੂਰੀ ਸਰਗਰਮੀ ਨਾਲ ਅਕਾਲੀ ਲਹਿਰ ਵਿਚ ਸ਼ਾਮਲ ਹੋ ਗਏ। ਸ੍ਰੀ ਮੁਕਤਸਰ ਨੂੰ ਆਜ਼ਾਦ ਕਰਵਾਉਣ ਲਈ ਆਪ ਸੈਂਟ੍ਰਲ ਮਾਝਾ ਦੀਵਾਨ ਦਾ ਜੱਥਾ ਲੈ ਕੇ ਗਏ। ਏਸੇ ਤਰ੍ਹਾਂ ਹੀ ਆਪ ਨੇ ੧੦੦ ਸਿੰਘਾਂ ਦਾ ਜੱਥਾ ਲੈ ਜਾ ਕੇ ਗੁਰਦਵਾਰਾ ਸਾਹਿਬ ਨੁਨਾਰ ਜ਼ਿਲ੍ਹਾ ਸਿਆਲਕੋਟ ਆਜ਼ਾਦ ਕਰਾਇਆ ਤੇ ਪੰਥ ਦੇ ਪ੍ਰਬੰਧ ਵਿਚ ਲਿਆਂਦਾ। ਗੁਰੂ ਕੇ ਬਾਗ ਨੂੰ ਜਾਣ ਵਾਲੇ ਪਹਿਲੇ ਜੱਥੇ ਵਿਚ ਸ਼ਾਮਲ ਹੋਣ ਦਾ ਸੁਭਾਗ ਆਪ ਨੂੰ ਮਿਲਿਆ। ਉਪਰੰਤ ਜ਼ਿਲ੍ਹਾ ਲਾਹੌਰ ਵਲੋਂ ਜੱਥਿਆਂ ਵਿਚ ਭਾਗ ਲੈਣ ਵਾਲੇ ਸਿੰਘਾਂ ਦੀ ਛਾਣ-ਬੀਣ, ਪੁੱਛ-ਪੜਤਾਲ ਤੇ ਨਾਮਜ਼ਦਗੀ ਦਾ ਕੰਮ ਆਪ ਦੇ ਜ਼ੁੰਮੇ ਰਿਹਾ।

ਆਪ ਦੀਆਂ ਪੰਥਕ ਸੇਵਾਵਾਂ ਨੂੰ ਮੁਖ ਰੱਖਦਿਆਂ ਆਪ ਨੂੰ ੯ ਫਰਵਰੀ, ੧੯੨੪ ਨੂੰ ਸ੍ਰੀ ਅਕਾਲ ਤਖ਼ਤ ਦਾ ਜਥੇਦਾਰ ਥਾਪਿਆ ਗਿਆ। ਆਪ ਗੁਰੂ ਦੀ ਓਟ ਲੈ ਕੇ ਨਾਭਾ ਮੋਰਚੇ ਵਿਚ ਜੈਤੋ ਨੂੰ ਜਾਣ ਵਾਲੇ ਜੱਥੇ ਤੋਰਦੇ ਰਹੇ। ਇਸ ਦੋਸ਼ ਵਿਚ ਆਪ ਦੇ ਵਾਰੰਟ ਜਾਰੀ ਹੋਏ ਅਤੇ ਆਪ ਨੇ ੭ ਮਈ, ੧੯੨੪ ਨੂੰ ਘੰਟੇ ਘਰ ਖੁਲ੍ਹੀ ਗ੍ਰਿਫਤਾਰੀ ਦਿੱਤੀ। ਆਪ ਡੇਢ ਸਾਲ ਦੀ ਕੈਦ ਭੁਗਤ, ਮੁੜ ਇਸ ਪਦਵੀ 'ਤੇ ਆਣ ਬਿਰਾਜੇ। ਪਰੰਤੂ ਪੰਥ ਵਿਚ ਗੁਰਦਵਾਰਾ ਐਕਟ ਤੇ ਮਾਫੀਆਂ ਮੰਗਣ ਉਪਰ ਪੈਦਾ ਹੋਏ ਵਿਵਾਦ ਕਾਰਨ ਆਪ ਨੇ ੧੦.੧.੧੯੨੬ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜੱਥੇਦਾਰੀ ਤੋਂ ਛੁੱਟੀ ਲੈ ਲਈ ਤੇ ਤਖ਼ਤ ਦਾ ਚਾਰਜ ਭਾਈ ਊਧਮ ਸਿੰਘ ਨਾਗੋਕਿਆਂ ਵਾਲਿਆਂ ਨੂੰ ਦੇ ਦਿੱਤਾ।

## ਗੁਰਦਵਾਰਾ ਡੇਹਰਾ ਸਾਹਿਬ, ਲਾਹੌਰ—

ਇਕ ਸਾਲ ਪਿੰਡ ਵਾਹੀ ਕਰਨ ਦੇ ਨਾਲ ਨਾਲ ਸੈਂਟਰਲ ਮਾਝਾ ਦੀਵਾਨ ਦੇ ਪੰਜ ਪਿਆਰਿਆਂ ਵਿਚ ਸ਼ਾਮਲ ਹੋ ਕੇ ਧਰਮ ਪ੍ਰਚਾਰ ਤੇ ਅੰਮ੍ਰਿਤ ਸੰਚਾਰ ਦਾ ਪਰਵਾਹ ਚਲਾਇਆ। ਸ: ਅਮਰ ਸਿੰਘ ਸ਼ੇਰੇ ਪੰਜਾਬ ਦੀ ਪ੍ਰੇਰਨਾ ਅਤੇ ਬੇਨਤੀ 'ਤੇ ਆਪ ੨੦.੧.੨੭ ਨੂੰ ਗੁਰਦਵਾਰਾ ਕਮੇਟੀ, ਲਾਹੌਰ ਦੀ ਸੇਵਾ ਵਿਚ ਚਲੇ ਗਏ ਤੇ ਗੁਰਦਵਾਰਾ ਡੇਹਰਾ ਸਾਹਿਬ ਲਾਹੌਰ ਦੇ ਮੁੱਖ ਗ੍ਰੰਥੀ ਥਾਪੇ ਗਏ। ਲਾਹੌਰ ਵਿਚ ਆਪ ਨੇ ਸਾਢੇ ਤੇਰਾਂ ਸਾਲ ਸਿੱਖ ਜਗਤ ਦੀ ਭਰਪੂਰ ਸੇਵਾ ਕੀਤੀ। ਏਥੋਂ ਤਕ ਕਿ ਆਪ ਲਾਹੌਰ ਦੇ ਸਿੱਖ ਤੇ ਹਿੰਦੂ ਪਰਿਵਾਰਾਂ ਦੀ ਸਲਾਮਤੀ ਦੀ ਜ਼ਮਾਨਤ ਸਮਝੇ ਜਾਂਦੇ ਸਨ। ਇਸ ਦੇ ਨਾਲ ਹੀ ਆਪ ਦਾ, ਸ਼ਹਿਰ ਦੀ ਮੁਸਲਿਮ ਵਸੋਂ ਵਿਚ ਬਹੁਤ ਆਦਰ ਮਾਣ ਸੀ। ਆਪ ਨੇ ਗੁ: ਡੇਹਰਾ ਸਾਹਿਬ ਦੇ ਗੁੰਬਦ 'ਤੇ ਸੋਨਾ ਲਗਵਾਉਣ ਦੀ ਸੇਵਾ ਕਰਵਾਈ। ਉਹਨਾਂ ਦਿਨਾਂ ਵਿਚ ਨਵੇਂ-ਨਵੇਂ ਚਲੇ ਲਾਊਡ ਸਪੀਕਰਾਂ ਦੀ ਸੇਵਾ ਕਰਵਾਈ। ੧੯੩੯ ਵਿਚ ਮਹਾਰਾਜਾ ਰਣਜੀਤ ਸਿੰਘ ਸ਼ੇਰੇ ਪੰਜਾਬ ਦੀ ਸੌ ਸਾਲਾ ਬਰਸੀ 'ਤੇ ਸ਼ਹਿਰ ਦੇ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ

ਨੂੰ ਇਕ ਸਟੇਜ 'ਤੇ ਲਿਆ ਖੜ੍ਹਾ ਕੀਤਾ। ਗੁਰਦਵਾਰਾ ਸ਼ਹੀਦ ਗੰਜ ਸਿੰਘਣੀਆਂ ਦਾ ਮੋਰਚਾ ਲਾ ਕੇ ਉਸ ਨੂੰ ਪੰਥ ਦੇ ਕਬਜ਼ੇ ਹੇਠ ਲਿਆਂਦਾ ਤੇ ਉਸ ਦੀ ਕਾਰ ਸੇਵਾ ਕਰਵਾਈ। ਨਾਲ-ਨਾਲ ਹੀ ਆਪ ਧਰਮ ਪ੍ਰਚਾਰ ਤੇ ਬਾਅਸੂਲ ਸਿੱਖ ਸਿਆਸਤ ਵਿਚ ਪੂਰੀ ਤਰ੍ਹਾਂ ਸਰਗਰਮ ਰਹੇ। ਗੁਰਦਵਾਰਾ ਡੇਹਰਾ ਸਾਹਿਬ ਵਿਚ ਆਪ ਨੇ ਗੁਰਪ੍ਰਤਾਪ ਸੂਰਜ ਗ੍ਰੰਥ ਦੀ ਕਈ ਸਾਲ ਕਥਾ ਕੀਤੀ।

ਇਸ ਤੋਂ ਇਲਾਵਾ ਅੰਗਰੇਜ਼ ਹਕੂਮਤ ਦੇ ਜ਼ਬਰ ਵਿਰੁੱਧ ਜੂਝਦੀ ਕਿਰਤੀ ਪਾਰਟੀ ਦੀ ਪੂਰੀ ਤਰ੍ਹਾਂ ਮੱਦਦ ਕੀਤੀ ਤੇ ਉਹਨਾਂ ਦਾ ਇਕ ਭਰੋਸੇ ਜੋਗ "ਅੱਡਾ" ਰਹੇ। ਕਿਰਤੀ ਪਾਰਟੀ ਦਾ ਖੁਫੀਆ ਸਾਈਕਲੋਸਟਾਈਲ ਪ੍ਰੈੱਸ ਆਪਣੀ ਲੁਕ ਵਿਚ ਰਖਿਆ। ਸੀ.ਆਈ.ਡੀ ਤੇ ਹੋਰ ਸਰਕਾਰੀ ਕਰਮਚਾਰੀਆਂ ਨਾਲ ਜਾਤੀ ਮੇਲ-ਮਿਲਾਪ ਰਾਹੀਂ ਸ਼ਾਹੀ ਕਿਲ੍ਹੇ ਵਿਚ ਬੰਦ ਕਿਰਤੀ ਪਾਰਟੀ ਦੇ ਆਗੂਆਂ, ਵਰਕਰਾਂ ਦੇ ਜੋੜ ਵਜੋਂ ਸਰਗਰਮ ਰਹੇ, ਉਹਨਾ ਦੀ ਸਿਹਤ ਸੰਭਾਲ ਦਾ ਧਿਆਨ ਰੱਖਿਆ ਤੇ ਸੁਨੇਹੇ ਪੱਤੇ ਲਏ, ਪਹੁੰਚਾਏ। ਇਸ ਕਰਕੇ ਨਾਸਤਿਕਤਾ ਦੀ ਹੱਦ ਤਕ ਚਲੇ ਗਏ। ਕਿਰਤੀ ਕਮਿਊਨਿਸਟ ਆਸਤਿਕ ਤੇ ਨਿਰੋਲ ਧਾਰਮਿਕ ਜਥੇਦਾਰ ਅੱਛਰ ਸਿੰਘ ਦੀ ਦਿਲੋਂ ਮਨੋਂ ਕਦਰ ਤੇ ਆਦਰ-ਮਾਣ ਕਰਦੇ ਰਹੇ।

## ਜੇਲ ਯਾਤਰਾ—

ਸਭ ਤੋਂ ਪਹਿਲੋਂ ਜਥੇਦਾਰ ਸਾਹਿਬ ਨਾਭਾ ਮੋਰਚੇ ਵਿਚ ਜੈਤੋਂ ਨੂੰ ਜੱਥੇ ਤੋਰਨ ਕਰਕੇ ੭.੫.੧੯੨੪ ਨੂੰ ਗ੍ਰਿਫਤਾਰ ਕੀਤੇ ਗਏ। ਸ: ਹਰਦਿਆਲ ਸਿੰਘ ਮਜਿਸਟਰੇਟ ਦਰਜਾ ਅੱਵਲ ਨੇ ਆਪ ਨੂੰ ਡੇਢ ਸਾਲ ਕੈਦ ਤੇ ੨੦੦ ਰੁਪਏ ਜੁਰਮਾਨਾ ਜਾਂ ਤਿੰਨ ਮਹੀਨੇ ਹੋਰ ਕੈਦ ਦੀ ਸਜ਼ਾ ਦਿੱਤੀ। ਪੌਣੇ ਦੋ ਸਾਲ ਦੀ ਇਹ ਕੈਦ ਆਪ ਨੇ ਮੀਆਂਵਲੀ ਜੇਲ ਵਿਚ ਕੱਟੀ।

ਦੂਜੀ ਵਾਰ ਡਸਕੇ ਜੱਥਾ ਲੈ ਕੇ ਗਏ ਜਥੇਦਾਰ ਜੀ ਨੂੰ ਤਿੰਨ ਹੋਰ ਸਿੰਘਾਂ ਸਮੇਤ ਗ੍ਰਿਫਤਾਰ ਕਰ ਲਿਆ ਗਿਆ ਅਤੇ ਮਜਿਸਟ੍ਰੇਟ ਦਰਜਾ ਅਵੱਲ, ਸਿਆਲਕੋਟ ਵਲੋਂ ੧੫ ਦਿਨ ਦੀ ਸਜ਼ਾ ਸੁਣਾਈ ਗਈ। ਚੱਕੀ ਪੀਹਣ ਤੋਂ ਇਨਕਾਰ ਕਰਨ 'ਤੇ ਜਥੇਦਾਰ ਜੀ ਨੇ ਇਹ ਪੰਦਰ੍ਹਾਂ ਦਿਨ ਹਥਕੜੀ ਤੇ ਡੰਡਾ ਬੇੜੀ ਵਿਚ ਕੱਟੇ।

ਸ਼ਹੀਦ ਗੰਜ ਮੋਰਚੇ ਵੇਲੇ ਕਿਰਪਾਨ 'ਤੇ ਲੱਗੀ ਪਾਬੰਦੀ ਕਾਰਨ ਆਪ ੧.੧.੧੯੩੬ ਨੂੰ ਗ੍ਰਿਫਤਾਰ ਹੋਏ ਅਤੇ ਸੈਂਟ੍ਰਲ ਜੇਲ੍ਹ ਲਾਹੌਰ ਵਿਚ ਇਕ ਮਹੀਨਾ ਕੈਦ ਰਹੇ। ਖੂਬ ਵਾਣ ਵੱਟਿਆ। ਇਸੇ ਦੌਰਾਨ ਕਿਰਪਾਨ ਦਾ ਮੋਰਚਾ ਲੱਗਾ ਤੇ ਗੁਰਦਵਾਰਾ ਡੇਹਰਾ ਸਾਹਿਬ ਤੋਂ ਮਹੀਨਾ ਭਰ ਹਜ਼ਾਰਾਂ ਸਿੰਘ ਗਾਤਰੇ ਕਿਰਪਾਨਾਂ ਪਹਿਨ ਗ੍ਰਿਫਤਾਰ ਹੋਏ। ਸਰਕਾਰ ਨੂੰ ਪਾਬੰਦੀ ਵਾਪਸ ਲੈਣੀ ਪਈ।

ਜੰਡਿਆਲਾ ਸ਼ੇਰ ਖਾਂ ਜ਼ਿਲ੍ਹਾ ਸ਼ੇਖੂਪੁਰਾ ਵਿਚ ਅੰਗਰੇਜ਼ ਹਕੂਮਤ ਦੇ ਖਿਲਾਫ ਵਲਵਲਾ ਲੈਕਚਰ ਕਰਨ ਦੇ ਕਸੂਰ ਵਿਚ ੩੦.੧੧.੧੯੩੭ ਨੂੰ ਆਪ ਨੇ ਲਾਲਾ ਸੁੰਦਰ ਦਾਸ ਏ.ਡੀ.ਐਮ. ਸ਼ੇਖੂਪੁਰਾ ਦੀ ਅਦਾਲਤ ਵਲੋਂ ਹੋਈ ਛੇ ਮਹੀਨੇ ਦੀ ਸਜ਼ਾ ਭੁਗਤੀ।

ਆਖਰੀ ਵਾਰ ੩.੭.੫੫ ਨੂੰ ਪੰਜਾਬੀ ਸੂਬੇ ਦੇ ਨਾਹਰਿਆਂ 'ਤੇ ਲੱਗੀ ਪਾਬੰਦੀ ਦੇ ਸੰਬੰਧ

ਵਿਚ ਲੱਗੇ ਮੋਰਚੇ ਵੇਲੇ ਗ੍ਰਿਫ਼ਤਾਰ ਕਰ ਲਏ ਗਏ। ਇਸ 'ਤੇ ਬਹੁਤ ਰੌਲਾ ਪਿਆ। ਚੀਫ ਖਾਲਸਾ ਦੀਵਾਨ ਤੇ ਸਿੱਖ ਕਾਂਗਰਸੀ ਲੀਡਰਾਂ ਵਲੋਂ ਬੜੇ ਸਖਤ ਸ਼ਬਦਾਂ ਵਿਚ ਨਿੰਦਿਆ ਕੀਤੀ ਗਈ ਕਿ ਐਸਾ ਜ਼ੁਲਮ ਮੁਗਲਾਂ ਵੇਲੇ ਵੀ ਨਹੀਂ ਹੋਇਆ ਕਿ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗ੍ਰਿਫ਼ਤਾਰ ਕਰ ਲਏ ਜਾਣ। ਸਿੱਟੇ ਵਜੋਂ ਸਰਕਾਰ ਨੂੰ ਜਥੇਦਾਰ ਸਾਹਿਬ ਨੂੰ ੬.੭.੧੯੫੫ ਨੂੰ ਰਿਹਾ ਕਰਨਾ ਪਿਆ। ਭੀਮ ਸੈਨ ਸੱਚਰ ਦੀ ਸਰਕਾਰ ਵੀ ਟੁੱਟ ਗਈ।

## ਗ੍ਰੰਥੀ ਸ੍ਰੀ ਦਰਬਾਰ ਸਾਹਿਬ—

ਭਾਈ ਲਾਭ ਸਿੰਘ ਜੀ ਰੀਟਾਇਰ ਹੋਏ ਤਾਂ ਉਹਨਾਂ ਦੀ ਥਾਂ ਜਥੇਦਾਰ ਜੀ ਨੂੰ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦਾ ਗ੍ਰੰਥੀ ਥਾਪਿਆ ਗਿਆ। ਬਾਬਾ ਬੁੱਢਾ ਜੀ ਤੇ ਭਾਈ ਮਨੀ ਸਿੰਘ ਜੀ ਦੀ ਸਤਿਕਾਰੀ ਇਸ ਪਦਵੀ ਨੂੰ ਜਥੇਦਾਰ ਜੀ ਆਪਣਾ ਸਭ ਤੋਂ ਵੱਡਾ ਧੰਨ-ਭਾਗ ਸਮਝਦੇ ਸਨ। ਅਕਤੂਬਰ ੧੯੪੦ ਵਿਚ ਆਪ ਲਾਹੌਰ ਦੀ ਸੰਗਤ ਨੂੰ ਵਿਆਕੁਲ ਛੱਡ ਕੇ ਅੰਮ੍ਰਿਤਸਰ ਆ ਗਏ। ਪੂਰੇ ਬਾਈ ਸਾਲ ਆਪ ਨੇ ਇਹ ਸੇਵਾ ਪੂਰਨ ਸ਼ਰਧਾ ਨਾਲ ਸ੍ਰੀ ਗੁਰੂ ਰਾਮ ਦਾਸ ਜੀ ਦੀ ਹਜ਼ੂਰੀ ਸੇਵਾ ਸਮਝ ਕੇ ਨਿਭਾਈ। ਇਸ ਸਮੇਂ ਵਿਚ ਪੁਜਾਰੀਆਂ ਦੇ ਵੇਲਿਆਂ ਤੋਂ ਤੁਰੀਆਂ ਆ ਰਹੀਆਂ ਮਨਮਤਾਂ, ਜਿਹਾ ਕਿ ਰੁਮਾਲਾ ਸਾਹਿਬ ਚੁੱਕ ਕੇ 'ਦਰਸ਼ਨ' ਕਰਾਉਣਾ ਆਦਿ, ਦਾ ਖੰਡਨ ਕੀਤਾ ਤੇ ਸਦਾ ਲਈ ਬੰਦ ਕੀਤੀਆਂ। ਕੁਝ ਬਾਹਲੇ ਸ਼ਰਧਾਲੂਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਹੇਠ ਸ੍ਰੀ ਦਸਮ ਗ੍ਰੰਥ ਦਾ ਅਖੰਡ ਪਾਠ ਕਰਵਾਇਆ। ਆਪ ਜੀ ਨੇ ਇਸ ਦਾ ਵੀ ਬੜੇ ਸਖਤ ਸ਼ਬਦਾਂ ਵਿਚ ਖੰਡਨ ਕੀਤਾ ਕਿ ਸਿੱਖ ਜਗਤ ਦੇ ਕੇਵਲ ਇਕੋ ਹੀ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਹਨ। ਸ੍ਰੀ ਦਸਮ ਗ੍ਰੰਥ ਮਤਵਾਜ਼ੀ ਗੁਰੂ ਨਹੀਂ ਬਣਾਇਆ ਜਾ ਸਕਦਾ। ਇਸ ਤਰ੍ਹਾਂ ਸਿੱਖ ਪੰਥ ਵਿਚ ਪੈਣ ਵਾਲੀ ਇਸ ਨਵੀਂ ਤਰੇੜ ਨੂੰ ਸ਼ੁਰੂ ਵਿਚ ਹੀ ਰੋਕ ਦਿੱਤਾ।

## ਦੋਬਾਰਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ—

ਮਿਤੀ ੨੩-੫-੧੯੫੫ ਨੂੰ ਆਪ ਨੂੰ ਹਰਿਮੰਦਰ ਸਾਹਿਬ ਵਿਖੇ ਗ੍ਰੰਥੀ ਦੀ ਡਿਊਟੀ ਦੇ ਨਾਲ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜੱਥੇਦਾਰ ਵੀ ਥਾਪਿਆ ਗਿਆ। ਆਪ ਨੇ ਇਹ ਸੇਵਾ ੮-੧੧-੬੨ ਤਕ ਪੂਰੇ ਸਿੰਘਾਊ ਰੂਪ ਵਿਚ ਨਿਭਾਈ। ਇਸੇ ਦੌਰਾਨ ੨੯-੧੧-੬੧ ਨੂੰ ਆਪ ਦੀ ਜਥੇਦਾਰੀ ਹੇਠ ਪੰਜ ਸਿੰਘ ਸਾਹਿਬਾਨ ਨੇ ਪੰਜ ਪਿਆਰਿਆਂ ਦੇ ਰੂਪ ਵਿਚ ਮਾਸਟਰ ਤਾਰਾ ਸਿੰਘ ਨੂੰ ਅਰਦਾਸ ਵਿੱਚ ਕੀਤੇ ਪ੍ਰਣ ਨੂੰ ਤੋੜਨ ਦੇ ਦੋਸ਼ ਵਿਚ ਅਤੇ ਸੰਤ ਫਤਹਿ ਸਿੰਘ ਨੂੰ ਵਰਤ ਤੁੜਾਉਣ ਦੇ ਦੋਸ਼ ਵਿੱਚ ਤੇ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੇ ਹਾਜ਼ਰ ਮੈਂਬਰਾਂ ਨੂੰ ਵਰਤ ਤੋੜਨ ਹਿਤ ਮਤਾ ਕਰਨ ਦੇ ਦੋਸ਼ ਵਿਚ ਤਨਖਾਹ ਲਾਉਣ ਦਾ ਇਤਿਹਾਸਕ ਫੈਸਲਾ ਸੁਣਾਇਆ। ਜਿਸ ਦੀ ਮਿਸਾਲ ਅੱਜ ਤਕ ਪੇਸ਼ ਕੀਤੀ ਜਾਂਦੀ ਹੈ। ਉਪਰੋਕਤ ਪੰਜ ਸਿੰਘ ਸਾਹਿਬਾਨ ਵਿੱਚ ਸ਼ਾਮਿਲ ਸੀ।

ਹਰ ਸਿਦਕੀ ਸਿੰਘ ਵਾਂਗ ਆਪ ਪੰਥਕ ਏਕਤਾ ਦੇ ਹਾਮੀ ਸਨ। ਜਦੋਂ ਜਦੋਂ ਵੀ ਪੰਥ ਵਿੱਚ ਫੁੱਟ ਉਭਰੀ, ਆਪ ਨੂੰ ਬਹੁਤ ਦੁੱਖ ਪੁੱਜਾ। ਮਾਸਟਰ ਤਾਰਾ ਸਿੰਘ ਅਤੇ ਸੰਤ ਫਤਹਿ ਸਿੰਘ ਵਿਚਕਾਰ ਝਗੜੇ ਕਾਰਨ ਸ਼੍ਰੋਮਣੀ ਅਕਾਲੀ ਦਲ ਦੋ ਫਾੜ ਹੋਇਆ ਤਾਂ ਆਪ ਬਹੁਤ ਦੁਖੀ ਹੋਏ। ਆਪ ਨੇ ਮਾਸਟਰ ਤਾਰਾ ਸਿੰਘ ਨੂੰ ਮਰਨ ਵਰਤ ਰੱਖਣ ਤੋਂ ਵੀ ਟੋਕਿਆ ਪਰ ਉਹ ਨਾ ਮੰਨੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਪਰ ਜਦ ਸੰਤ ਫਤਹਿ ਸਿੰਘ ਦੇ ਧੜੇ ਦਾ ਕਬਜ਼ਾ ਹੋ ਗਿਆ ਤਾਂ ਆਪ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ ਦੋਹਾਂ ਮਹਾਨ ਪਦਵੀਆਂ ਤੋਂ ਅਸਤੀਫਾ ਦੇ ਕੇ ਲਾਂਭੇ ਹੋ ਗਏ। ਗ੍ਰੰਥੀ ਦੀ ਪਦਵੀ ਤੋਂ ਅਸਤੀਫਾ ੪.੧੧.੬੨ ਨੂੰ ਅਤੇ ਜਥੇਦਾਰੀ ਦੀ ਪਦਵੀ ਦਾ ਚਾਰਜ ੮.੧੧.੬੨ ਨੂੰ ਦਿੱਤਾ।

ਅਸਤੀਫਾ ਦੇਣ ਤੋਂ ਮਗਰੋਂ ਵੀ ਇਕ ਸਾਲ ਬਾਅਦ ਤਕ ਸੰਤ ਫਤਹਿ ਸਿੰਘ ਵਲੋਂ ਜਥੇਦਾਰ ਜੀ ਨੂੰ ਆਪਣੀਆਂ ਪਦਵੀਆਂ 'ਤੇ ਮੁੜ ਆਉਣ ਲਈ ਜ਼ੋਰ ਪਾਇਆ ਜਾਂਦਾ ਰਿਹਾ ਪਰ ਜਥੇਦਾਰ ਜੀ ਦਾ ਉੱਤਰ ਸੀ ਕਿ ਇਕ ਵਾਰ ਕਮਾਣੋਂ ਛੁੱਟਿਆ ਤੀਰ ਵਾਪਸ ਨਹੀਂ ਆ ਸਕਦਾ।

## ਪ੍ਰਧਾਨ ਸ਼੍ਰੋਮਣੀ ਅਕਾਲੀ ਦਲ—

ਜਥੇਦਾਰ ਜੀ ਦੀਆਂ ਸੁਲਹ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਅਕਾਲੀ ਦਲ ਦੋ ਫਾੜ ਹੋ ਚੁੱਕਾ ਸੀ। ਮਾਸਟਰ ਤਾਰਾ ਸਿੰਘ ਧੜੇ ਵਾਲੇ ਅਕਾਲੀ ਦਲ ਨੇ ੪ ਨਵੰਬਰ ੧੯੬੨ ਨੂੰ ਆਪ ਨੂੰ ਸਰਬ ਸੰਮਤੀ ਨਾਲ ਪ੍ਰਧਾਨ ਚੁਣਿਆ। ਆਪ ਨੇ ਸਿੱਖ ਪੰਥ ਦੀ ਸ਼ਾਨ ਲਈ ਅਣਥੱਕ ਮਿਹਨਤ ਕੀਤੀ। ਆਪ ਦਿਲੋਂ ਮਨੋਂ ਪੰਥਕ ਏਕਤਾ ਚਾਹੁੰਦੇ ਸਨ। ਆਪ ਨੇ ਦੋਹਾਂ ਧੜਿਆਂ ਨੂੰ ਨੇੜੇ ਲਿਆਉਣ ਤੇ ਏਕਤਾ ਦੇ ਜਤਨ ਜਾਰੀ ਰੱਖੇ ਪਰ ਦੋਹਾਂ ਪਾਸਿਆਂ ਦੇ ਸੁਆਰਥੀ "ਅਨਸਰਾਂ" ਨੇ ਆਪ ਦੀ ਪੇਸ਼ ਨਾ ਜਾਣ ਦਿੱਤੀ। ਮਾਯੂਸ ਹੋ ਕੇ ਆਪ ੧੯.੧.੬੪ ਨੂੰ ਪਿੱਛੇ ਹਟ ਗਏ ਤੇ ਬਾਕੀ ਜ਼ਿੰਦਗੀ ਸਿਮਰਨ ਕਰ ਕੇ ਬਤੀਤ ਕਰਨ ਲੱਗੇ। ਏਸੇ ਦੌਰਾਨ ੧੯੬੩ ਵਿਚ ਨਾਭੇ ਵਿਚ ਇਕ ਦੀਵਾਨ ਤੇ ਆਪ ਨੂੰ ਮੱਝ ਦੇ ਮਾਰਨ ਨਾਲ ਗੁੱਝੀਆਂ ਸੱਟਾਂ ਲਗੀਆਂ ਤੇ ਜ਼ਬਾਨ ਨੂੰ ਵਲ ਪੈਣ ਲੱਗ ਪਿਆ। ਨਾਮ ਅਭਿਆਸ ਤੇ ਉਚੇ ਸਿੱਖੀ ਜੀਵਨ ਸਦਕਾ ੭੦ ਸਾਲ ਕੰਚਨ ਵਰਗੀ ਰਹੀ ਸਿਹਤ ਵਿਚ ਵਿਗਾੜ ਪੈ ਗਿਆ।

## ਗੁਰਪੁਰੀ ਪਿਆਨਾ—

ਚਾਲੀ ਸਾਲ ਦੀ ਸਰਗਰਮ, ਅਣਥੱਕ ਤੇ ਨਿਸ਼ਕਾਮ ਪੰਥਕ ਸੇਵਾ ਉਪਰੰਤ ੧੯੬੨ ਵਿਚ ਜਦੋਂ ਆਪ ਨੇ ਅਸਤੀਫਾ ਦਿੱਤਾ ਤਾਂ ਆਪ ਕੋਲ ਪ੍ਰੋਵੀਡੈਂਟ ਫੰਡ ਦੇ ਕੋਈ ਤਿੰਨ ਹਜ਼ਾਰ ਰੁਪਏ ਦੀ ਰਾਸ ਪੂੰਜੀ ਸੀ। ਫਾਰਗ ਹੁੰਦਿਆਂ ਹੀ ਆਪ ਨੇ ਕਮੇਟੀ ਵਲੋਂ ਦਿੱਤਾ ਗਿਆ ਨਿਵਾਸ ਆਪ ਛੱਡ ਦੇਣ ਦੀ ਪੇਸ਼ਕਸ਼ ਕੀਤੀ। ਦਸ ਸਾਲ ਪਹਿਲੋਂ ਚਾਟੀਵਿੰਡ ਨਹਿਰ ਦੇ ਬੜੇ ਪੱਛੜੇ ਇਲਾਕੇ ਵਿਚ ਥੋੜ੍ਹੇ ਥੋੜ੍ਹੇ ਪੈਸੇ ਤਾਰ ਕੇ ਛੋਟੀ ਜਿਹੀ ਥਾਂ ਲੈ ਰੱਖੀ ਸੀ। ਉਸ 'ਤੇ ਆਪ ਦੇ ਸਪੁੱਤਰਾਂ ਨੇ ਰਲ ਕੇ ਦੋ ਕੋਠੇ ਪਾਏ ਤਾਂ ਜਾ ਕੇ ਸਿਰ ਲੁਕਾਵਾ ਬਣਿਆ।

੧੯੬੩ ਦੇ ਅੰਤ 'ਤੇ ਲੱਗੀਆਂ ਸੱਟਾਂ ਕਾਰਨ ਆਪ ੧੩ ਸਾਲ ਔਹਰੇ ਰਹੇ। ਜੂਨ ੧੯੭੬ ਵਿਚ ਸੰਤ ਕਰਤਾਰ ਸਿੰਘ ਹੱਟ ਸਾਹਿਬ ਵਾਲਿਆਂ ਦੀ ਪ੍ਰੇਰਨਾ ਨਾਲ ਸ਼੍ਰੋਮਣੀ ਕਮੇਟੀ ਨੇ ੧੧੦੦/੦੦ ਦੀ ਰਕਮ ਆਪ ਦੀ ਸਹਾਇਤਾ ਲਈ ਮੰਨਜ਼ੂਰ ਕੀਤੀ ਪਰੰਤੂ ਆਪ ਨੇ ਇਹ ਸਹਾਇਤਾ ਵੀ ਲੈਣੋਂ ਇਨਕਾਰ ਕਰ ਦਿੱਤਾ। ਜੁਲਾਈ ੧੯੭੬ ਵਿਚ ਆਪ ਸਖਤ ਬੀਮਾਰ ਹੋ ਗਏ। ਸਤਾਰਾਂ ਦਿਨ ਹਸਪਤਾਲ ਰਹਿ ਕੇ ਆਪ ੬.੮.੧੯੭੬ ਨੂੰ ਰਾਤ ਦੇ ੯.੩੦ ਵਜੇ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ।

## *ਆਪ ਦੀ ਅੰਸ਼—*

ਆਪ ਦੇ ਤਿੰਨ ਲੜਕੇ ਤੇ ਦੋ ਲੜਕੀਆਂ ਹਨ। ਵੱਡੇ ਲੜਕੇ ਸ: ਸੰਤੋਖ ਸਿੰਘ ਦਸੰਬਰ ੧੯੮੫ ਵਿਚ ਜ਼ਿਲ੍ਹਾ ਸਿੱਖਿਆ ਅਫਸਰ ਦੀ ਪਦਵੀ ਤੋਂ ਰੀਟਾਇਰਡ ਹੋ ਚੁੱਕੇ ਹਨ। ਇਸ ਵੇਲੇ ਉਹ ਸਰਕਾਰੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ, ਧਰਦਿਓ ਬੁੱਟਰ ਜ਼ਿਲ੍ਹਾ ਅੰਮ੍ਰਿਤਸਰ ਦੇ ਪ੍ਰਿੰਸੀਪਲ ਵਜੋਂ ਦੁਬਾਰਾ ਲੱਗੇ ਹੋਏ ਹਨ। ਇਹ ੪੮੪, ਈਸਟ ਮੋਹਨ ਨਗਰ, ਅੰਮ੍ਰਿਤਸਰ, ਵਿਚ ਨਿਵਾਸ ਰੱਖਦੇ ਹਨ। ਜੱਥੇਦਾਰ ਸਾਹਿਬ ਨੇ ਏਥੇ ਹੀ ਚੜ੍ਹਾਈ ਕੀਤੀ। ਇਹਨਾਂ ਨੇ ਜੱਥੇਦਾਰ ਸਾਹਿਬ ਦੀ ਬਹੁਤ ਸੇਵਾ ਕੀਤੀ ਅਤੇ ਬੜੀਆਂ ਅਸੀਸਾਂ ਲਈਆਂ। ਹੁਣ ਵੀ ਇਹ ਜੱਥੇਦਾਰ ਜੀ ਦੀ ਯਾਦ ਹਰ ਸਾਲ ਬੜੀ ਸ਼ਰਧਾ ਨਾਲ ਮਨਾਉਂਦੇ ਹਨ।

ਜਥੇਦਾਰ ਜੀ ਦੇ ਦੂਜੇ ਲੜਕੇ ਸ: ਮਨਮੋਹਣ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡਾਇਮ ਗੰਜ, ਅੰਮ੍ਰਿਤਸਰ ਵਿੱਚ ਲੈਕਚਰਾਰ ਸਨ। ਉਹ ੩੦-੭-੯੧ ਨੂੰ ਦਿਮਾਗ ਦੀ ਨਾਲੀ ਫਟਣ ਨਾਲ ਅਕਾਲ ਚਲਾਣਾ ਕਰ ਗਏ। ਤੀਜਾ ਲੜਕਾ ਸ: ਤ੍ਰਿਪਤ ਸਿੰਘ ਪੰਜਾਬ ਐਂਡ ਸਿੰਧ ਬੈਂਕ ਦਿੱਲੀ ਸਕਿਉਰਟੀ ਅਫਸਰ ਹੈ। ਜਥੇਦਾਰ ਜੀ ਦੀ ਵੱਡੀ ਲੜਕੀ ਬੀਬੀ ਅੰਮ੍ਰਿਤ ਕੌਰ ਪਿੰਡ ਸੁਲਤਾਨਵਿੰਡ ਤੇ ਛੋਟੀ ਲੜਕੀ ਬੀਬੀ ਨਰਿੰਦਰ ਕੌਰ ਪਿੰਡ ਗੰਡੀ ਵਿੰਡ ਵਿਆਹੀ ਹੋਈ ਹੈ। ਜਥੇਦਾਰ ਜੀ ਦਾ ਸਾਰਾ ਪਰਿਵਾਰ ਬੜਾ ਗੁਰਮੁਖ ਹੈ।

## *ਸੁਭਾਵ ਤੇ ਗੁਣ—*

ਆਪ ਸੁਭਾਅ ਦੇ ਨਰਮ, ਧੀਰਜੀ, ਸ਼ਾਂਤ ਚਿਤ, ਦੂਜਿਆਂ ਦਾ ਭਲਾ ਸੋਚਣ ਵਾਲੇ ਪਰਉਪਕਾਰੀ ਸੱਜਣ ਸਨ। ਜਥੇਦਾਰ ਜੀ ਸਿੱਖ ਰਹਿਤ ਮਰਯਾਦਾ ਦੇ ਬੜੇ ਧਾਰਨੀ ਸਨ। ਪੰਥਕ ਜਜ਼ਬੇ ਨਾਲ ਭਰਪੂਰ ਪੰਥ ਦੀ ਚੜ੍ਹਦੀ ਕਲਾ ਦੇ ਚਾਹਵਾਨ, ਗੁਰੂ ਅਤੇ ਪੰਥ ਦੀ ਖਾਤਰ ਆਪਾ ਨਿਛਾਵਰ ਕਰ ਦੇਣ ਵਾਲੇ ਮਹਾਨ ਆਤਮਾ ਸਨ। ਮੇਰੇ ਨਾਲ ਅਤਿਅੰਤ ਸਨੇਹ ਰਖਦੇ ਸਨ। ਜਦ ੧੯੬੩ ਤੋਂ ੧੯੬੫ ਤਕ ਮੈਂ ਦੋ ਸਾਲ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦੇ ਰੂਪ ਵਿਚ ਸੇਵਾ ਕੀਤੀ ਤਾਂ ਆਪਣੇ ਜ਼ਿੰਦਗੀ ਦੇ ਤਜਰਬਿਆਂ ਦੇ ਆਧਾਰ 'ਤੇ ਮੈਨੂੰ ਸੁਝਾਉ ਦੇ ਕੇ ਮੇਰੀ ਯੋਗ ਰਹਿਨੁਮਾਈ ਕਰਦੇ ਰਹੇ।

# ਜਥੇਦਾਰ ਦੀਦਾਰ ਸਿੰਘ ਜੀ

(੧੯੨੫ ਈ.)

ਆਪ ਪਿੰਡ ਭਸੀਨ ਜ਼ਿਲ੍ਹਾ ਲਾਹੌਰ ਦੇ ਵਸਨੀਕ ਸਨ। ਇਨ੍ਹਾਂ ਬਾਰੇ ਲਿਖਤੀ ਤੌਰ ਤੇ ਕੋਈ ਵਧੇਰੇ ਜਾਣਕਾਰੀ ਨਹੀਂ ਮਿਲਦੀ ਸਿਰਫ ਪੁਸਤਕ ਸ਼ਹੀਦੀ ਯਾਤ੍ਰਾ ਅਥਵਾ ਸਾਕਾ ਜੈਤੋ (ਨਾਭਾ) (ਅੱਖੀਂ ਡਿੱਠੇ ਹਾਲ) ਜੋ ਜੈਤੋ ਨੂੰ ਜਾਣ ਵਾਲੇ ਪੰਜ ਸੌ ਸਿੰਘਾਂ ਦੇ ਪਹਿਲੇ ਜੱਥੇ ਦੇ ਜੱਥੇਦਾਰ, ਜੱਥੇਦਾਰ ਊਧਮ ਸਿੰਘ ਪਿੰਡ ਵਰਪਾਲ, ਅੰਮ੍ਰਿਤਸਰ ਨੇ ਲਿਖੀ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਿੱਖ ਇਤਿਹਾਸ ਰੀਸਰਚ ਬੋਰਡ ਵਲੋਂ ਪਹਿਲੀ ਵਾਰ ੧੯੮੦ ਈ: ਵਿੱਚ ਛਾਪੀ ਗਈ ਦੇ ਪੰਨਾ ੯੧ ਉਪਰ ਐਉਂ ਜ਼ਿਕਰ ਆਉਂਦਾ ਹੈ :

ਸਰਕਾਰ ਤੇ ਸ਼੍ਰੋਮਣੀ ਕਮੇਟੀ ਵਿੱਚ ਸਮਝੌਤਾ ਹੋ ਗਿਆ ਤੇ ਮਿਤੀ ੬ ਅਗਸਤ ੧੯੨੫ ਨੂੰ ਬੀੜਾਂ ਅੰਦਰ ਡੱਕੇ ਹੋਏ ਸ਼ਹੀਦੀ ਜਥਿਆਂ ਨੂੰ ਜਦ ਰਿਹਾ ਕਰਨ ਲੱਗੇ ਤਾਂ ਉਹਨਾਂ ਨੇ ਕਿਹਾ ਕਿ ਪਹਿਲਾਂ ਸੈਂਟ੍ਰਲ ਜੇਲ ਨਾਭਾ ਵਿਚੋਂ ਪਹਿਲੇ ਸ਼ਹੀਦੀ ਜੱਥੇ ਦੇ ਜੱਥੇਦਾਰ ਤੇ ਉਸ ਦੇ ਸਾਥੀਆਂ ਨੂੰ ਲਿਆਉ, ਅਸੀਂ ਫੇਰ ਬਾਹਰ ਨਿਕਲਾਂਗੇ ਪਰ ਲੀਡਰ ਸਮਝੌਤਾ ਕਰ ਚੁੱਕੇ ਸਨ। ਇਸ ਲਈ ਲੀਡਰਾਂ ਨੇ ਕਿਹਾ ਕਿ ਉਹ ਤੁਹਾਨੂੰ ਜੈਤੋ ਜ਼ਰੂਰ ਮਿਲ ਪੈਣਗੇ। ਜਥਿਆਂ ਨੇ ਇਹ ਗੱਲ ਵੀ ਨਾ ਮੰਨੀ। ਅਖੀਰ ਲੀਡਰ ਸਿੰਘ ਸਾਹਿਬ ਭਾਈ ਦੀਦਾਰ ਸਿੰਘ ਜੀ ਪਿੰਡ ਭਸੀਨ ਜ਼ਿਲ੍ਹਾ ਲਾਹੌਰ (ਜੋ ਕਿ ਉਸ ਵੇਲੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਸੀ) ਨੂੰ ਨਾਲ ਲਿਆ ਕੇ, ਨਾਭੇ ਪੁੱਜੇ। ਜੱਥੇਦਾਰ ਜੀ ਨੇ ਜਾ ਕੇ ਕਿਹਾ ਕਿ, ''ਤੁਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਨਾਲ ਆਏ ਹੋ ਤੇ ਮੈਂ ਹੁਣ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜੱਥੇਦਾਰ ਤੁਹਾਨੂੰ ਹੁਕਮ ਦੇਂਦਾ ਹਾਂ ਕਿ ਤੁਸੀਂ ਰਿਹਾ ਹੋ ਜਾਉ। ਪਹਿਲੇ ਜੱਥੇ ਵਾਲੇ ਤੁਹਾਨੂੰ ਗੰਗਸਰ ਜ਼ਰੂਰ ਮਿਲ ਪੈਣਗੇ।'' ਜੱਥੇਦਾਰ ਦਾ ਹੁਕਮ ਮੰਨ ਕੇ ਜੱਥਿਆਂ ਨੇ ਰਿਹਾ ਹੋਣਾ ਪ੍ਰਵਾਨ ਕਰ ਲਿਆ।

ਅਨੁਮਾਨ ਹੈ ਕਿ ੭ ਮਈ, ੧੯੨੪ ਈ: ਨੂੰ ਜਥੇਦਾਰ ਅੱਛਰ ਸਿੰਘ ਜੀ ਦੇ ਗ੍ਰਿਫਤਾਰੀ ਦੇਣ ਬਾਅਦ ਆਪ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜੱਥੇਦਾਰ ਥਾਪਿਆ ਗਿਆ ਜਦ ਉਹ ਕੈਦ ਕੱਟ ਕੇ ੧੯੨੫ ਦੇ ਅਖੀਰ ਵਿਚ ਵਾਪਸ ਆ ਗਏ ਤਾਂ ਉਹ ਇਸੇ ਪਦਵੀ 'ਤੇ ਆ ਬਿਰਾਜੇ ਤੇ ਜੱਥੇਦਾਰ ਦੀਦਾਰ ਸਿੰਘ ਸੇਵਾ ਮੁਕਤ ਹੋ ਗਏ।

# ਜਥੇਦਾਰ ਜਵਾਹਰ ਸਿੰਘ ਜੀ

(੧੯੨੬ ਈ.)

ਜਥੇਦਾਰ ਜਵਾਹਰ ਸਿੰਘ ਪਿੰਡ ਮੱਟੂ ਜ਼ਿਲ੍ਹਾ ਗੁਜਰਾਂ ਵਾਲਾ ਦੇ ਵਸਨੀਕ ਸਨ। ਜਦੋਂ ੧੯੨੫ ਈ: ਦੇ ਅਖੀਰ ਵਿਚ ਜੇਲ੍ਹ ਤੋਂ ਵਾਪਸ ਆ ਕੇ ਜਥੇਦਾਰ ਅੱਛਰ ਸਿੰਘ ਜੀ ਨੇ ਮੁੜ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦਾ ਚਾਰਜ ਸੰਭਾਲ ਲਿਆ, ਉਸ ਵਕਤ ਗੁਰਦੁਆਰਾ ਐਕਟ ੧੯੨੫ ਈ: ਬਾਰੇ ਅਕਾਲੀ ਦਲ ਦੋਫਾੜ ਹੋ ਗਿਆ। ਇਸ ਫੁੱਟ ਤੋਂ ਉਤਪੰਨ ਹੋਏ ਵਾਦ-ਵਿਵਾਦ ਕਾਰਨ ੧੦ ਜਨਵਰੀ, ੧੯੨੬ ਨੂੰ ਜਥੇਦਾਰ ਅੱਛਰ ਸਿੰਘ ਜੀ ਨੇ ਅਕਾਲ ਤਖ਼ਤ ਸਾਹਿਬ ਦੀ ਜੱਥੇਦਾਰੀ ਤੋਂ ਅਸਤੀਫ਼ਾ ਦੇ ਦਿੱਤਾ। ਉਪਰੰਤ ਸ਼੍ਰੋਮਣੀ ਕਮੇਟੀ ਵਲੋਂ ਜਥੇਦਾਰ ਜਵਾਹਰ ਸਿੰਘ ਜੀ ਪਿੰਡ ਮੱਟੂ ਜ਼ਿਲ੍ਹਾ ਗੁਜਰਾਂ ਵਾਲਾ ਨੂੰ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨਿਯੁਕਤ ਕਰ ਦਿੱਤਾ। ਲੱਗ-ਪੱਗ ਆਪ ਇਕ ਸਾਲ ਇਸ ਪਦਵੀ 'ਤੇ ਰਹੇ। ਇਨ੍ਹਾਂ ਤੋਂ ਬਾਅਦ ੧੯੨੭ ਈ: ਤੋਂ ੧੯੩੧ ਈ: ਤਕ ਜਥੇਦਾਰ ਤੇਜਾ ਸਿੰਘ ਜੀ ਅਕਰਪੁਰੀ ਚਾਰ ਸਾਲ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਰਹੇ। ਇਨ੍ਹਾਂ ਬਾਰੇ ਅਜੇ ਤਕ ਹੋਰ ਵਧੇਰੇ ਜਾਣਕਾਰੀ ਨਹੀਂ ਮਿਲ ਸਕੀ।

# ਜਥੇਦਾਰ ਗਿਆਨੀ ਗੁਰਮੁਖ ਸਿੰਘ ਜੀ ਮੁਸਾਫਿਰ

*(੧੯੩੧-੧੯੩੪ ਈ. ਤਕ)*

ਆਪ ਜੀ ਦਾ ਜਨਮ ਪਿੰਡ ਅਧਵਾਲ ਜ਼ਿਲਾ ਕੈਂਬਲਪੁਰ (ਹੁਣ ਪਾਕਿਸਤਾਨ) ਵਿੱਚ ਜਨਵਰੀ ੧੮੯੯ ਈ: ਨੂੰ ਹੋਇਆ। ਪਿਤਾ ਦਾ ਨਾਮ ਸੁਜਾਨ ਸਿੰਘ ਸੀ। ਆਪ ਨੇ ਪਿੰਡ ਦੇ ਸਕੂਲ ਵਿੱਚ ਪ੍ਰਾਇਮਰੀ ਪਾਸ ਕੀਤੀ। ਮਿਡਲ ਤੇ ਨਾਰਮਲ ਕਲਾਸ ਸਰਗੋਧਾ ਵਿੱਚ ਪਾਸ ਕੀਤੀ। ਆਪ ਦੀ ਸ਼ਾਦੀ ਬੀਬੀ ਰਣਜੀਤ ਕੌਰ ਨਾਲ ਹੋਈ। ਮੁਸਾਫਿਰ ਜੀ ਨੇ ਆਪਣਾ ਜੀਵਨ ਪਹਿਲੋਂ ਅਧਿਆਪਕ ਦੇ ਰੂਪ ਵਿੱਚ ਸ਼ੁਰੂ ਕੀਤਾ। ਖਾਲਸਾ ਹਾਈ ਸਕੂਲ ਕਲਰ ਵਿਚ ਬਤੌਰ ਗਿਆਨੀ ਅਧਿਆਪਕ ਨਿਯੁਕਤ ਹੋਏ। ਇਸੇ ਸਕੂਲ ਵਿੱਚ ਉਸ ਸਮੇਂ ਮਾਸਟਰ ਤਾਰਾ ਸਿੰਘ ਜੀ ਮੁੱਖ ਅਧਿਆਪਕ ਤੇ ਗਿਆਨੀ ਹੀਰਾ ਸਿੰਘ ਜੀ ਦਰਦ ਅਤੇ ਲਾਲ ਸਿੰਘ ਕਮਲਾ ਅਕਾਲੀ ਅਧਿਆਪਕ ਸਨ। ਉਸ ਸਕੂਲ ਵਿਚ ਆਪ ਨੇ ਚਾਰ ਸਾਲ ਸੇਵਾ ਕੀਤੀ। ਇਥੋਂ ਹੀ ਉਨ੍ਹਾਂ ਦੇ ਨਾਮ ਨਾਲ ਗਿਆਨੀ ਪਦ ਜੁੜ ਗਿਆ। ੧੯੧੯ ਈ: ਵਿਚ ਜਲ੍ਹਿਆਂ ਵਾਲੇ ਬਾਗ ਦੇ ਖ਼ੂਨੀ ਸਾਕੇ ਨੇ ਆਪ ਦੇ ਮਨ ਉਪਰ ਡੂੰਘਾ ਅਸਰ ਕੀਤਾ। ੧੯੨੧ ਈ: ਵਿੱਚ ਜਦ ਅਕਾਲੀ ਲਹਿਰ ਆਰੰਭ ਹੋਈ ਤੇ ਨਨਕਾਣੇ ਸਾਹਿਬ ਦਾ ਖ਼ੂਨੀ ਸਾਕਾ ਵਰਤਿਆ ਤਾਂ ਆਪ ਸਕੂਲ ਮਾਸਟਰੀ ਛੱਡ ਕੇ ਤਨ ਮਨ ਨਾਲ ਇਸ ਲਹਿਰ ਵਿੱਚ ਸ਼ਾਮਿਲ ਹੋ ਗਏ। ਅਕਾਲੀ ਮੋਰਚਿਆਂ ਸਮੇਂ ਸਤਿਆਗ੍ਰਹੀ ਜੱਥਿਆਂ ਦੇ ਸਿੰਘਾਂ ਉਪਰ ਸਰਕਾਰ ਵਲੋਂ ਕੀਤੇ ਜਾਂਦੇ ਤਸ਼ੱਦਦ ਨੂੰ ਆਪਣੀਆਂ ਕਵਿਤਾਵਾਂ ਰਾਹੀਂ ਅਜਿਹੇ ਢੰਗ ਨਾਲ ਪੇਸ਼ ਕਰਦੇ ਜਿਸ ਨਾਲ ਕੌਮ ਵਿਚ ਨਵਾਂ ਜੋਸ਼ ਭਰਦਾ ਤੇ ਹਰ ਚੱਲਣ ਵਾਲੇ ਜੱਥੇ ਦੇ ਅੰਦਰ ਕੁਰਬਾਨੀ ਦਾ ਜਜ਼ਬਾ ਪੈਦਾ ਹੁੰਦਾ। ੧੯੨੨ ਈ: ਵਿਚ ਗੁਰੂ ਕੇ ਬਾਗ ਦੇ ਮੋਰਚੇ ਸਮੇਂ ਆਪ ਜੀ ਦੀ ਸ਼੍ਰੋਮਣੀ ਕਮੇਟੀ ਦੀ ਪ੍ਰਚਾਰ ਬ੍ਰਾਂਚ ਵਿੱਚ ਮੋਰਚੇ ਲਈ ਜੱਥੇ ਤਿਆਰ ਕਰਕੇ ਭੇਜਣ ਦੀ ਡਿਊਟੀ ਸੀ।

੧੯੨੩ ਈ: ਵਿੱਚ ਭਾਈ ਫੇਰੂ ਤੇ ਜੈਤੋ ਦੇ ਮੋਰਚੇ ਸ਼ੁਰੂ ਹੋ ਗਏ। ਉਨ੍ਹਾਂ ਮੋਰਚਿਆਂ ਸੰਬੰਧੀ ਪ੍ਰਚਾਰ ਕਰਦਿਆਂ ਆਪ ਨੂੰ ਦਫਾ ੧੭ ਦੇ ਅਧੀਨ ਗ੍ਰਿਫ਼ਤਾਰ ਕਰਕੇ ਅੰਮ੍ਰਿਤਸਰ ਤੋਂ ਮੁਲਤਾਨ ਜੇਲ ਭੇਜ ਦਿੱਤਾ ਗਿਆ। ਸਾਰੇ ਅਕਾਲੀ ਮੋਰਚਿਆਂ ਵਿਚ ਆਪ ਜੇਲ ਯਾਤਰਾ ਕਰਦੇ ਰਹੇ। ਜੈਤੋ ਦਾ ਮੋਰਚਾ ਖਤਮ ਹੋਣ ਤੋਂ ਬਾਅਦ ਜਦ ਆਪ ਰਿਹਾ ਹੋ ਕੇ ਆਏ ਤਾਂ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਵੀ ਰਹੇ। ੧੯੩੦ ਈ: ਵਿੱਚ ਜਦ ਕਾਂਗਰਸ ਵਲੋਂ ਸਿਵਲ ਨਾ ਫੁਰਮਾਨੀ ਲਹਿਰ ਆਰੰਭ ਹੋਈ ਤਾਂ ਆਪ ਝਟਪਟ ਉਸ ਵਿੱਚ ਸ਼ਾਮਿਲ ਹੋ ਗਏ। ਉਸ ਦੇ ਸਿੱਟੇ ਵਜੋਂ ਆਪ ਨੂੰ ਇਕ ਸਾਲ ਦੀ ਕੈਦ ਹੋਈ।

ਜਥੇਦਾਰ ਤੇਜਾ ਸਿੰਘ ਜੀ ਅਕਰਪੁਰੀ ਤੋਂ ਬਾਅਦ ੧੯੩੧ ਈ: ਵਿਚ ਆਪ ਨੂੰ ਸ੍ਰੀ ਅਕਾਲ

ਤਖ਼ਤ ਸਾਹਿਬ ਦਾ ਜਥੇਦਾਰ ਨਿਯੁਕਤ ਕੀਤਾ ਗਿਆ। ੧੯੩੫ ਈ: ਤਕ ਆਪ ਨੇ ਇਹ ਸੇਵਾ ਸਫਲਤਾ ਪੂਰਬਕ ਨਿਭਾਈ।

ਮੁਸਾਫਿਰ ਜੀ ੧੯੩੭ ਈ: ਤੋਂ ੧੯੪੦ ਈ: ਤਕ ਤਿੰਨ ਸਾਲ ਪ੍ਰਸਿੱਧ ਪੰਜਾਬੀ ਅਖਬਾਰ ਅਕਾਲੀ ਦੇ ਐਡੀਟਰ ਰਹੇ। ਆਪ ਇਸ ਅਖ਼ਬਾਰ ਦੇ ਪ੍ਰਬੰਧਕੀ ਬੋਰਡ ਦੇ ਮੈਂਬਰ ਤੇ ਪਾਲਸੀ ਘੜਨ ਵਾਲੇ ਸਨ। ੧੯੪੦ ਈ: ਵਿੱਚ ਮਾਸਟਰ ਤਾਰਾ ਸਿੰਘ ਨਾਲ ਮਤ-ਭੇਦ ਹੋ ਜਾਣ ਕਾਰਨ ਆਪ ਨੇ ਇਹ ਜ਼ਿੰਮੇਵਾਰੀ ਛੱਡ ਦਿੱਤੀ। ਅਕਾਲੀ ਦੇ ਸੰਪਾਦਕੀ ਲੇਖਾਂ ਵਿੱਚ ਆਪ ਨੇ ਸਿੱਖ ਸਮਾਜ ਤੇ ਕੌਮੀ ਹਿੱਤਾਂ ਲਈ ਭਾਰੀ ਕਲਮੀ ਸੇਵਾ ਕੀਤੀ।

੧੯੩੯ ਈ: ਵਿਚ ਹੀ ਆਪ ਆਲ ਇੰਡੀਆਂ ਕਾਂਗਰਸ ਕਮੇਟੀ ਦੇ ਮੈਂਬਰ ਬਣ ਗਏ। ਉਨੀਂ ਦਿਨੀਂ ਕਾਂਗਰਸ ਤੇ ਅਕਾਲੀ ਇਕੱਠੇ ਹੋ ਕੇ ਸਰਕਾਰ ਦੀ ਵਿਰੋਧਤਾ ਕਰਦੇ ਸਨ। ਇਸ ਲਈ ਇਕ ਆਦਮੀ ਇਕੋ ਸਮੇਂ ਅਕਾਲੀ ਦਲ ਦਾ ਵੀ ਤੇ ਕਾਂਗਰਸ ਦਾ ਵੀ ਮੈਂਬਰ ਰਹਿ ਸਕਦਾ ਸੀ। ਮੁਸਾਫਿਰ ਜੀ ਨੇ ਗੁਰੂ ਕੇ ਬਾਗ ਦੇ ਮੋਰਚੇ ੧੯੨੨ ਈ: ਤੋਂ ੧੯੩੯ ਈ: ਤਕ ਪੂਰੇ ੧੭ ਸਾਲ ਲਗਾਤਾਰ ਅਕਾਲੀ ਲਹਿਰ, ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਵਿਚ ਰਹਿ ਕੇ ਸ਼ਾਨਦਾਰ ਪੰਥਕ ਸੇਵਾ ਕੀਤੀ।

੧੯੪੦ ਈ: ਵਿੱਚ ਵਿਅਕਤੀਗਤ ਸਤਿਆਗ੍ਰਹਿ ਅੰਦੋਲਨ ਦੇ ਸਮੇਂ ਆਪ ਨੂੰ ਫਿਰ ਗ੍ਰਿਫ਼ਤਾਰ ਕਰ ਲਿਆ ਗਿਆ। ੧੯੪੨ ਈ: ਵਿੱਚ ਆਲ ਇੰਡੀਆਂ ਕਾਂਗਰਸ ਕਮੇਟੀ ਦੇ ਬੰਬਈ ਇਜਲਾਸ ਵਿਚ 'ਭਾਰਤ ਛੱਡੋ' ਅੰਦੋਲਨ ਆਰੰਭ ਕਰਨ ਦਾ ਫੈਸਲਾ ਕੀਤਾ। ਮੁਸਾਫਿਰ ਜੀ ਵੀ ਇਸ ਵਿੱਚ ਸ਼ਾਮਿਲ ਸਨ ਜਿਸ ਕਰਕੇ ਪੰਜਾਬ ਪਹੁੰਚਦਿਆਂ ਹੀ ਆਪ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ੧੯੪੫ ਈ: ਤਕ ਆਪ ਸ਼ਾਹਪੁਰ ਤੇ ਸਿਆਲਕੋਟ ਦੀਆਂ ਜ਼ੇਲ੍ਹਾਂ ਵਿੱਚ ਬੰਦ ਰਹੇ। ਜੇਲ੍ਹ ਵਿੱਚ ਹੁੰਦਿਆਂ ਹੀ ਆਪ ਦੇ ਪਿਤਾ, ਇਕ ਪੁੱਤਰ ਤੇ ਇਕ ਪੁੱਤਰੀ ਅਕਾਲ ਚਲਾਣਾ ਕਰ ਗਏ। ਆਪ ਨੇ ਅਜਿਹੇ ਦੁਖਾਂਤ ਵਾਪਰਨ ਦੇ ਸਮੇਂ ਵੀ ਜ਼ਮਾਨਤ 'ਤੇ ਰਿਹਾਈ ਲੈਣ ਤੋਂ ਇਨਕਾਰ ਕਰ ਦਿੱਤਾ।

੧੯੪੭ ਈ: ਵਿੱਚ ਆਪ ਨੂੰ ਉਸ ਸੰਵਿਧਾਨ ਘੜਨੀ ਸਭਾ ਦਾ ਕਾਂਗਰਸੀ ਮੈਂਬਰ ਚੁਣਿਆ ਗਿਆ ਜਿਸ ਨੇ ਭਾਰਤ ਨੂੰ ਵਰਤਮਾਨ ਸੰਵਿਧਾਨ ਤਿਆਰ ਕਰਕੇ ਦਿੱਤਾ। ਉਪਰੰਤ ਆਪ ਨੂੰ ਪਹਿਲੀ ਭਾਰਤੀ ਪਾਰਲੀਮੈਂਟ ਦਾ ਮੈਂਬਰ ਬਣਾਇਆ ਗਿਆ ਤੇ ਆਪ ਉਸ ਸਮੇਂ ਤੋਂ ਲੈ ਕੇ ਅੰਤ ਸਮੇਂ ਤੱਕ ਇਸ ਪਦਵੀ 'ਤੇ ਰਹੇ।

ਆਪ ੧੯੪੯ ਈ: ਤੋਂ ੧੯੬੦ ਈ: ਤਕ ਪੂਰੇ ੧੧ ਸਾਲ ਪੰਜਾਬ ਕਾਂਗਰਸ ਦੇ ਪ੍ਰਧਾਨ ਰਹੇ। ਇੰਡੀਅਨ ਨੈਸ਼ਨਲ ਕਾਂਗਰਸ ਦੇ ੬੧ਵੇਂ ਸੈਸ਼ਨ ਦੀ ਸਵਾਗਤੀ ਕਮੇਟੀ ਦੇ ਆਪ ਪ੍ਰਧਾਨ ਬਣਾਏ ਗਏ। ਪੰਜ ਸਾਲ ਲਗਾਤਾਰ ਸਰਬ ਹਿੰਦ ਕਾਂਗਰਸ ਵਰਕਿੰਗ ਕਮੇਟੀ ਦੇ ਮੈਂਬਰ ਰਹੇ।

੧੯੬੬ ਈ: ਵਿੱਚ ਪੰਜਾਬੀ ਸੂਬਾ ਬਣਾਏ ਜਾਣ ਸਮੇਂ ਆਪ ਜੀ ਨੂੰ ਕੁਝ ਮਹੀਨੇ ਪੰਜਾਬ ਦੇ ਮੁੱਖ ਮੰਤ੍ਰੀ ਦਾ ਔਹਦਾ ਸੌਂਪਿਆ ਗਿਆ। ਪੰਜਾਬੀ ਸੂਬੇ ਦੇ ਆਪ ਪਹਿਲੇ ਮੁੱਖ ਮੰਤ੍ਰੀ ਸਨ।

ਆਪ ਪ੍ਰਸਿੱਧ ਪੰਜਾਬੀ ਕਵੀ, ਨਿਪੁੰਨ ਕਹਾਣੀਕਾਰ, ਸਿਰੜੀ ਪੱਤਰਕਾਰ ਤੇ ਇਸ ਤੋਂ ਵੀ ਉੱਘੇ

ਸੁਤੰਤ੍ਰਤਾ ਸੰਗ੍ਰਾਮੀਏ, ਸੂਝਵਾਨ ਤੇ ਦੂਰੰਦੇਸ ਮੁਖੀ ਸਨ। ਆਪ ਕਈ ਵਾਰ ਜੇਲ੍ਹ ਗਏ ਤੇ ਜੇਲ੍ਹਾਂ ਵਿੱਚ ਰਹਿ ਕੇ ਜੇਲ੍ਹ ਜੀਵਨ ਬਾਰੇ ਬਹੁਤ ਸਾਰੀਆਂ ਕਵਿਤਾਵਾਂ ਤੇ ਕਹਾਣੀਆਂ ਲਿਖੀਆਂ। ਰਾਜਨੀਤੀ ਦੇ ਨਾਲ ਨਾਲ ਆਪ ਦਾ ਪੰਜਾਬ ਦੀ ਸਾਹਿਤਕ ਅਤੇ ਸਭਿਆਚਾਰਕ ਪੁਨਰ ਸੁਰਜੀਤੀ ਵਿਚ ਵੀ ਮਹਤੱਵ ਪੂਰਨ ਹੱਥ ਹੈ ਕਿਉਂਕਿ ਆਪ ਨੀਤੀਵਾਨ ਦੇ ਨਾਲ-ਨਾਲ ਕਵੀ ਤੇ ਸਾਹਿਤਕਾਰ ਵੀ ਸਨ।

੧੯੬੬ ਈ: ਵਿੱਚ ਆਪ ਦੇ ੬੯ਵੇਂ ਜਨਮ ਦਿਨ ਦੀ ਵਰ੍ਹੇ ਗੰਢ ਦੇ ਮੌਕੇ 'ਤੇਆਪ ਨੂੰ ਅਭਿਨੰਦਨ ਗ੍ਰੰਥ ਭੇਟ ਕੀਤਾ ਗਿਆ। ਜਿਸ ਵਿੱਚ ਕਵੀਆਂ, ਲਿਖਾਰੀਆਂ, ਨੇਤਾਵਾਂ, ਸੂਬਾਈ ਤੇ ਕੇਂਦਰੀ ਮੰਤ੍ਰੀਆਂ ਤੋਂ ਲੈ ਕੇ ਪ੍ਰਧਾਨ ਮੰਤ੍ਰੀ ਤੇ ਰਾਸ਼ਟਰਪਤੀ ਤਕ ਨੇ ਆਪ ਦੇ ਸਰਬ-ਪੱਖੀ ਗੁਣਾਂ ਦੀ ਉਸਤਤ ਕੀਤੀ ਹੋਈ ਸੀ।

ਆਪ ਸਾਹਿਤਕ ਤੌਰ 'ਤੇ ਅੰਤਰ-ਰਾਸ਼ਟਰੀ ਸ਼ੁਹਰਤ ਦੇ ਮਾਲਕ ਸਨ। ੧੯੫੪ ਈ: ਵਿੱਚ ਸਕਾਟਹੋਮ (ਸਵੀਡਨ) ਦੀ ਅੰਤਰ-ਰਾਸ਼ਟਰੀ ਲੇਖਕਾਂ ਦੀ ਕਾਨਫ੍ਰੰਸ ਵਿੱਚ ਸ਼ਾਮਿਲ ਹੋਏ। ੧੯੬੧ ਈ: ਵਿਚ ਟੋਕੀਉ (ਜਾਪਾਨ) ਦੀ ਲੇਖਕ ਕਾਨਫ੍ਰੰਸ ਵਿਚ ਸ਼ਾਮਲ ਹੋਣ ਦਾ ਮਾਣ ਪ੍ਰਾਪਤ ਕੀਤਾ। ੧੯੬੫ ਈ: ਵਿੱਚ ਸਰਬ ਸੰਸਾਰ ਅਮਨ ਕਾਨਫ੍ਰੰਸ ਹੇਲਿੰਸਕੀ ਵਿੱਚ ਗਏ। ੧੯੬੬ ਈ: ਵਿੱਚ ਐਫਰੋ ਏਸ਼ੀਅਨ ਲੇਖਕ ਕਾਨਫ੍ਰੰਸ ਵੀਅਤਨਾਮ ਵਿੱਚ ਤਿੰਨ ਮੈਂਬਰੀ ਡੈਲੀਗੇਸ਼ਨ ਦੇ ਪ੍ਰਧਾਨ ਬਣ ਕੇ ਸ਼ਾਮਿਲ ਹੋਏ। ਬਾਕੂ (ਰੂਸ) ਦੀ ਇਕ ਲੇਖਕ ਕਾਨਫ੍ਰੰਸ ਵਿਚ ਸ਼ਾਮਿਲ ਹੋਏ। ਇੰਗਲੈਂਡ, ਕੈਨੇਡਾ ਤੇ ਜਰਮਨੀ ਆਦਿ ਹੋਰ ਭੀ ਕਈ ਮੁਲਕਾਂ ਦੀ ਸੈਰ ਕੀਤੀ।

੧੯੫੫ ਈ: ਵਿੱਚ ਪੈਪਸੂ ਸਰਕਾਰ ਨੇ ਆਪ ਨੂੰ ਸ਼੍ਰੋਮਣੀ ਕਵੀ ਤੇ ਸ਼੍ਰੋਮਣੀ ਸਾਹਿਤਕਾਰ ਦਾ ਪਹਿਲੇ ਦਰਜੇ ਦਾ ਸਨਮਾਨ ਦਿੱਤਾ। ੧੯੬੧ ਈ: ਵਿੱਚ ਪੰਜਾਬ ਸਰਕਾਰ ਵਲੋਂ ਵੀ ਆਪ ਨੂੰ ਕਵੀ ਤੇ ਸਾਹਿਤਕਾਰ ਦੇ ਤੌਰ 'ਤੇ ਸਨਮਾਨਿਆ ਗਿਆ।

ਆਪ ਨੇ ਜਿਥੇ ਰਾਜਨੀਤਕ ਤੌਰ 'ਤੇ ਪੰਥ, ਪੰਜਾਬ ਤੇ ਭਾਰਤ ਦੀ ਅਗਵਾਈ ਕੀਤੀ; ਉਥੇ ਆਪ ਨੇ ਕਵਿਤਾਵਾਂ, ਕਹਾਣੀਆਂ ਤੇ ਵਾਰਤਕ ਲੇਖਾਂ ਦੀਆਂ ਪੁਸਤਕਾਂ ਲਿਖ ਕੇ ਵੀ ਪੰਜਾਬੀ ਸਾਹਿਤ ਵਿੱਚ ਆਪਣਾ ਪੂਰਾ-ਪੂਰਾ ਯੋਗਦਾਨ ਪਾਇਆ।*

### *ਪੁਸਤਕਾਂ ਦਾ ਵੇਰਵਾ ਇਸ ਤਰ੍ਹਾਂ ਹੈ:-

***ਕਵਿਤਾ:*** ਬਚਪਨ, ਸਬਰ ਦੇ ਬਾਣ (ਦੋ ਹਿੱਸੇ), ਪ੍ਰੇਮ ਬਾਣ, ਜੀਵਨ ਪੰਧ, ਟੁੱਟੇ ਖੰਭ, ਮੁਸਾਫਰੀਆਂ, ਸਹਜ ਸੇਤੀ, ਵਖਰਾ ਵਖਰਾ ਕਤਰਾ, ਕਾਵਿ ਸੁਨੇਹੇ।

***ਕਹਾਣੀਆਂ:***-ਸਸਤਾ ਤਮਾਸ਼ਾ, ਵੱਖਰੀ ਦੁਨੀਆਂ, ਆਲ੍ਹਣੇ ਦੇ ਬੋਟ, ਕੰਧਾਂ ਬੋਲ ਪਈਆਂ, ਅੱਲਾ ਵਾਲੇ, ਸਭ ਅੱਛਾ, ਗੁਟਾਰ, ਉਰਵਾਰ ਪਾਰ।

***ਪੁਸਤਕਾਂ:***-ਬਾਗੀ ਜਰਨੈਲ, ਗਾਂਧੀ ਗੀਤਾ, ਨੇਤਾ ਜੀ ਸੁਭਾਸ਼ ਚੰਦਰ ਬੋਸ, ਵੀਹਵੀਂ ਸਦੀ ਦੇ ਸ਼ਹੀਦ, ਵੇਖਿਆ ਸੁਣਿਆ ਗਾਂਧੀ ਤੇ ਜਵਾਹਰ ਲਾਲ।

ਆਪ ੧੮ ਜਨਵਰੀ ੧੯੭੬ ਈ: ਨੂੰ ਅਚਾਨਕ ਸਦੀਵੀ ਵਿਛੋੜਾ ਦੇ ਗਏ।

# ਜਥੇਦਾਰ ਮੋਹਨ ਸਿੰਘ ਜੀ 'ਨਾਗੋ ਕੇ'

(੧੯੩੫-੫੨ ਈ. ਤਕ)

ਆਪ ਦਾ ਜਨਮ ੨੫ ਦਸੰਬਰ, ੧੮੯੮ ਈ: ਨੂੰ ਜ਼ਿਲ੍ਹਾ ਅੰਮ੍ਰਿਤਸਰ ਦੀ ਤਹਿਸੀਲ ਤਰਨ ਤਾਰਨ ਦੇ ਕਸਬਾ ਖਡੂਰ ਸਾਹਿਬ ਦੇ ਨੇੜੇ ਪਿੰਡ ਨਾਗੋ ਕੇ ਵਿੱਚ ਹੋਇਆ। ਆਪ ਦੇ ਪਿਤਾ ਦਾ ਨਾਮ ਸ੍ਰ: ਟਹਿਲ ਸਿੰਘ ਜੀ ਅਤੇ ਮਾਤਾ ਦਾ ਨਾਮ ਗੰਗਾ ਦੇਵੀ ਜੀ ਸੀ। ਆਪ ਨੇ ਪ੍ਰਾਇਮਰੀ ਵਿੱਦਿਆ ਖਡੂਰ ਸਾਹਿਬ ਦੇ ਸਕੂਲ 'ਚੋਂ ਪਾਸ ਕੀਤੀ। ੧੯੧੫ ਈ: ਵਿੱਚ ਸ੍ਰੀ ਗੁਰੂ ਤੇਗ ਬਹਾਦਰ ਸਕੂਲ ਬਾਬਾ ਬਕਾਲਾ ਵਿਖੇ ਮਿਡਲ ਪਾਸ ਕੀਤੀ। ੧੯੧੮ ਈ: ਵਿੱਚ ਖਾਲਸਾ ਕਾਲਜੀਏਟ ਹਾਈ ਸਕੂਲ ਅੰਮ੍ਰਿਤਸਰ ਤੋਂ ਮੈਟ੍ਰਿਕ ਪਾਸ ਕੀਤੀ। ਆਪ ਸ੍ਰ. ਪ੍ਰਤਾਪ ਸਿੰਘ ਕੈਰੋਂ ਦੇ ਸਹਿਪਾਠੀ ਸਨ। ਦਸਵੀਂ ਜਮਾਤ ਪਾਸ ਕਰ ਲੈਣ ਤੋਂ ਬਾਅਦ ਉਸੇ ਸਾਲ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੇ ਦਫ਼ਤਰ ਵਿੱਚ ਕਲਰਕ ਭਰਤੀ ਹੋ ਗਏ। ਜਥੇਦਾਰ ਊਧਮ ਸਿੰਘ ਦੀ ਪ੍ਰੇਰਨਾ ਦਾ ਸਦਕਾ ਅਤੇ ੧੯੧੯ ਈ: ਵਿੱਚ ਜਲ੍ਹਿਆਂ ਵਾਲੇ ਬਾਗ ਦਾ ਖ਼ੂਨੀ ਸਾਕਾ ਅਤੇ ੧੯੨੧ ਈ: ਦੇ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਤੋਂ ਪ੍ਰਭਾਵਿਤ ਹੋ ਕੇ ਆਪ ਅਕਾਲੀ ਖਿਆਲਾਂ ਵੱਲ ਪ੍ਰੇਰਤ ਹੋ ਗਏ। ਆਪ ਅੰਮ੍ਰਿਤਧਾਰੀ ਹੋ ਕੇ ਪੰਥਕ ਸਰਗਰਮੀਆਂ ਵਿੱਚ ਹਿੱਸਾ ਲੈਣ ਲੱਗ ਪਏ। ਅੰਤ ੬ ਫਰਵਰੀ, ੧੯੨੪ ਈ: ਨੂੰ ਸਰਕਾਰੀ ਨੌਕਰੀ ਨੂੰ ਲੱਤ ਮਾਰ ਕੇ ਆਪ ੯ ਫਰਵਰੀ ਨੂੰ ਜੈਤੋ ਜਾਣ ਵਾਲੇ ਪਹਿਲੇ ਸ਼ਹੀਦੀ ਜੱਥੇ ਵਿਚ ਸ਼ਾਮਲ ਹੋ ਗਏ। ਅੰਗਰੇਜ਼ ਸਰਕਾਰ ਵਲੋਂ ੨੧ ਫਰਵਰੀ ਨੂੰ ਜੈਤੋ ਪੁੱਜੇ ਜੱਥੇ ਉਪਰ ਮਸ਼ੀਨ ਗੰਨਾਂ ਨਾਲ ਗੋਲੀਆਂ ਚਲਾਈਆਂ ਗਈਆਂ। ਕੁਝ ਸਿੰਘ ਸ਼ਹੀਦ ਹੋ ਗਏ ਤੇ ਆਪ ਦੇ ਸੱਜੇ ਪੱਟ ਵਿਚ ਗੋਲੀ ਲੱਗੀ। ਜ਼ਖਮੀ ਹਾਲਤ ਵਿਚ ਹਸਪਤਾਲ ਦਾਖਲ ਹੋ ਗਏ। ਰਾਜ਼ੀ ਹੋਣ ਤੋਂ ਬਾਅਦ ੧੦ ਅਪ੍ਰੈਲ, ੧੯੨੪ ਈ: ਨੂੰ ਚੌਥੇ ਸ਼ਹੀਦੀ ਜੱਥੇ ਵਿੱਚ ਸ਼ਾਮਲ ਹੋ ਕੇ ਜੈਤੋਂ ਵਿਖੇ ਗ੍ਰਿਫ਼ਤਾਰੀ ਦਿੱਤੀ। ਸਵਾ ਸਾਲ ਨਾਭਾ ਤੇ ਬਾਵਲ ਕਾਂਟੀ ਦੀਆਂ ਜੇਲ੍ਹਾਂ ਵਿੱਚ ਸਜ਼ਾ ਭੁਗਤੀ। ੨੭ ਜੁਲਾਈ, ੧੯੨੫ ਨੂੰ ਰਿਹਾ ਹੋ ਕੇ ਆਏ।

੧੯੨੬ ਈ: ਵਿਚ ਗੁਰਦੁਆਰਾ ਪ੍ਰਬੰਧ ਪੰਥਕ ਹੱਥਾਂ ਵਿਚ ਆ ਜਾਣ ਕਰਕੇ ਆਪ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਪਹਿਲਾਂ ਕਲਰਕ ਤੇ ਮੁਖਤਾਰੇ ਆਮ ਤੇ ਫਿਰ ਸੁਪ੍ਰੰਟੈਂਡੰਟ ਦੀ ਪਦਵੀ 'ਤੇ ਸੇਵਾ ਨਿਭਾਈ। ੧੨ ਮਾਰਚ ੧੯੩੦ ਈ: ਵਿੱਚ ਸੁਪ੍ਰੰਟੈਂਡੰਟ ਦੀ ਪਦਵੀਂ ਤੋਂ ਛੁੱਟੀ ਲੈ ਕੇ ਕਾਂਗਰਸ ਵਲੋਂ ਚਲਾਈ ਗਈ ਵਿਦੇਸ਼ੀ ਚੀਜ਼ਾਂ ਦੇ ਬਾਈਕਾਟ ਦੀ ਲਹਿਰ ਵਿੱਚ ਸਤਿਆਗ੍ਰਹਿ ਕਰਕੇ ਲਾਹੌਰ ਗ੍ਰਿਫ਼ਤਾਰ ਹੋਏ ਅਤੇ ਤਿੰਨ ਮਹੀਨੇ ਅਟਕ ਅਤੇ ਬੋਰਸਟਲ ਜੇਲ੍ਹ ਵਿੱਚ ਕੈਦ ਕੱਟੀ।

੧੯੩੧ ਈ: ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਦਰ ਤਕੜੀ ਧੜੇਬੰਦੀ ਹੋਣ ਦੇ ਬਾਵਜੂਦ ਦੋਹਾਂ ਧੜਿਆਂ ਨੇ ਆਪ ਜੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਮੀਤ ਜੱਥੇਦਾਰ ਨਿਯੁਕਤ ਕਰ ਦਿੱਤਾ। ਉਸ ਸਮੇਂ ਗਿਆਨੀ ਗੁਰਮੁਖ ਸਿੰਘ ਜੀ 'ਮੁਸਾਫ਼ਰ' ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਨ। ੧੯੩੫ ਈ: ਨੂੰ ਸਰਬ ਸੰਮਤੀ ਨਾਲ ਆਪ ਜੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਥਾਪਿਆ ਗਿਆ। ਆਪ ਨੇ ਇਸ ਪਦਵੀ ਉਪਰ ੧੯੫੨ ਈ: ਤਕ ਪੂਰੇ ੧੭ ਸਾਲ ਬੜੀ ਯੋਗਤਾ ਨਾਲ ਸੇਵਾ ਨਿਭਾਈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸ਼੍ਰੋਮਣੀ ਕਮੇਟੀ ਦੇ ਹੁਣ ਤਕ ਦੇ ਜੱਥੇਦਾਰਾਂ ਵਿੱਚੋਂ ਇਸ ਪਦਵੀ 'ਤੇ ਰਹਿ ਕੇ ਸੇਵਾ ਕਰਨ ਦਾ ਆਪ ਦਾ ਸਮਾਂ ਸਭ ਤੋਂ ਵੱਧ ਹੈ। ੧੯੩੭ ਈ: ਵਿੱਚ ਸਰਕਾਰ ਨੇ ਸਿੱਖਾਂ 'ਤੇ ਵੱਡੀ ਕ੍ਰਿਪਾਨ ਪਹਿਨਣ ਅਤੇ ਲੈ ਕੇ ਤੁਰਨ ਉਪਰ ਪਾਬੰਦੀ ਲਗਾ ਦਿੱਤੀ। ਇਸ ਪਾਬੰਦੀ ਨੂੰ ਤੋੜਨ ਲਈ ਲਾਏ ਗਏ ਮੋਰਚੇ ਵਿਚ ੧੦੦ ਸਿੰਘਾਂ ਦੇ ਪਹਿਲੇ ਜੱਥੇ ਦੀ ਅਗਵਾਈ ਆਪ ਨੇ ਬਤੌਰ ਜਥੇਦਾਰ ਕੀਤੀ। ਨਤੀਜੇ ਵਜੋਂ ਮੋਰਚਾ ਫਤਹਿ ਹੋ ਗਿਆ ਤੇ ਸਿੱਖਾਂ ਨੂੰ ਵੱਡੀ ਕ੍ਰਿਪਾਨ ਪਹਿਨਣ ਤੇ ਲੈ ਕੇ ਚੱਲਣ ਦੀ ਖੁੱਲ੍ਹ ਮਿਲ ਗਈ।

੩੦ ਦਸੰਬਰ, ੧੯੩੨ ਈ: ਨੂੰ ਜਥੇਦਾਰ ਮੋਹਨ ਸਿੰਘ ਜੀ ਨੇ ਬਾਗ ਅਕਾਲੀਆਂ ਵਿਖੇ ਅਕਾਲੀ ਮਾਰਕੀਟ ਦੀ ਨੀਂਹ ਰੱਖੀ। ੬੪ ਦੁਕਾਨਾਂ 'ਤੇ ਉਪਰ ਰਿਹਾਇਸ਼ੀ ਕਮਰੇ ਬਣਵਾਏ। ੧੯੩੮-੪੦ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਿਛਲੇ ਪਾਸੇ ਸ਼ਹੀਦ ਮਾਰਕੀਟ ਦੀ ਉਸਾਰੀ ਕਰਵਾਈ ਅਤੇ ਸੇਵਾਦਾਰਾਂ ਲਈ ਕੁਆਟਰ ਤਿਆਰ ਕਰਵਾਏ। ਜਿਸ ਦੇ ਸਿੱਟੇ ਵਜੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਆਮਦਨ ਵਿੱਚ ਭਾਰੀ ਵਾਧਾ ਹੋਇਆ। ਜਦ ਜੱਥੇਦਾਰ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਚਾਰਜ ਲਿਆ, ਉਸ ਵੇਲੇ ਕਿਰਾਏ ਦੀ ਆਮਦਨ ੪ ਹਜ਼ਾਰ ਰੁਪਏ ਸੀ ਪਰ ਜਦ ਚਾਰਜ ਦਿੱਤਾ ਤਾਂ ਕਿਰਾਇਆ ੪੮ ਹਜ਼ਾਰ ਰੁਪਏ ਮਾਸਕ ਸੀ।

ਸਿੱਖ ਰਹਿਤ ਮਰਯਾਦਾ ਦਾ ਖਰੜਾ ਤਿਆਰ ਕਰਵਾਉਣ ਵਿੱਚ ਵੀ ਜਥੇਦਾਰ ਜੀ ਦਾ ਹੀ ਸਭ ਤੋਂ ਵੱਧ ਯੋਗਦਾਨ ਹੈ। ਸਾਰੀਆਂ ਸਿੱਖ ਸੰਪ੍ਰਦਾਵਾਂ ਅਤੇ ਹੋਰ ਧਾਰਮਿਕ ਵਿਦਵਾਨਾਂ ਦੀਆਂ ਇਕਤ੍ਰਤਾਵਾਂ ਕਰਵਾਈਆਂ। ਖਰੜੇ ਦੀ ਸੋਧ ਸੁਧਾਈ ਤੋਂ ਬਾਅਦ ਉਸ ਨੂੰ ੧੯੩੪ ਈ: ਵਿੱਚ ਸ਼੍ਰੋਮਣੀ ਕਮੇਟੀ ਦੀ ਧਾਰਮਿਕ ਸਲਾਹਕਾਰ ਕਮੇਟੀ ਪਾਸੋਂ ਪਾਸ ਕਰਵਾ ਕੇ ਸ਼੍ਰੋਮਣੀ ਕਮੇਟੀ ਵਲੋਂ ਪ੍ਰਵਾਨ ਕਰਵਾਇਆ। ਇਹ ਸਿੱਖ ਰਹਿਤ ਮਰਯਾਦਾ ਜੱਥੇਦਾਰ ਜੀ ਦੀ ਮਹਾਨ ਦੇਣ ਹੈ। ੧੯੪੪ ਈ: ਵਿੱਚ ਮਹਾਰਾਜ ਜਗਜੀਤ ਸਿੰਘ ਕਪੂਰਥਲਾ ਦੇ ਪੋਤਰੇ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ।

੧੯੪੪ ਈ: ਵਿੱਚ ਆਪ ਜੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਹੁੰਦਿਆਂ ਸਰਬ ਸੰਮਤੀ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਚੁਣ ਲਿਆ ਗਿਆ ਤੇ ਆਪ ਇਸ ਪਦਵੀ ਉਪਰ ਪੂਰੇ ੪ ਸਾਲ ੧੯੪੮ ਈ: ਤਕ ਰਹੇ। ਇਹ ਜਥੇਦਾਰ ਮੋਹਨ ਸਿੰਘ ਜੀ ਲਈ ਬੜੀ ਵੱਡੇ ਮਾਣ ਵਾਲੀ ਗੱਲ ਹੈ ਕਿ ਉਨ੍ਹਾਂ ਨੇ ਇਕੋ ਸਮੇਂ ਪੰਥ ਦੀਆਂ ਦੋ ਮਹਾਨ ਸਤਿਕਾਰ ਯੋਗ ਸ਼ਕਤੀਸ਼ਾਲੀ ਪਦਵੀਆਂ ਉਪਰ ਬਿਰਾਜਮਾਨ ਹੋ ਕੇ ਪੂਰੀ ਯੋਗਤਾ ਨਾਲ ਸੇਵਾ ਨਿਭਾਈ। ਇਹ

ਮਾਣ ਹੁਣ ਤਕ ਆਪ ਤੋਂ ਬਿਨਾਂ ਕਿਸੇ ਹੋਰ ਸਿੱਖ ਨੇਤਾ ਦੇ ਹਿੱਸੇ ਨਹੀਂ ਆਇਆ।

੧੯੪੫ ਈ. ਵਿੱਚ ਪਹਿਲੇ ੧੯੨੫ ਈ: ਵਾਲੇ ਗੁਰਦੁਆਰਾ ਐਕਟ ਵਿੱਚ ਤਰਮੀਮ ਕਰਵਾ ਕੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ, ਸ੍ਰੀ ਨਨਕਾਣਾ ਸਾਹਿਬ, ਸ੍ਰੀ ਪੰਜਾ ਸਾਹਿਬ ਸ੍ਰੀ ਤਰਨ ਤਾਰਨ ਸਾਹਿਬ, ਸ੍ਰੀ ਮੁਕਤਸਰ ਸਾਹਿਬ ਆਦਿ ਦਫ਼ਾ ੮੫ ਦੇ ਗੁਰਦੁਆਰਿਆਂ ਦੀਆਂ ਕਮੇਟੀਆਂ ਤੋੜ ਕੇ ਉਨ੍ਹਾਂ ਦਾ ਪ੍ਰਬੰਧ ਸਿੱਧਾ ਸ਼੍ਰੋਮਣੀ ਕਮੇਟੀ ਨੂੰ ਸੌਂਪ ਦਿੱਤਾ। ਇਸ ਨਾਲ ਜਿੱਥੇ ਸ਼੍ਰੋਮਣੀ ਕਮੇਟੀ ਦੇ ਅਧਿਕਾਰਾਂ ਵਿੱਚ ਵਾਧਾ ਹੋਇਆ, ਉਥੇ ਸ਼੍ਰੋਮਣੀ ਕਮੇਟੀ ਮਾਇਕ ਪੱਖੋਂ ਵੀ ਮਜ਼ਬੂਤ ਹੋ ਗਈ। ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਸਮੇਂ ਗੁਰਦੁਆਰਾ ਪ੍ਰਬੰਧ ਸੁਚਾਰੂ ਢੰਗ ਨਾਲ ਚਲਾਉਣ ਲਈ ਜਥੇਦਾਰ ਜੀ ਨੇ ਬੜੀਆਂ ਘਾਲਾਂ ਘਾਲੀਆਂ ਜਿਵੇਂ ਕਿ ਸ੍ਰੀ ਅੰਮ੍ਰਿਤਸਰ ਸਰੋਵਰ ਦੀ ਪ੍ਰਕਰਮਾ ਚੌੜੀ ਕਰਨ ਸਮੇਂ ਪ੍ਰਕਰਮਾ ਦੇ ਬਾਹਰ-ਵਾਰ ਦੇ ਸਾਰੇ ਬੁੰਗੇ ਖਰੀਦ ਕੇ ਉਨ੍ਹਾਂ ਨੂੰ ਢਾਹ ਕੇ ਪ੍ਰਕਰਮਾ ੫੦ ਫੁੱਟ ਚੌੜੀ ਕੀਤੀ। ਪ੍ਰਕਰਮਾ ਦੇ ਬਾਹਰ-ਵਾਰ ੧੦ ਫੁੱਟ ਚੌੜਾ ਬਰਾਂਡਾ, ਉਸ ਦੇ ਪਿਛੇ ੩੦ ਫੁੱਟ ਮੁਰੱਬੇ ਦੇ ਯਾਤਰੂਆਂ ਹਿਤ ਕਮਰੇ, ਉਤਰ ਦੱਖਣ ਤੇ ਪੂਰਬ ਦਿਸ਼ਾ ਵਿੱਚ ਘੰਟਾ ਘਰ ਡਿਉਢੀਆਂ, ਕਮਰਿਆਂ ਉਪਰ ਬਾਹਰ ਵੱਲ ਨੂੰ ਦੁਕਾਨਾਂ, ਉਨ੍ਹਾਂ ਉਪਰ ਰਿਹਾਇਸ਼ੀ ਕਮਰੇ ਬਣਾਉਣ ਦੀ ਸਕੀਮ ਪਾਸ ਕਰਕੇ ਕਾਰਜ ਆਰੰਭ ਕਰਵਾਇਆ। ਇਹ ਵੀ ਜਥੇਦਾਰ ਜੀ ਦੀ ਅਮਰ ਯਾਦਗਾਰ ਰਹੇਗੀ। ਉਤਰੀ ਬਾਹੀ ਦੀ ਸੇਵਾ ਬਾਬਾ ਗੁਰਮੁਖ ਸਿੰਘ ਅਤੇ ਦੱਖਣੀ ਬਾਹੀ ਦੀ ਸੇਵਾ ਸੰਤ ਭੂਰੀ ਵਾਲਿਆਂ ਕਰਵਾਈ।

੧੯੪੫ ਈ: ਵਿੱਚ ਅਨੰਦਪੁਰ ਸਾਹਿਬ ਤੋਂ ਦਸਮ ਪਿਤਾ ਜੀ ਦਾ ਉਹ ਖੰਡਾ ਜਿਸ ਨਾਲ ਸਤਿਗੁਰਾਂ ਨੇ ਆਪਣੇ ਹੱਥੀਂ ਅੰਮ੍ਰਿਤ ਤਿਆਰ ਕਰਕੇ ਛਕਾਇਆ ਸੀ। ਅਲੀਗੜ੍ਹ, ਯੂ.ਪੀ ਵਿਖੇ ਭਾਰੀ ਅਕਾਲੀ ਕਾਨਫ੍ਰੰਸ ਸਮੇਂ ਉਸ ਖੰਡੇ ਦੇ ਸੰਗਤਾਂ ਨੂੰ ਦਰਸ਼ਨ ਕਰਵਾਏ ਅਤੇ ਉਸ ਖੰਡੇ ਨਾਲ ਪੰਜਾਂ ਪਿਆਰਿਆਂ ਨੇ ਅੰਮ੍ਰਿਤ ਤਿਆਰ ਕਰਕੇ ੫ ਲੱਖ ਸਿੱਖਾਂ ਨੂੰ ਛਕਾ ਕੇ ਸਿੰਘ ਸਜਾਇਆ। ਇਹ ਜੱਥੇਦਾਰ ਮੋਹਨ ਸਿੰਘ ਜੀ ਦੇ ਉਦਮ ਸਦਕਾ ਹੋਇਆ।

੧੯੪੬-੪੭ ਵਿੱਚ ਪਾਕਿਸਤਾਨ ਦੀ ਗੜਬੜ ਸਮੇਂ ਉਥੋਂ ਦੇ ਕੈਂਪਾਂ 'ਚ ਪੁੱਜ ਕੇ ਹਿੰਦੂ ਸਿੱਖ ਸ਼ਰਨਾਰਥੀਆਂ ਦੀ ਸੇਵਾ ਕੀਤੀ। ਭਾਰਤ 'ਚ ਆਏ ਰਿਫਿਊਜ਼ੀਆਂ ਨੂੰ ਵਸਾਉਣ ਵਿੱਚ ਭਾਰੀ ਮਦਦ ਕੀਤੀ। ਉਸ ਸਮੇਂ ਆਪ ਪੰਜਾਬ ਮੁੜ ਵਸਾਊ ਬੋਰਡ ਦੇ ਮੈਂਬਰ ਸਨ। ੧੯੪੯ ਈ: ਵਿੱਚ ਪਾਕਿਸਤਾਨ 'ਚੋਂ ਆਏ ਲੋਕਾਂ ਦੀਆਂ ਜ਼ਮੀਨਾਂ ਲਈ ਬਣਾਏ ਪੜਤਾਲੀਆ ਕਮਿਸ਼ਨ ਦੇ ਵੀ ਆਪ ਮੈਂਬਰ ਸਨ। ੧੯੪੯ ਈ: ਵਿੱਚ ਪੰਜਾਬੀਆਂ ਨੂੰ ਨਿਕੋਬਾਰ, ਅੰਡੇਮਾਨ ਟਾਪੂਆਂ ਵਿੱਚ ਵਸਾਉਣ ਲਈ ਬਣਾਏ ਗਏ ਬੋਰਡ ਦੇ ਆਪ ਚੇਅਰਮੈਨ ਸਨ।

੧੯੫੨ ਈ: ਵਿੱਚ ਜਥੇਦਾਰੀ ਤੋਂ ਅਸਤੀਫਾ ਦੇ ਕੇ ਤਰਨ ਤਾਰਨ ਦੇ ਹਲਕੇ ਤੋਂ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ। ਵਿਧਾਇਕ ਬਣ ਕੇ ਪੰਜਾਬੀਆਂ ਤੇ ਖਾਸ ਕਰਕੇ ਸਿੱਖਾਂ ਦੀ ਬਹੁਤ ਸੇਵਾ ਕੀਤੀ। ੧੯੫੯ ਈ: ਵਿੱਚ ਪੰਜਾਬ ਸੁਬਾਰਡੀਨੇਟ ਸਰਵਿਸਜ਼ ਬੋਰਡ ਦੇ ਮੈਂਬਰ ਚੁਣੇ ਗਏ ਜਿਸ ਵਿੱਚ ਰਹਿ ਕੇ ਬੇਅੰਤ ਗਰੀਬ ਤੇ ਲੋੜਵੰਦ ਬੱਚਿਆਂ ਨੂੰ ਸਰਕਾਰੀ ਸੇਵਾਵਾਂ ਵਿੱਚ ਲਿਆਂਦਾ।

੧੯੬੭ ਈ: ਦੀ ਵਿਧਾਨ ਸਭਾ ਚੋਣ ਸਮੇਂ ਆਪ ਖਡੂਰ ਸਾਹਿਬ ਦੇ ਹਲਕੇ ਤੋਂ ਚੁਣੇ ਗਏ। ਮੈਂਬਰ ਬਣ ਕੇ ਪੰਜਾਬੀਆਂ ਦੀ ਨਿੱਗਰ ਸੇਵਾ ਕੀਤੀ।

***ਹੋਰ ਗੁਰਦੁਆਰਿਆਂ ਦੀ ਸੇਵਾ-*** ਸ੍ਰੀ ਗੁਰੂ ਅੰਗਦ ਦੇਵ ਜੀ ਦਾ ਜਨਮ ਅਸਥਾਨ ਗੁਰਦੁਆਰਾ ਮੱਤੇ ਦੀ ਸਰਾਂ, ਗੁਰਦੁਆਰਾ ਟਿੱਬੀ ਸਾਹਿਬ ਜੈਤੋ ਦੇ ਕੁਆਟਰ ਬਣਾਏ ਤੇ ਸ਼ਹੀਦਾਂ ਦੇ ਨਾਂਵਾਂ ਦੀ ਸਿਲ ਲਗਵਾਈ। ਬੁੰਗਾ ਦਮਦਮੀਆਂ ਮੁਕਤਸਰ ਦਾ ਪ੍ਰਬੰਧ ਕਮੇਟੀ ਨੂੰ ਲੈ ਕੇ ਦਿੱਤਾ। ਖਡੂਰ ਸਾਹਿਬ ਵਿੱਚ ਗੁਰੂ ਅੰਗਦ ਦੇਵ ਹਾਈ ਸਕੂਲ ਕਾਇਮ ਕੀਤਾ ਜਿਸ ਦੀ ਕਮੇਟੀ ਦੇ ਆਪ ਪ੍ਰਧਾਨ ਸਨ।

ਧਰਮ ਪ੍ਰਚਾਰ ਦੇ ਸੰਬੰਧ ਵਿਚ ਆਪ ਜੀ ਜੱਥੇਦਾਰੀ ਅਤੇ ਪ੍ਰਧਾਨਗੀ ਸਮੇਂ ਦਾਸ ਨੂੰ ਮੋਗੇ ਮੱਦੋ ਕੇ ਅਜੀਤਵਾਲ ਆਦਿ ਸਥਾਨਾਂ 'ਤੇ ਧਾਰਮਿਕ ਸਮਾਗਮਾਂ ਸਮੇਂ ਮਿਲਦੇ ਰਹੇ। ੧੯੬੪ ਈ: ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦਫ਼ਤਰ ਵਿਚ ਪੁੱਜੇ, ਦਾਸ ਉਸ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦਾ ਜੱਥੇਦਾਰ ਸੀ। ਆਪ ਨਾਲ ਧਾਰਮਿਕ ਤੇ ਪੰਥਕ ਮਸਲਿਆਂ ਬਾਰੇ ਵਿਚਾਰ ਵਟਾਂਦਰਾ ਕੀਤਾ।

ਆਪ ਉੱਜਲ ਦੀਦਾਰੀ, ਨਿਤਨੇਮੀ, ਨੇਕ, ਈਮਾਨਦਾਰੀ ਤੇ ਤਜਰਬੇਕਾਰ ਸਕੁਸ਼ਲ ਪ੍ਰਸ਼ਾਸਕ ਤੇ ਸਕੀਮਰ ਸਨ। ਆਪ ਬਹੁਤ ਹੀ ਹਰਮਨ ਪਿਆਰੀ ਸਖਸ਼ੀਅਤ ਸਨ। ਆਪ ਪੰਥ ਦਰਦੀ ਤੇ ਪੰਥ ਦੀ ਚੜ੍ਹਦੀ ਕਲਾ ਲਈ ਸੋਚਦੇ ਸਨ। ਉਲਝੇ ਮਸਲੇ ਸੁਲਝਾਉਣ ਵਾਲੇ ਧਾਰਮਿਕ ਤੇ ਸਿਆਸੀ ਨੇਤਾ ਸਨ ਜਿਨ੍ਹਾਂ ਦੇ ਕੀਤੇ ਕੰਮ ਸਿੱਖ ਇਤਿਹਾਸ ਵਿੱਚ ਸਦਾ ਯਾਦ ਰਹਿਣਗੇ। ਆਪ ਪੰਥ ਦੀਆਂ ਮਹਾਨ ਧਾਰਮਿਕ ਤੇ ਸਿਆਸੀ ਹਸਤੀਆਂ ਵਿਚੋਂ ਇਕ ਸਨ।

ਆਪ ਕੁਝ ਸਮਾਂ ਬੀਮਾਰ ਰਹਿ ਕੇ ੩ ਮਾਰਚ ੧੯੬੯ ਈ: ਨੂੰ ਪਰਿਵਾਰ, ਸੰਬੰਧੀਆਂ ਅਤੇ ਪੰਥ ਨੂੰ ਸਦੀਵੀ ਵਿਛੋੜਾ ਦੇ ਕੇ ਗੁਰੂ ਚਰਣਾਂ ਵਿਚ ਜਾ ਬਿਰਾਜੇ। ਆਪ ਸਫਲ ਗ੍ਰਹਿਸਤੀ ਸਨ। ਆਪ ਦੇ ਦੋ ਲੜਕੇ ਤੇ ਚਾਰ ਲੜਕੀਆਂ ਸਨ। ਇਕ ਲੜਕਾ ਸ੍ਰ: ਫੂਲਾ ਸਿੰਘ ਸਰਕਾਰੀ ਅਫਸਰ ਹੈ ਤੇ ਲੜਕੀ ਜਸਵੰਤ ਕੌਰ ਖਡੂਰ ਸਾਹਿਬ ਦੇ ਹਲਕੇ ਤੋਂ ਵਿਧਾਨ ਸਭਾ ਦੀ ਮੈਂਬਰ ਰਹੀ ਹੈ।

# ਜਥੇਦਾਰ ਗਿਆਨੀ ਪ੍ਰਤਾਪ ਸਿੰਘ ਜੀ

ਆਪ ਦਾ ਜਨਮ ਪਿੰਡ ਨਾਰਾ, ਤਹਿਸੀਲ ਕਹੂਟਾ, ਜ਼ਿਲਾ ਰਾਵਲਪਿੰਡੀ ਵਿਖੇ ੨ ਜਨਵਰੀ, ੧੯੦੪ ਈ: ਨੂੰ ਹੋਇਆ। ਪਿਤਾ ਦਾ ਨਾਮ ਸ੍ਰ: ਮੱਖਣ ਸਿੰਘ ਜੀ ਅਤੇ ਮਾਤਾ ਜੀ ਦਾ ਨਾਮ ਮਥੁਰਾ ਦੇਵੀ ਜੀ ਸੀ। ਆਪਣੇ ਪਿੰਡ ਦੇ ਸਕੂਲ ਵਿੱਚ ਪ੍ਰਾਇਮਰੀ ਪਾਸ ਕਰ ਲਈ ਅਤੇ ਬਿਸ਼ਨ ਦੌਰ ਪਿੰਡ ਵਿਖੇ ੧੯੧੭-੧੯੧੮ ਵਿੱਚ ਮਿਡਲ ਪਾਸ ਕੀਤੀ। ਉਨ੍ਹਾਂ ਹੀ ਦਿਨਾਂ ਵਿੱਚ ਪੰਥ ਦੀ ਮਹਾਨ ਹਸਤੀ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੇ ਜੱਥੇ ਪਾਸੋਂ ਅੰਮ੍ਰਿਤਪਾਨ ਕਰਕੇ ਸਿੰਘ ਸਜ ਗਏ। ਪਿਤਾ ਜੀ ਕੱਟੜ ਸਿੰਘ ਸਭੀਏ ਤੇ ਧਾਰਮਿਕ ਵਿਦਿਆ ਦੇ ਗਿਆਤਾ ਸਨ, ਜਿਸ ਕਰਕੇ ਗੁਰਮਤਿ, ਗੁਰਬਾਣੀ ਤੇ ਗੁਰ ਇਤਿਹਾਸ ਦਾ ਬੋਧ ਆਪ ਜੀ ਨੂੰ ਵਿਰਸੇ ਵਿੱਚ ਹੀ ਮਿਲ ਗਿਆ। ਜਿਸ ਦੇ ਫਲਸਰੂਪ ੧੯੨੩ ਈ: ਵਿਚ ਖਾਲਸਾ ਉਪਦੇਸ਼ਕ ਕਾਲਜ (ਖ਼ਾਲਸਾ ਯਤੀਮਖਾਨਾ) ਘਰਜਾਖ ਜ਼ਿਲਾ ਗੁੱਜਰਾਂ ਵਾਲਾ (ਪਾਕਿਸਤਾਨ) ਤੋਂ ਪੰਜਾਬੀ ਗਿਆਨੀ ਦਾ ਇਮਤਿਹਾਨ ਪਾਸ ਕਰ ਲਿਆ। ਪੰਜਾਬ ਭਰ 'ਚੋਂ ਸੈਕੰਡ ਆਏ। ਅੱਗੋਂ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਦਸਵੀਂ ਜਮਾਤ ਪਾਸ ਕੀਤੀ। ਫਰਵਰੀ, ੧੯੨੧ ਈ: ਨੂੰ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਦੀ ਖ਼ਬਰ ਸੁਣ ਕੇ ਗਿਆਨੀ ਜੀ ਖੁਦ ਆਪ ਉਥੇ ਅੱਪੜੇ। ਅਗਸਤ, ੧੯੨੨ ਈ: ਨੂੰ ਚਾਬੀਆਂ ਦੇ ਮੋਰਚੇ ਵਿੱਚ ਗ੍ਰਿਫ਼ਤਾਰ ਹੋ ਕੇ ਜੇਲ੍ਹ ਯਾਤਰਾ ਕੀਤੀ।

੧੯੨੩ ਈ: ਵਿਚ ਭਾਈ ਲਾਭ ਸਿੰਘ ਜੀ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਦੀ ਸਿਫਾਰਿਸ਼ 'ਤੇ ਸ੍ਰ: ਮਹਿਤਾਬ ਸਿੰਘ ਜੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ੫੦/- ਰੁਪਏ ਮਾਂਹਵਾਰ 'ਤੇ ਆਪ ਜੀ ਨੂੰ ਪ੍ਰਚਾਰਕ ਨਿਯੁਕਤ ਕਰ ਦਿੱਤਾ। ੧੭ ਜੂਨ, ੧੯੨੩ ਈ: ਦੀ ਅੰਮ੍ਰਿਤਸਰ ਸਰੋਵਰ ਦੀ ਕਾਰ ਸੇਵਾ ਸਮੇਂ ਖੁਦ ਸੇਵਾ ਕਰਕੇ ਭਰਪੂਰ ਹਿੱਸਾ ਪਾਇਆ। ਇਸੇ ਹੀ ਸਾਲ ਆਜ਼ਾਦੀ ਦੀ ਲਹਿਰ ਵਿਚ ਆਪ ਗ੍ਰਿਫਤਾਰ ਹੋਏ ਤੇ ਡੇਢ ਸਾਲ ਸਰਗੋਧੇ ਜੇਲ੍ਹ ਵਿੱਚ ਰਹੇ। ਉਥੋਂ ਮੁਲਤਾਨ ਜੇਲ੍ਹ ਚਲੇ ਗਏ। ੧੯੨੫ ਈ: ਵਿੱਚ ਜੇਲ੍ਹ ਤੋਂ ਰਿਹਾ ਹੋ ਕੇ ਆਏ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਿਰਪਾਉ ਦੀ ਬਖਸ਼ਿਸ਼ ਪ੍ਰਾਪਤ ਕੀਤੀ।

੧੯੨੯ ਈ: ਵਿੱਚ ਪਿੰਡ ਥੋਹਾ ਖਾਲਸਾ ਦੇ ਵਸਨੀਕ ਭਾਈ ਮੰਗਲ ਸਿੰਘ ਜੀ ਦੀ ਸਪੁੱਤਰੀ ਬੀਬੀ ਸ਼ਾਂਤ ਕੌਰ ਨਾਲ ਆਪ ਦਾ ਅਨੰਦ ਕਾਰਜ ਹੋਇਆ।

੧੯੩੫ ਈ: ਦੇ ਸ਼ਹੀਦ ਗੰਜ ਲਾਹੌਰ ਅਤੇ ੧੯੩੬ ਈ: ਵਿੱਚ ਲੱਗੇ ਕ੍ਰਿਪਾਨ ਦੇ ਮੋਰਚੇ ਸਮੇਂ ਇਨ੍ਹਾਂ ਮੋਰਚਿਆਂ ਸੰਬੰਧੀ ਪ੍ਰਚਾਰ ਕਰਨ ਹਿੱਤ ਗਿਆਨੀ ਜੀ ਦੂਰ-ਦੂਰ ਤਕ ਗਏ।

੧੯ ਦਸੰਬਰ, ੧੯੩੭ ਈ: ਵਿਚ ਆਪ ਜੀ ਸ਼੍ਰੋਮਣੀ ਕਮੇਟੀ ਵਲੋਂ ਸ੍ਰੀ ਅਕਾਲ ਤਖ਼ਤ

ਸਾਹਿਬ ਦੇ ਮੀਤ ਜਥੇਦਾਰ ਥਾਪੇ ਗਏ। ਆਪ ਨੇ ੧੯੪੮ ਈ: ਤਕ ਦਸ ਸਾਲ ਇਹ ਸੇਵਾ ਪੂਰੀ ਯੋਗਤਾ ਨਾਲ ਨਿਭਾਈ।

ਸ਼੍ਰੋਮਣੀ ਕਮੇਟੀ ਵਲੋਂ ਚਲਾਏ ਜਾ ਰਹੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਵਿੱਚ (੧੯੪੧-੧੯੪੨) ਦੋ ਸਾਲ ਤਕ ਬਤੌਰ ਪ੍ਰੋਫੈਸਰ ਵਿਦਿਆਰਥੀਆਂ ਨੂੰ ਧਾਰਮਿਕ ਵਿਦਿਆ ਪੜ੍ਹਾਉਂਦੇ ਰਹੇ। ਉਸ ਸਮੇਂ ਕਾਲਜ ਦੇ ਪ੍ਰਿੰਸੀਪਲ ਗੰਗਾ ਸਿੰਘ ਜੀ ਸਨ। ੨੭ ਮਾਰਚ, ੧੯੪੪ ਈ: ਨੂੰ ਗ੍ਰਿਫ਼ਤਾਰ ਹੋ ਕੇ ਜੂਨ, ੧੯੪੪ ਨੂੰ ਰਿਹਾ ਹੋਏ।

ਜੁਲਾਈ, ੧੯੪੮ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਦੇ ਜਥੇਦਾਰ ਥਾਪੇ ਗਏ। ੧੯੫੨ ਈ: ਵਿੱਚ ਆਪ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਥਾਪੇ ਗਏ। ੧੫ ਫਰਵਰੀ, ੧੯੫੫ ਨੂੰ ਜਥੇਦਾਰੀ ਤੋਂ ਅਸਤੀਫਾ ਦੇ ਦਿੱਤਾ। ਅਪ੍ਰੈਲ, ੧੯੫੬ ਤੋਂ ਗਿਆਨ-ਅੰਮ੍ਰਿਤ ਨਾਮ ਦਾ ਮਾਸਕ ਪੱਤਰ ਜਾਰੀ ਕੀਤਾ ਜੋ ੧੯੮੧ ਤਕ ਜਾਰੀ ਰਿਹਾ। ਬੀਮਾਰੀ ਦੇ ਕਾਰਨ ਬੰਦ ਕਰਨਾ ਪਿਆ। ਬਾਅਦ ਵਿਚ ਅਪ੍ਰੈਲ, ੧੯੮੨ ਤੋਂ ਡਾਕਟਰ ਮਾਨ ਸਿੰਘ ਜੀ ਨਿਰੰਕਾਰੀ ਦੀ ਸੰਪਾਦਨਾ ਹੇਠ ਕਾਮਯਾਬੀ ਨਾਲ ਚੱਲ ਰਿਹਾ ਹੈ।

੧੫ ਅਗਸਤ, ੧੯੭੨ ਨੂੰ ਭਾਰਤ ਸਰਕਾਰ ਵਲੋਂ ਆਪ ਜੀ ਨੂੰ ਸੁਤੰਤਰਤਾ ਸੰਗ੍ਰਾਮੀਏ ਵਜੋਂ ਤਾਮਰ-ਪੱਤਰ ਨਾਲ ਸਨਮਾਨਤ ਕੀਤਾ ਗਿਆ ਤੇ ਪੈਨਸ਼ਨ ਵੀ ਲਾਈ। ਅਪ੍ਰੈਲ ੧੯੮੧ ਵਿੱਚ ਭਾਸ਼ਾ ਵਿਭਾਗ ਪੰਜਾਬ ਵਲੋਂ ਆਪ ਨੂੰ ਸ਼੍ਰੋਮਣੀ ਪੱਤਰਕਾਰ ਦੇ ਰੂਪ ਵਿੱਚ ਸਨਮਾਨਿਆ ਗਿਆ। ਕੇਂਦਰੀ ਸਿੰਘ ਸਭਾ ਵਲੋਂ ਸਿੱਖੀ ਪ੍ਰਚਾਰ ਦੀ ਕਦਰ ਵਜੋਂ ਗੁਰਦੁਆਰਾ ਰਕਾਬ ਗੰਜ ਦਿੱਲੀ ਵਿਖੇ ਸਜੇ ਧਾਰਮਿਕ ਦੀਵਾਨ ਵਿੱਚ ੧੧੦੦/- ਰੁਪਏ ਤੇ ਸਿਰੋਪਾਉ ਬਖਸ਼ਿਸ਼ ਕੀਤਾ ਗਿਆ।

ਆਪ ਜਿਥੇ ਸਫਲ ਭਾਸ਼ਣਕਾਰ ਸਨ ਉਥੇ ਆਪ ਨੇ ਕਲਮ ਰਾਹੀਂ ਵੀ ਪੰਥ ਦੀ ਮਹਾਨ ਸੇਵਾ ਕੀਤੀ ਹੈ।*

## ਆਪ ਵੱਲੋਂ ਲਿਖੀਆਂ ਪੁਸਤਕਾਂ ਦਾ ਵੇਰਵਾ ਇਸ ਪ੍ਰਕਾਰ ਹੈ :

੧. ਜਾਤ-ਪਾਤ ਤੇ ਛੂਤ-ਛਾਤ ੧੯੩੩
੨. ਗੁਰਮਤਿ ਲੈਕਚਰ ੧੯੪੪
੩. ਇਤਿਹਾਸਕ ਲੈਕਚਰ ਦੋ ਭਾਗ ੧੯੪੫
੪. ਸਾਡਾ ਦੇਸ਼ ਤੇ ਉਸ ਦੀਆਂ ਸਮੱਸਿਆਵਾਂ ੧੯੪੫
੫. ਭਗਤ ਦਰਸ਼ਨ ੧੯੪੫
੬. ਗੁਰਮਤਿ ਫ਼ਿਲਾਸਫ਼ੀ ੧੯੪੬
੭. ਸੰਸਾਰ ਦਾ ਧਾਰਮਿਕ ਇਤਿਹਾਸ ੧੯੪੮
੮. ਕੁਦਰਤ ਦੇ ਚਮਤਕਾਰ ੧੯੪੭
੯. ਪਾਕਿਸਤਾਨੀ ਘਲੂਘਾਰਾ ੧੯੪੮
੧੦. ਅਕਾਲੀ ਲਹਿਰ ਦਾ ਇਤਿਹਾਸ ੧੯੬੮

੧੧. ਬਾਬਾ ਖੁਦਾ ਸਿੰਘ ਜੀ ੧੯੫੨
੧੨. ਬਾਬਾ ਬੀਰ ਸਿੰਘ ਨੌਰੰਗਾਬਾਦ ੧੯੫੨
੧੩. ਤਖ਼ਤਾਂ ਬਾਰੇ ਵਿਚਾਰ ੧੯੬੬
੧੪. ਨਕਲੀ ਨਿਰੰਕਾਰੀ ੧੯੬੭
੧੫. ਸ਼ਹੀਦ ਸ੍ਰ: ਦਰਸ਼ਨ ਸਿੰਘ ਫੇਰੂਮਾਨ ੧੯੬੮
੧੬. ਰਾਧਾ ਸੁਆਮੀ ਮੱਤ ਦਰਪਨ ੧੯੬੯
੧੭. ਗੁਰਬਾਣੀ ਇਸ ਜਗ ਮਹਿ ਚਾਨਣੁ ੧੯੭੫
੧੮. ਕੂਕਾ ਡੰਮ ੧੯੭੨
੧੯. ਮਹਾਂਬਲੀ ਗੋਬਿੰਦ ਸਿੰਘ ੧੯੭੪
੨੦. ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ ੧੯੭੫
੨੧. ਅਕਾਲੀ ਲਹਿਰ ਦੇ ਮਹਾਨ ਨੇਤਾ ੧੯੭੬
੨੨. ਅੰਮ੍ਰਿਤਸਰ ਸਿਫਤੀ ਦਾ ਘਰੁ ੧੯੭੭

ਆਜ਼ਾਦ ਭਾਰਤ ਵਿੱਚ ਜਿਥੇ ਹਰ ਇਕ ਵਿਅਕਤੀ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਲਈ ਲਿਖਣ ਤੇ ਬੋਲਣ ਦੀ ਆਜ਼ਾਦੀ ਹੈ। ਗਿਆਨੀ ਪ੍ਰਤਾਪ ਸਿੰਘ ਜੀ ਦੇ ਕਿਸੇ ਲੇਖ ਵਿੱਚ ਪ੍ਰਗਟਾਏ ਵਿਚਾਰਾਂ ਤੋਂ ਉਤੇਜਿਤ ਹੋ ਕੇ ੧੦ ਮਈ, ੧੯੮੪ ਈ: ਨੂੰ ਘਰ ਵਿਚ ਸ਼ਾਂਤ ਬੈਠਿਆ ਨੂੰ ਬੱਚਿਆਂ ਦੇ ਸਾਹਮਣੇ ਹੀ ਗੋਲੀਆਂ ਦਾ ਨਿਸ਼ਾਨਾ ਬਣਾ ਦਿੱਤਾ ਗਿਆ।

ਗਿਆਨੀ ਜੀ ੧੯੨੩ ਈ: ਤੋਂ ੧੯੫੫ ਈ: ਤਕ ਕਿਸੇ ਨਾ ਕਿਸੇ ਰੂਪ ਵਿੱਚ ਸ਼੍ਰੋਮਣੀ ਕਮੇਟੀ ਨਾਲ ਸੰਬੰਧਿਤ ਰਹੇ। ਧਰਮ ਪ੍ਰਚਾਰ ਵਿੱਚ ਉਨ੍ਹਾਂ ਨੂੰ ਪੂਰੀ ਲਗਨ ਸੀ।

ਉਹ ਸਫਲ ਵਕਤੇ ਤੇ ਸੁਘੜ ਲੇਖਕ ਸਨ। ਉਨ੍ਹਾਂ ਦੀ ਬਤੌਰ ਮੀਤ ਜਥੇਦਾਰ ਅਤੇ ਜਥੇਦਾਰ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਅਤੇ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਕੀਤੀ ਸੇਵਾ ਤੇ ਕਲਮੀ ਸੇਵਾ ਉਨ੍ਹਾਂ ਦੀਆਂ ਅਮਰ ਯਾਦਗਾਰਾਂ ਹਨ। ਜਥੇਦਾਰ ਗਿ: ਪ੍ਰਤਾਪ ਸਿੰਘ ਤੋਂ ਬਾਅਦ ੨੩-੫-੫੫ ਤੋਂ ੮-੧੧-੬੨ ਤਕ ਗਿਆਨੀ ਅੱਛਰ ਸਿੰਘ ਜੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਰਹੇ ਉਨ੍ਹਾਂ ਦਾ ਜ਼ਿਕਰ ਆ ਚੁੱਕਾ ਹੈ। ਉਨ੍ਹਾਂ ਤੋਂ ਬਾਅਦ ਜਥੇਦਾਰ ਮੋਹਨ ਸਿੰਘ ਜੀ ਤੁੜ ਨੂੰ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਥਾਪਿਆ ਗਿਆ। ਉਸ ਸਮੇਂ ਉਹ ਜੇਲ ਵਿੱਚ ਸਨ ਜਿਸ ਕਰਕੇ ਉਨ੍ਹਾਂ ਦੀ ਥਾਂ ਆਰਜ਼ੀ ਤੌਰ 'ਤੇ ਗਿ: ਚੇਤ ਸਿੰਘ ਜੀ ਇਹ ਸੇਵਾ ਨਿਭਾਉਂਦੇ ਰਹੇ। ਫਿਰ ੬-੫-੬੩ ਤੋਂ ੩੦-੩-੬੫ ਤਕ (ਦਾਸ) ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਦੀ ਡਿਊਟੀ ਦੇ ਨਾਲ-ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਫਰਜ਼ ਵੀ ਨਿਭਾਉਂਦਾ ਰਿਹਾ।

# ਜਥੇਦਾਰ ਸਾਧੂ ਸਿੰਘ ਜੀ 'ਭੌਰਾ'

ਆਪ ਦਾ ਜਨਮ ਸ: ਰਣ ਸਿੰਘ ਦੇ ਘਰ ਮਾਤਾ ਆਤਮਾ ਕੌਰ ਜੀ ਦੀ ਕੁੱਖੋਂ ੨੩-੬-੧੯੦੫ ਈ: ਨੂੰ ਚੱਕ ਨੰ: ੫੫੯ ਤਹਿਸੀਲ ਜੜ੍ਹਾਂ ਵਾਲਾ, ਜ਼ਿਲ੍ਹਾ ਲਾਇਲਪੁਰ (ਅੱਜ ਕੱਲ ਪਾਕਿਸਤਾਨ) ਵਿਖੇ ਹੋਇਆ। ਆਪ ਨੇ ਜੜ੍ਹਾਂ ਵਾਲਾ ਤੋਂ ਪ੍ਰਾਇਮਰੀ, ਚੱਕ ਨੰ: ੭ ਤੋਂ ਮਿਡਲ ਅਤੇ ਖਾਲਸਾ ਸਕੂਲ ਲਾਇਲਪੁਰ ਤੋਂ ਮੈਟ੍ਰਿਕ ਦੀ ਵਿਦਿਆ ਪ੍ਰਾਪਤ ਕੀਤੀ।

੧੯੨੩ ਈ: ਵਿੱਚ ਕੋਇਟੇ ਚਲੇ ਗਏ ਜਿੱਥੇ ਆਪ ਦੇ ਸੰਬੰਧੀ ਰਹਿੰਦੇ ਸਨ। ਉੱਥੇ ਚੰਗੇ ਘੋੜ ਸਵਾਰ ਬਣ ਗਏ। ਫਿਰ ਪੁਲਿਸ ਵਿੱਚ ਭਰਤੀ ਹੋ ਗਏ। ਅਕਾਲੀ ਲਹਿਰ ਦੇ ਪ੍ਰਭਾਵ ਕਰਕੇ ਸਰਕਾਰੀ ਨੌਕਰੀ ਛੱਡ ਕੇ ਪਿੰਡ ਆ ਗਏ ਤੇ ਨਵੀਨ ਢੰਗ ਦੀ ਖੇਤੀਬਾੜੀ ਕਰਦੇ ਰਹੇ। ਇਥੇ ਹੀ ਆਪ ਦੀ ਬੀਬੀ ਬਸੰਤ ਕੌਰ ਨਾਲ ਸ਼ਾਦੀ ਹੋ ਗਈ।

੧੯੨੮ ਈ: ਨੂੰ ਸ਼੍ਰੋਮਣੀ ਕਮੇਟੀ ਵਲੋਂ ਚਲਾਏ ਜਾ ਰਹੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਵਿਚ ਦਾਖਲ ਹੋ ਕੇ ਦੋ ਸਾਲ ਦਾ ਕੋਰਸ ਪਾਸ ਕੀਤਾ। ਉਸ ਸਮੇਂ ਸ: ਗੰਗਾ ਸਿੰਘ ਕਾਲਜ ਦੇ ਪ੍ਰਿੰਸੀਪਲ ਸਨ। ਨਾਲ-ਨਾਲ ਪ੍ਰਾਈਵੇਟ ਤੌਰ 'ਤੇ ਤਿਆਰੀ ਕਰਕੇ ਖਾਲਸਾ ਕਾਲਜ ਰਾਹੀਂ ਬੀ.ਏ. ਦੀ ਪਰੀਖਿਆ ਪਾਸ ਕੀਤੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਆਪ ਜੀ ਨੂੰ ਸਿੱਖ ਧਰਮ ਦੇ ਪ੍ਰਚਾਰ ਹਿੱਤ ਯੂ.ਪੀ. ਦੇ ਬੁਲੰਦ ਸ਼ਹਿਰ ਅਤੇ ਅਲੀਗੜ੍ਹ ਸਿੱਖ ਮਿਸ਼ਨ ਦੇ ਇੰਚਾਰਜ ਨਿਯੁਕਤ ਕੀਤਾ। ਇਨ੍ਹਾਂ ਦੇ ਕਾਰਜ ਕਾਲ ਵਿੱਚ ਹੀ ਇਨ੍ਹਾਂ ਦੀ ਪ੍ਰੇਰਨਾ ਤੇ ਸਹਿਯੋਗ ਨਾਲ ਅਲੀਗੜ੍ਹ ਵਿਖੇ ਭਾਰੀ ਅਕਾਲੀ ਕਾਨਫ੍ਰੰਸ ਤੋਂ ਬਾਅਦ ਉਸ ਇਲਾਕੇ ਦੇ ਲੱਖਾਂ ਪ੍ਰਾਣੀਆਂ ਨੂੰ ਇਕੋ ਦਿਨ ਅੰਮ੍ਰਿਤਪਾਨ ਕਰਵਾਇਆ। ਅਲੀਗੜ੍ਹ ਵਿਚ ਮੁਸਲਮਾਨਾਂ ਦਾ ਜ਼ੋਰ ਹੋਣ ਕਰਕੇ ਉਹ ਹਿੰਦੂਆਂ ਨੂੰ ਰਾਮ ਲੀਲਾ ਦਾ ਜਲੂਸ ਨਹੀਂ ਸਨ ਕੱਢਣ ਦੇਂਦੇ। ਜਥੇਦਾਰ ਜੀ ਨੇ ਆਪਣੇ ਨਾਲ ਯੂ.ਪੀ ਦੇ ਅੰਮ੍ਰਿਤਧਾਰੀ ਸਿੰਘ ਲੈ ਕੇ ਜਲੂਸ ਦੀ ਖੁਦ ਅਗਵਾਈ ਕੀਤੀ ਤਾਂ ਪਹਿਲੀ ਵਾਰ ਹਿੰਦੂਆਂ ਨਾਲ ਮਿਲ ਕੇ ਰਾਮ ਲੀਲਾ ਸੰਬੰਧੀ ਜਲੂਸ ਕੱਢਿਆ। ਉਸ ਦਿਨ ਤੋਂ ਯੂ.ਪੀ. ਦੇ ਹਿੰਦੂ ਜਥੇਦਾਰ ਜੀ ਦਾ ਬਹੁਤ ਮਾਣ-ਸਨਮਾਨ ਕਰਨ ਲੱਗੇ। ਕਈਆਂ ਨੇ ਅੰਮ੍ਰਿਤ ਛਕਿਆ। ਸਰਕਾਰ ਵਲੋਂ ਕ੍ਰਿਪਾਨ 'ਤੇ ਲਾਈ ਪਾਬੰਦੀ ਤੋੜ ਕੇ ਗ੍ਰਿਫ਼ਤਾਰੀ ਦਿੱਤੀ ਤੇ ਜੇਲ੍ਹ ਯਾਤਰਾ ਕੀਤੀ।

੧੯੫੫ ਈ: ਤੋਂ ੧੯੬੦ ਈ: ਤਕ ਜਥੇਦਾਰ ਜੀ ਪੂਰੇ ਪੰਜ ਸਾਲ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਰਹੇ ਜਦੋਂ ਕਿ ਮਾਸਟਰ ਤਾਰਾ ਸਿੰਘ ਜੀ ਪ੍ਰਧਾਨ ਸਨ। ੧੯੬੦ ਈ: ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਸਮੇਂ ਆਪ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ਉਪਰ ਸ਼੍ਰੋਮਣੀ ਕਮੇਟੀ ਦੇ ਮੈਂਬਰ ਚੁਣੇ ਗਏ ਜੋ ੧੯੬੫ ਈ: ਤਕ ਰਹੇ। ੧੯੬੦ ਈ: ਤੋਂ ੧੯੬੪

ਈ: ਤਕ ਪੂਰੇ ੪ ਸਾਲ ਆਪ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਦੇ ਜਥੇਦਾਰ ਵੀ ਰਹੇ। ਮਈ ੧੯੬੫ ਈ: ਤੋਂ ਆਪ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਮੇਰੇ ਬਾਅਦ ਜਥੇਦਾਰ ਨੀਅਤ ਕੀਤਾ ਗਿਆ। ਇਸ ਮਹਾਨ ਪਦਵੀ ਉਪਰ ਆਪ ੧੯੮੦ ਤਕ ਪੂਰੀ ਯੋਗਤਾ ਨਾਲ ਸੇਵਾ ਨਿਭਾਉਂਦੇ ਰਹੇ।

੧੦ ਜੂਨ ੧੯੭੮ ਈ: ਨੂੰ ਨਕਲੀ ਨਿਰੰਕਾਰੀਆਂ ਵਿਰੁੱਧ ਹੁਕਮਨਾਮਾ ਜਾਰੀ ਕੀਤਾ ਜਿਸ ਰਾਹੀਂ ਹਰ ਗੁਰਸਿੱਖ ਨੂੰ ਨਕਲੀ ਨਿਰੰਕਾਰੀਆਂ ਨਾਲ ਮਿਲਵਰਤਣ ਤੇ ਰੋਟੀ-ਬੇਟੀ ਦੀ ਸਾਂਝ ਤੋਂ ਵਰਜਿਆ ਗਿਆ ਹੈ। ਇਹ ਹੁਕਮਨਾਮਾ ੧੧ ਮਈ ਨੂੰ ਸ਼੍ਰੋਮਣੀ ਕਮੇਟੀ ਵਲੋਂ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਬੁਲਾਈ ਗਈ ਕਨਵੈਨਸ਼ਨ ਦੇ ਪੰਥਕ ਫੈਸਲੇ ਅਨੁਸਾਰ ਜਥੇਦਾਰ ਸਾਧੂ ਸਿੰਘ ਜੀ ਭੌਰਾ ਦੇ ਦਸਤਖ਼ਤਾਂ ਹੇਠ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਜਾਰੀ ਕੀਤਾ ਗਿਆ ਸੀ।

੫ ਅਕਤੂਬਰ ੧੯੭੯ ਈ: ਨੂੰ ਸ਼੍ਰੋਮਣੀ ਅਕਾਲੀ ਦਲ ਦੇ ਦੋਹਾਂ ਧੜ੍ਹਿਆਂ ਨੂੰ ਬੁਲਾ ਕੇ ਪੰਜ ਸਿੰਘ-ਸਾਹਿਬਾਨ ਵਲੋਂ ਪੰਥਕ ਏਕਤਾ ਦਾ ਫੈਸਲਾ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਸੁਣਾਇਆ ਜਿਸ ਫੈਸਲੇ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੀ ਸੱਤ ਮੈਂਬਰੀ ਐਡਹਾਕ-ਕਮੇਟੀ ਬਣਾਈ ਗਈ ਅਤੇ ਜਿਸ ਕਮੇਟੀ ਦੇ ਮੁਖੀ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਨੂੰ ਥਾਪਿਆ ਗਿਆ। ਪੰਜ ਸਿੰਘ ਸਾਹਿਬਾਨ ਦੇ ਉਕਤ ਫੈਸਲੇ ਨੇ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਨੂੰ ੨੦ ਅਗਸਤ, ੧੯੮੦ ਵਿੱਚ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਬਣਾਉਣ ਲਈ ਰਾਹ ਪੱਧਰਾ ਕੀਤਾ। ਇਸ ਫੈਸਲੇ ਵਿੱਚ ਦਾਸ ਬਤੌਰ ਮੁਖ ਗ੍ਰੰਥੀ, ਸ੍ਰੀ ਹਰਿਮੰਦਰ ਸਾਹਿਬ ਪੰਜ ਸਿੰਘ ਸਾਹਿਬਾਨ ਵਿੱਚ ਸ਼ਾਮਲ ਸੀ।

ਉਪਰੋਕਤ ਫੈਸਲੇ ਦੀ ਉਲੰਘਣਾ ਦੇ ਦੋਸ਼ ਵਿੱਚ ਪੰਜ ਸਿੰਘ ਸਾਹਿਬਾਨ ਵੱਲੋਂ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ। ੨੩ ਨਵੰਬਰ, ੧੯੭੯ ਨੂੰ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਪੇਸ਼ ਹੋ ਕੇ ਪੰਜ ਸਿੰਘ ਸਾਹਿਬਾਨ ਪਾਸੋਂ ਤਨਖਾਹ ਲਗਵਾਈ।

੧੯੮੦ ਈ: ਵਿੱਚ ਕੁਝ ਕਾਰਨਾਂ ਕਰਕੇ ਆਪ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜੱਥੇਦਾਰੀ ਤੋਂ ਅਸਤੀਫਾ ਦੇ ਗਏ ਤੇ ੪੯ ਆਰ. ਮਾਡਲ ਟਾਊਨ ਜਲੰਧਰ ਵਾਲੀ ਆਪਣੀ ਕੋਠੀ ਵਿੱਚ ਜਾ ਨਿਵਾਸ ਕੀਤਾ। ਅਸਤੀਫੇ ਤੋਂ ਬਾਅਦ ੪ ਸਾਲ ਨਾਮ ਬਾਣੀ ਦੇ ਅਭਿਆਸ ਵਿੱਚ ਲੱਗੇ ਰਹੇ। ਦਾਸ ਉਨ੍ਹਾਂ ਦੇ ਉਪਰੋਕਤ ਨਿਵਾਸ ਅਸਥਾਨ 'ਤੇ ਬਤੌਰ ਮੁੱਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਉਨ੍ਹਾਂ ਦੀ ਜ਼ਿੰਦਗੀ ਤੇ ਤਜ਼ਰਬਿਆਂ ਤੋਂ ਗਿਆਨ ਹਾਸਿਲ ਕਰਦਾ ਰਿਹਾ। ਅਖੀਰ ਕੁਝ ਸਮਾਂ ਬੀਮਾਰ ਰਹਿਣ ਤੋਂ ਬਾਅਦ ੭-੩-੧੯੮੪ ਨੂੰ ਗੁਰੂ ਚਰਣਾਂ ਵਿੱਚ ਜਾ ਬਿਰਾਜੇ।

***ਆਪ ਦਾ ਪਰਿਵਾਰ***—ਆਪ ਦਾ ਇਕ ਭਰਾ ਸ: ਹਰਨਾਮ ਸਿੰਘ ਤੇ ਤਿੰਨ ਭੈਣਾਂ ਬੀਬੀ ਮਹਾਂ ਕੌਰ, ਬੀਬੀ ਅਮਰ ਕੌਰ ਅਤੇ ਬੀਬੀ ਪ੍ਰੀਤਮ ਕੌਰ ਹਨ। ਆਪ ਆਪਣੇ ਪਿੱਛੋਂ ਆਪਣੀ ਸੁਪਤਨੀ ਬਸੰਤ ਕੌਰ, ਦੋ ਸਪੁੱਤਰ ਸ: ਹਰਵੇਲ ਸਿੰਘ (ਜੋ ਕੁਝ ਸਮਾਂ ਇੰਗਲੈਂਡ ਠੇਕੇਦਾਰ ਰਿਹਾ ਹੁਣ ਜਲੰਧਰ ਵਿੱਚ ਹੈ) ਦੂਜਾ ਡਾ: ਬਲਬੀਰ ਸਿੰਘ (ਅੱਖਾਂ ਦਾ ਸਪੈਸ਼ਲਿਸਟ ਡਾਕਟਰ ਹੈ) ਅਤੇ ਤਿੰਨ ਲੜਕੀਆਂ ਬੀਬੀ ਸੁਰਿੰਦਰ ਕੌਰ, ਬੀਬੀ ਮਹਿੰਦਰ ਕੌਰ ਤੇ ਬੀਬੀ ਰਾਜਿੰਦਰ ਕੌਰ ਛੱਡ ਗਏ ਹਨ।

# ਜਥੇਦਾਰ ਗੁਰਦਿਆਲ ਸਿੰਘ ਜੀ "ਅਜਨੋਹਾ"

ਜਥੇਦਾਰ ਗੁਰਦਿਆਲ ਸਿੰਘ ਜੀ ਦਾ ਜਨਮ ਪਿੰਡ ਅਜਨੋਹਾ, ਥਾਣਾ ਮਾਹਲਪੁਰ, ਤਹਿਸੀਲ ਗੜ੍ਹਸ਼ੰਕਰ ਜ਼ਿਲਾ ਹੁਸ਼ਿਆਰਪੁਰ ਵਿਖੇ ੨੭ ਦਸੰਬਰ, ੧੯੨੭ ਈ: ਨੂੰ ਹੋਇਆ। ਆਪ ਦੇ ਪਿਤਾ ਦਾ ਨਾਮ ਸ੍ਰ: ਹਾਕਮ ਸਿੰਘ ਅਤੇ ਮਾਤਾ ਦਾ ਨਾਮ ਨਿਰੰਜਨ ਕੌਰ ਸੀ। ਪਿੰਡ ਅਜਨੋਹਾ ਦੇ ਸਕੂਲ 'ਚੋਂ ਪ੍ਰਾਇਮਰੀ ਪਾਸ ਕੀਤੀ ਅਤੇ ਖਾਲਸਾ ਹਾਈ ਸਕੂਲ ਬੱਡੋਂ ਤੋਂ ਸੱਤਵੀਂ ਜਮਾਤ ਤਕ ਵਿੱਦਿਆ ਹਾਸਿਲ ਕੀਤੀ। ਬਚਪਨ ਤੋਂ ਆਪ ਨੂੰ ਗੁਰਬਾਣੀ ਪੜ੍ਹਨ ਤੇ ਗੱਤਕਾ ਖੇਡਣ ਦਾ ਬਹੁਤ ਸ਼ੋਕ ਸੀ। ਗੁਰਬਾਣੀ ਅਤੇ ਗੁਰ ਇਤਿਹਾਸ ਦਾ ਬੋਧ ਆਪ ਨੇ ਆਪਣੇ ਵੱਡੇ ਭ੍ਰਾਤਾ ਸੰਤ ਬਾਬਾ ਬਤਨ ਸਿੰਘ ਨਿਰਮਲ ਸੰਪ੍ਰਦਾਇ ਦੇ ਪ੍ਰਸਿੱਧ ਵਿਦਵਾਨ ਪਾਸੋਂ ਪ੍ਰਾਪਤ ਕੀਤਾ। ਆਪ ਦਾ ਸਰੀਰ ਬੜਾ ਸੁੰਦਰ ਤੇ ਫੁਰਤੀਲਾ ਸੀ।

੨੧ ਸਾਲ ਦੀ ਉਮਰ ਵਿਚ ੧੯੪੮ ਈ: ਨੂੰ ਆਪ ਦਾ ਅਨੰਦ ਕਾਰਜ ਦੇਸ਼ ਦੀ ਵੰਡ ਸਮੇਂ ਪਾਕਿਸਤਾਨ ਦੇ ਜ਼ਿਲ੍ਹਾ ਲਾਇਲਪੁਰ ਦੀ ਬਾਰ ਤੋਂ ਆਏ ਗੁਰਸਿੱਖ ਪਰਿਵਾਰ ਦੇ ਜੈਮਲ ਸਿੰਘ ਦੀ ਸਪੁੱਤਰੀ ਬੀਬੀ ਚਰਨਜੀਤ ਕੌਰ ਨਾਲ ਪਿੰਡ ਭਾਮ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੋਇਆ। ਬੀਬੀ ਜੀ ਬੜੀ ਸੁਘੜ ਤੇ ਸੀਲ ਸੁਭਾਵ ਵਾਲੇ ਹਨ ਜੋ ਹਰ ਦੁੱਖ ਸੁੱਖ ਵਿੱਚ ਸਦਾ ਪੂਰਨ ਸਾਥ ਦੇਂਦੇ ਰਹੇ ਜਿਸ ਕਰਕੇ ਆਪ ਪੰਥਕ ਸੇਵਾਵਾਂ ਵਿੱਚ ਪੂਰਾ ਹਿੱਸਾ ਲੈਂਦੇ ਰਹੇ।

ਕੁਝ ਸਮੇਂ ਬਾਅਦ ਪ੍ਰਸਿੱਧ ਅਕਾਲੀ ਨੇਤਾ ਮਾਸਟਰ ਤਾਰਾ ਸਿੰਘ ਜੀ ਦੇ ਪ੍ਰਭਾਵ ਹੇਠ ਪੰਥਕ ਸੇਵਾ ਵਿੱਚ ਕੁੱਦ ਪਏ। ੧੯੪੯ ਈ: ਵਿੱਚ ਮਾਮਾ ਭਾਣਜਾ ਵਜ਼ਾਰਤ ਪੈਪਸੂ ਵਿਰੁੱਧ ਆਰੰਭੇ ਪੰਥਕ ਅੰਦੋਲਨ ਵਿੱਚ ਆਪਣੇ ਅੱਠ ਸਾਥੀਆਂ ਸਮੇਤ ਆਪ ਨੇ ਪਹਿਲੀ ਵਾਰ ਜੇਲ੍ਹ ਯਾਤਰਾ ਕੀਤੀ ਤੇ ਕਪੂਰਥਲਾ ਜੇਲ੍ਹ ਵਿੱਚ ਰਹੇ। ਫੇਰ ੧੯੫੫ ਈ: ਨੂੰ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਹਰੇ 'ਤੇ ਲੱਗੀ ਪਾਬੰਦੀ ਤੋੜਨ ਹਿੱਤ ਆਰੰਭੇ ਮੋਰਚੇ ਵਿੱਚ ਅਤੇ ੧੯੬੦ ਈ: ਵਿੱਚ ਸ਼ੁਰੂ ਕੀਤੇ ਪੰਜਾਬੀ ਸੂਬੇ ਦੀ ਪ੍ਰਾਪਤੀ ਦੇ ਅੰਦੋਲਨ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਇਨ੍ਹਾਂ ਦੋਹਾਂ ਸਮਿਆਂ ਵਿੱਚ ਪੁਲਿਸ ਤਸ਼ੱਦਦ, ਘਰ ਦੇ ਸਾਮਾਨ ਦੀਆਂ ਕੁਰਕੀਆਂ ਤੇ ਗੁਪਤ-ਵਾਸ ਆਦਿ ਕਈ ਪ੍ਰਕਾਰ ਦੇ ਕਸ਼ਟ ਸਹਿਣੇ ਪਏ। ਕਈ ਵਾਰ ਜੇਲ੍ਹ ਯਾਤਰਾ ਵੀ ਕਰਨੀ ਪਈ। ਆਪ ਦੀ ਸੁਪਤਨੀ ਨੇ ਇਨ੍ਹਾਂ ਔਖਿਆਂ ਸਮਿਆਂ ਵਿੱਚ ਆਪ ਦਾ ਪੂਰਾ-ਪੂਰਾ ਸਾਥ ਦਿੱਤਾ।

ਆਪ ਪਿੰਡ ਦੇ ਸਰਪੰਚ, ਪੰਚਾਇਤ ਸੰਮਤੀ ਮਾਹਲਪੁਰ ਤੇ ਜ਼ਿਲ੍ਹਾ ਪ੍ਰੀਸ਼ਦ ਹੁਸ਼ਿਆਰਪੁਰ ਦੇ ਮੈਂਬਰ ਅਤੇ ਭੋਗਪੁਰ ਖੰਡ ਮਿੱਲ ਦੇ ਡਾਇਰੈਕਟਰ ਵੀ ਰਹੇ। ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ, ਜਨਰਲ ਸਕੱਤਰ, ੧੯੬੫ ਈ: ਤੋਂ ੧੯੭੦ ਈ: ਤਕ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ

ਕਮੇਟੀ ਦੇ ਮੈਂਬਰ ਤੇ ਸਮੇਂ-ਸਮੇਂ ਹੋਰ ਵੀ ਕਈ ਮਹਤੱਵਪੂਰਨ ਅਹੁਦਿਆਂ 'ਤੇ ਪੰਥਕ-ਸੇਵਾ ਨਿਭਾਉਂਦੇ ਰਹੇ। ੧੯੭੨ ਈ: ਵਿੱਚ ਸ਼੍ਰੋਮਣੀ ਕਮੇਟੀ ਨੇ ਆਪ ਜੀ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਦਾ ਜਥੇਦਾਰ ਥਾਪਿਆ। ਅੱਠ ਸਾਲ ਲਗਾਤਾਰ ਇਸ ਪਦਵੀ 'ਤੇ ਸੇਵਾ ਨਿਭਾਉਂਦੇ ਰਹੇ।

ਤਖ਼ਤ ਸ੍ਰੀ ਕੇਸਗੜ੍ਹ ਦੇ ਸਾਹਮਣੇ ਉਸ ਸਮੇਂ ਦੇ ਮੁੱਖ-ਮੰਤਰੀ ਪੰਜਾਬ ਗਿ: ਜ਼ੈਲ ਸਿੰਘ ਦੀ ਲੜਕੀ ਦੇ ਅਨੰਦ ਕਾਰਜ ਸਮੇਂ ਲੜਕੇ ਵਲੋਂ ਆਪਣੀ ਦਾੜ੍ਹੀ ਦੀ ਕੀਤੀ ਬੇਅਦਬੀ ਨੂੰ ਦੇਖ ਕੇ ਬਤੌਰ ਜਥੇਦਾਰ ਸਿੱਖ ਰਹਿਤ ਮਰਯਾਦਾ ਦੀ ਪਾਲਣਾ ਕਰਦਿਆਂ ਹੋਇਆਂ ਭਾਰੀ ਪ੍ਰੋਟੈਸਟ ਕੀਤਾ ਜੋ ਇਕ ਮਿਸਾਲ ਹੈ। ਕਿਸੇ ਕੇਸ ਵਿੱਚ ਆਪ ਨੂੰ ਬਿਆਨ ਦੇਣ ਲਈ ਹਾਈਕੋਰਟ ਵਲੋਂ ਆਏ ਸੰਮਨਾ ਨੂੰ ਆਪ ਨੇ ਠੁਕਰਾ ਦਿੱਤਾ। ਆਪ ਬਤੌਰ ਜਥੇਦਾਰ ਅਦਾਲਤ ਵਿੱਚ ਹਾਜ਼ਰ ਨਾ ਹੋਏ ਅਤੇ ਨਾ ਹੀ ਕੋਈ ਬਿਆਨ ਦਿੱਤਾ।

ਇਸੇ ਹੀ ਦੌਰਾਨ ਇੰਗਲੈਂਡ, ਕੈਨੇਡਾ, ਅਮਰੀਕਾ ਅਤੇ ਈਰਾਨ ਆਦਿ ਦੇਸ਼ਾਂ ਵਿੱਚ ਗੁਰਮਤਿ ਪ੍ਰਚਾਰ ਹਿਤ ਗਏ। ਆਪ ਨੇ ਬਹੁਤ ਹੀ ਦੂਰਅੰਦੇਸ਼ੀ ਅਤੇ ਦ੍ਰਿੜ੍ਹਤਾ ਨਾਲ ਸਿੱਖ ਪੰਥ ਦੀ ਸੇਵਾ ਕੀਤੀ। ੧੯੭੯ ਈ: ਵਿੱਚ ਅਕਾਲੀ ਦਲ ਦੇ ਦੋਹਾਂ ਧੜਿਆਂ ਵਿੱਚ ਏਕਤਾ ਕਰਾਉਣ ਸਮੇਂ ਫੈਸਲਾ ਕਰਨ ਵਾਲੇ ਪੰਜ ਸਿੰਘ ਸਾਹਿਬਾਨ ਵਿੱਚ ਆਪ ਬਤੌਰ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ਼ਾਮਿਲ ਸਨ।

੧੯੮੦ ਈ: ਵਿੱਚ ਗਿਆਨੀ ਸਾਧੂ ਸਿੰਘ ਜੀ ਭੌਰਾ ਦੇ ਅਸਤੀਫਾ ਦੇ ਜਾਣ ਤੋਂ ਖਾਲੀ ਹੋਈ ਜਗ੍ਹਾ ਉਪਰ ਸ਼੍ਰੋਮਣੀ ਕਮੇਟੀ ਵਲੋਂ ਆਪ ਦੀਆਂ ਪੰਥਕ ਸੇਵਾਵਾਂ ਨੂੰ ਮੁੱਖ ਰੱਖਦਿਆਂ ਆਪ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜੱਥੇਦਾਰ ਨਿਯੁਕਤ ਕੀਤਾ ਗਿਆ।

੧੯੮੦ ਈ: ਵਿੱਚ ਹੀ ਜਥੇਦਾਰ ਸੰਤੋਖ ਸਿੰਘ ਦਿੱਲੀ ਵਲੋਂ ਜਥੇਦਾਰ ਜੀ ਵਿਰੁੱਧ ਦਿੱਤੇ ਬਿਆਨ ਸੰਬੰਧੀ ਫੈਸਲਾ ਕਰਨ ਲਈ ਜਥੇਦਾਰ ਜੀ ਨੇ ਇਸ ਕੇਸ ਵਿੱਚ ਆਪ ਇਕ ਧਿਰ ਹੋਣ ਕਾਰਨ ਪੰਜ ਸਿੰਘ ਸਾਹਿਬਾਨ ਵਿੱਚੋਂ ਆਪਣੇ ਆਪ ਨੂੰ ਬਾਹਰ ਰੱਖ ਕੇ ਆਪਣੇ ਥਾਂ ਦਾਸ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਹੋਣ ਦੇ ਨਾਤੇ ਪੰਜਾਂ ਪਿਆਰਿਆਂ ਦਾ ਮੁਖੀ ਥਾਪਿਆ। ਉਸ ਕੇਸ ਵਿੱਚ ਜਥੇਦਾਰ ਸੰਤੋਖ ਸਿੰਘ ਦਿੱਲੀ ਨੂੰ ਤਨਖਾਹੀਆ ਕਰਾਰ ਦੇ ਕੇ ਤਨਖਾਹ ਲਾਈ ਗਈ ਜਿਸ ਨੂੰ ਜਥੇਦਾਰ ਸੰਤੋਖ ਸਿੰਘ ਨੇ ਖਿੜੇ-ਮੱਥੇ ਪ੍ਰਵਾਨ ਕਰਕੇ ਤਨਖਾਹ ਪੂਰੀ ਕੀਤੀ।

ਅੰਤ ਨੂੰ ਆਪਣੇ ਪਿੰਡ ਅਜਨੋਹੇ ਵਿਖੇ ੧੮-੩-੮੨ ਨੂੰ ਅੰਮ੍ਰਿਤ ਵੇਲੇ ਦਿਲ ਦਾ ਦੌਰਾ ਪੈ ਜਾਣ 'ਤੇ ਖਾਲਸਾ ਪੰਥ, ਸੰਬੰਧੀਆਂ ਤੇ ਸਨੇਹੀਆਂ ਨੂੰ ਸਦੀਵੀ ਵਿਛੋੜਾ ਦੇ ਕੇ ਗੁਰਪੁਰੀ ਪਿਆਨਾ ਕਰ ਗਏ।

***ਆਪ ਦਾ ਪਰਿਵਾਰ:***- ਆਪ ਦੇ ਵੱਡੇ ਭ੍ਰਾਤਾ ਸੰਤ ਬਤਨ ਸਿੰਘ ਜੀ ਸਨ ਜੋ ਆਪ ਤੋਂ ੨੧ ਸਾਲ ਵੱਡੇ ਸਨ। ਇਹ ਨਿਰਮਲ ਸੰਪ੍ਰਦਾਇ ਵਿੱਚ ਸੰਤਗੀਰੀ ਗ੍ਰਹਿਣ ਕਰ ਚੁੱਕੇ ਸਨ। ਇਨ੍ਹਾਂ ਦੀ ਸੰਗਤ ਤੋਂ ਹੀ ਜਥੇਦਾਰ ਜੀ ਨੂੰ ਧਾਰਮਿਕ ਰੰਗਣ ਚੜ੍ਹੀ ਸੀ, ਉਹ ੧੯੩੫ ਈ: ਵਿੱਚ ਸਰੀਰ

ਤਿਆਗ ਗਏ ਸਨ। ਜਥੇਦਾਰ ਜੀ ਦੀਆਂ ਤਿੰਨ ਭੈਣਾਂ ਹਨ। ਚਰਨ ਕੌਰ, ਦਿਆਲ ਕੌਰ ਤੇ ਦਰਸ਼ਨ ਕੌਰ।

ਜਥੇਦਾਰ ਜੀ ਆਪਣੇ ਪਿੱਛੇ ਸੁਪਤਨੀ ਚਰਨਜੀਤ ਕੌਰ, ਦੋ ਸਪੁੱਤਰ ਬਲਵੰਤ ਸਿੰਘ ਤੇ ਸੋਹਣ ਸਿੰਘ ਅਤੇ ਚਾਰ ਸਪੁੱਤਰੀਆਂ ਕੁਲਦੀਪ ਕੌਰ, ਬਲਵੰਤ ਕੌਰ, ਜਸਬੀਰ ਕੌਰ ਤੇ ਸਤਿਨਾਮ ਕੌਰ ਛੱਡ ਗਏ।

ਆਪ ਸੁਭਾਅ ਦੇ ਮਿਲਾਪੜੇ, ਸੱਚ 'ਤੇ ਅੜਨ ਵਾਲੇ ਅਣਖੀਲੇ ਤੇ ਦ੍ਰਿੜ੍ਹ ਇਰਾਦੇ ਦੇ ਮਾਲਕ ਸਨ। ਸਿੱਖੀ, ਧਰਮ ਤੇ ਪੰਥ ਦੀ ਚੜ੍ਹਦੀ ਕਲਾ ਲਈ ਹਰ ਪ੍ਰਕਾਰ ਦੀ ਕੁਰਬਾਨੀ ਕਰਨ ਨੂੰ ਤਿਆਰ ਰਹਿੰਦੇ ਸਨ। ਪੰਥਕ ਫੈਸਲਿਆਂ ਸਮੇਂ ਪੰਜ ਸਿੰਘ ਸਾਹਿਬਾਨ ਵਿੱਚ ਸ਼ਾਮਲ ਹੋ ਕੇ ਸੁਚੱਜੀ ਅਗਵਾਈ ਕਰਦੇ ਰਹੇ। ੧੯੬੫ ਈ: ਵਿੱਚ ਜਦ ਆਪ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਬਣੇ ਉਸ ਸਮੇਂ ਤੋਂ ਅੰਤ ਤਕ ਦਾਸ ਨਾਲ ਬਹੁਤ ਸਨੇਹ ਰੱਖਦੇ ਰਹੇ।

# ਸਿੰਘ ਸਾਹਿਬ ਗਿ. ਕਿਰਪਾਲ ਸਿੰਘ ਜੀ

*(੧੯੬੩-੬੫, ੧੯੮੨-੮੬ ਈ. ਤਕ)*

## ਜਨਮ, ਮੁੱਢਲਾ ਜੀਵਨ ਤੇ ਵਿੱਦਿਆ:

ਸਿੰਘ ਸਾਹਿਬ ਗਿ. ਕਿਰਪਾਲ ਸਿੰਘ ਜੀ ਦਾ ਜਨਮ ੧੦ ਜੂਨ, ੧੯੧੮ ਈ. ਨੂੰ ਗੁਰੂ ਘਰ ਦੇ ਅਤੁੱਟ ਪ੍ਰੀਤਵਾਨ ਗੁਰਸਿੱਖ ਪਰਿਵਾਰ ਸ੍ਰ. ਮੱਲ ਸਿੰਘ ਬਰਾੜ ਜੀ ਦੇ ਘਰ ਪਿੰਡ ਵੈਰੋਕੇ, ਤਹਿਸੀਲ ਮੋਗਾ ਜ਼ਿਲ੍ਹਾ ਫਰੀਦਕੋਟ ਵਿਖੇ ਹੋਇਆ। ਆਰੰਭਿਕ ਵਿਦਿਆ ਗਿਆਨੀ ਜੀ ਨੇ ਸੇਖਾਂ ਕਲਾਂ ਦੇ ਮਿਡਲ ਸਕੂਲ ਤੋਂ ਪ੍ਰਾਪਤ ਕੀਤੀ। ਤੀਸਰੀ ਜਮਾਤ ਵਿਚ ਪੜ੍ਹਦਿਆਂ ਹੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਗੁਰੂ ਪਰਿਵਾਰ ਦੇ ਮੈਂਬਰ ਬਣ ਗਏ। ਛੋਟੀ ਉਮਰ ਵਿਚ ਹੀ ਇਨ੍ਹਾਂ ਸੰਤ ਗਿਆਨੀ ਕੇਹਰ ਸਿੰਘ ਜੀ ਪਾਸੋਂ ਗੁਰਬਾਣੀ ਦੀ ਸੰਥਿਆ ਪ੍ਰਾਪਤ ਕੀਤੀ ਤੇ ਆਖੰਡ ਪਾਠੀ ਬਣੇ। ੧੯੩੩ ਈ. ਵਿਚ ਇਨ੍ਹਾਂ ਮਿਡਲ ਕਲਾਸ ਪਹਿਲੇ ਦਰਜੇ ਵਿਚ ਪਾਸ ਕੀਤੀ। ੧੯੩੩ ਈ. ਤੋਂ ੧੯੩੯ ਤਕ ਲੱਗਪਗ ਛੇ ਸਾਲ ਬਿਹੰਗਮ ਬਣ ਵਿਚਰਦੇ ਰਹੇ। ਇਸ ਸਮੇਂ ਦੌਰਾਨ ਇਨ੍ਹਾਂ ਨਿਰਮਲੇ ਤੇ ਉਦਾਸੀ ਵਿਦਵਾਨਾਂ ਪਾਸੋਂ ਵੇਦਾਂਤ ਦੇ ਗ੍ਰੰਥਾਂ ਦੀ ਵਿਦਿਆ ਪ੍ਰਾਪਤ ਕੀਤੀ ਜਿਵੇਂ ਚਣਾਕਾ ਰਾਜਨੀਤੀ, ਭਾਵਰਸਾਮ੍ਰਿਤ, ਸਾਰੁਕਤਾਵਲੀ, ਵਿਚਾਰ ਮਾਲਾ, ਅਧਿਆਤਮ ਪ੍ਰਕਾਸ਼, ਪ੍ਰਬੋਧ ਚੰਦਰ ਨਾਟਕ ਤੇ ਵੈਰਾਗ ਸਤਕ ਤੋਂ ਇਲਾਵਾ ਵੇਦਾਂਤ ਦੇ ਪ੍ਰਸਿੱਧ ਤੇ ਗੂੜ੍ਹ ਗ੍ਰੰਥ 'ਵਿਚਾਰ ਸਾਗਰ' ਤੇ ਮੋਖਸ਼ ਪੰਥ ਵੀ ਅਰਥਾਂ ਨਾਲ ਵਿਚਾਰੇ। ਇਉਂ ਆਪ ਵੇਦਾਂਤ ਵਿਦਿਆ ਦੇ ਵੀ ਚੰਗੇ ਗਿਆਤਾ ਹੋ ਗਏ।

ਹੁਣ ਆਪ ਨੇ ਗੁਰਬਾਣੀ ਦੇ ਅਰਥਾਂ ਤੇ ਭਾਵਾਂ ਦੀ ਡੂੰਘੀ ਵਿਦਿਆ ਪ੍ਰਾਪਤੀ ਤੇ ਸਿੱਖੀ ਦੇ ਅਮਲੀ ਜੀਵਨ ਦੀ ਜਿਉਂਦੀ ਜਾਗਦੀ ਤਸਵੀਰ ਕਿਸੇ ਗੁਰਮੁਖ ਮਹਾਂਪੁਰਖ ਦੀ ਸੰਗਤ ਦੀ ਢੂੰਡ ਵਿਚ ਸਿੱਖ ਜਗਤ ਦੇ ਪ੍ਰਸਿੱਧ ਸੰਤ ਮਹਾਤਮਾਂ ਦੇ ਦਰਸ਼ਨ ਕੀਤੇ, ਬਚਨ ਸੁਣੇ ਤੇ ਆਪਣੇ ਸ਼ੰਕੇ ਉਨ੍ਹਾਂ ਪਾਸ ਰੱਖੇ ਪਰ ਕਿਸੇ ਥਾਂ ਤੋਂ ਵੀ ਆਪ ਦੀ ਤਸੱਲੀ ਨਾ ਹੋਈ ਅੰਤ ਗੁਰਬਾਣੀ ਤੇ ਗੁਰਮਤਿ ਦੇ ਵਿਦਵਾਨ ਤੇ ਮਹਾਨ ਆਚਰਯ ਸ੍ਰੀ ਮਾਨ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲਿਆਂ ਦੇ ਦਰਸ਼ਨ ਕੀਤੇ ਤੇ ਉਨ੍ਹਾਂ ਤੋਂ ਗੁਰ ਸ਼ਬਦ ਦੀ ਕਥਾ ਸੁਣ ਕੇ ਬਹੁਤ ਪ੍ਰਭਾਵਿਤ ਹੋਏ ਜਿਸ ਕਰਕੇ ੧੯੪੦ ਈ. ਵਿੱਚ ਉਨ੍ਹਾਂ ਦੇ ਜੱਥੇ ਵਿਚ ਬਤੌਰ ਇਕ ਵਿਦਿਆਰਥੀ ਦੇ ਦਾਖਲ ਹੋ ਗਏ। ਚਾਰ ਕੁ ਸਾਲ ਲਗਾਤਾਰ ਜੱਥੇ ਵਿਚ ਰਹਿ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ, ਬਾਣੀ ਭਾਈ ਗੁਰਦਾਸ ਜੀ, ਸ੍ਰੀ ਗੁਰੂ ਨਾਨਕ ਪ੍ਰਕਾਸ਼, ਸ੍ਰੀ ਗੁਰੂ ਪ੍ਰਤਾਪ ਸੂਰਜ, ਸ੍ਰੀ ਗੁਰੂ ਪੰਥ ਪ੍ਰਕਾਸ਼ ਅਰਥਾਂ

ਨਾਲ ਪੜ੍ਹੇ, ਵਿਚਾਰੇ, ਨੋਟ ਲਏ ਤੇ ਮੁਸ਼ਕਿਲ ਅਰਥ ਵੀ ਲਿਖੇ। ੧੯੪੮ ਈ. ਵਿਚ ਇਨ੍ਹਾਂ ਗਿਆਨੀ ਦਾ ਇਮਤਿਹਾਨ ਪੰਜਾਬ ਯੂਨੀਵਰਸਿਟੀ ਵਿਚੋਂ ਦੂਜੇ ਸਥਾਨ 'ਤੇ ਰਹਿ ਕੇ ਪਾਸ ਕੀਤਾ।

ਵਿਦਿਆਰਥੀ ਕਾਲ ਵਿਚ ਹੀ 'ਸਮ ਅਰਥ ਕੋਸ਼' ਦਾ ਕੱਚਾ ਖਰੜਾ ਆਪ ਜੀ ਨੇ ਲਿਖਿਆ ਤੇ ਉਦੋਂ ਹੀ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦੇ ਅਰਥ ਮੂਲ ਪੁਸਤਕ ਦੇ ਉਪਰ ਹੀ ਲਿਖਦੇ ਰਹੇ, ਜਿਨ੍ਹਾਂ ਨੂੰ ਬਾਅਦ ਵਿਚ ਕਾਪੀਆਂ 'ਤੇ ਉਤਾਰ ਲੈਂਦੇ ਰਹੇ। ਸ੍ਰੀ ਗੁਰੂ ਪੰਥ ਪ੍ਰਕਾਸ਼ ਦੀ ਸੰਪਾਦਨਾ ਦਾ ਵੀਚਾਰ ਵੀ ਇਨ੍ਹਾਂ ਦੇ ਮਨ ਵਿਚ ਉਦੋਂ ਦਾ ਹੀ ਸਮਾਇਆ ਹੋਇਆ ਸੀ ਜੋ ਬਾਅਦ ਵਿਚ ਇਨ੍ਹਾਂ ਪੂਰਾ ਕੀਤਾ।

੧੯੪੪ ਈ. ਤੋਂ ੧੯੫੮ ਈ. ਤਕ ਲੱਗਪੱਗ ੧੪ ਸਾਲ ਆਪਣੇ ਨਾਲ ੧੫ ਕੁ ਵਿਦਿਆਰਥੀ ਸਿੰਘਾਂ ਦਾ ਜੱਥਾ ਲੈ ਕੇ ਧਰਮ ਪ੍ਰਚਾਰ ਹਿੱਤ ਦੂਰ ਦੂਰ ਤਕ ਗਏ ਅਤੇ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ ਅਤੇ ਸ੍ਰੀ ਗੁਰੂ ਪੰਥ ਪ੍ਰਕਾਸ਼ ਦੀ ਕਥਾ ਸੁਣਾ ਕੇ ਨਿਹਾਲ ਕਰਦੇ ਰਹੇ। ਹਰ ਪੜਾਅ 'ਤੇ ਅੰਮ੍ਰਿਤ ਪ੍ਰਚਾਰ ਵੀ ਕਰਦੇ ਰਹੇ ਤੇ ਸੈਂਕੜੇ ਸਿੰਘਾਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਲੜ ਲਾਇਆ। ਇਸ ਦੌਰਾਨ ਜ਼ਿਲ੍ਹਾ ਫਿਰੋਜ਼ਪੁਰ, ਫਰੀਦਕੋਟ, ਲੁਧਿਆਣਾ ਦੇ ਨਗਰਾਂ, ਪਿੰਡਾਂ, ਸ਼ਹਿਰਾਂ ਤੋਂ ਇਲਾਵਾ ਚਹੁੰ ਤਖਤਾਂ ਤੇ ਭਾਰਤ ਭਰ ਦੇ ਹੋਰ ਪ੍ਰਸਿੱਧ ਗੁਰਧਾਮਾਂ ਦੀ ਯਾਤਰਾ ਜੱਥੇ ਸਮੇਤ ਕਈ ਵਾਰ ਕੀਤੀ। ਦਿੱਲੀ, ਕਲੱਕਤੇ ਤੇ ਬੰਬਈ ਵਰਗੇ ਵੱਡੇ ਵੱਡੇ ਸ਼ਹਿਰਾਂ ਵਿਚ ਜੱਥੇ ਸਮੇਤ ਵਿਚਰ ਕੇ ਕਥਾ, ਕੀਰਤਨ ਤੇ ਅੰਮ੍ਰਿਤ ਪ੍ਰਚਾਰ ਦਾ ਪ੍ਰਵਾਹ ਚਲਾਉਂਦੇ ਰਹੇ। ਇਸ ਦੌਰਾਨ ਤਿੰਨ ਵਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਥਾ ਦੇ ਭੋਗ ਪਾਏ। ਇਸ ਸਮੇਂ ਦੌਰਾਨ ਹੀ ਆਪ ਜੀ ਦੋ ਸਾਲ ਲਈ ਅਕਾਲੀ ਜੱਥਾ ਫਿਰੋਜ਼ਪੁਰ ਦੇ ਜਨਰਲ ਸਕੱਤਰ ਵੀ ਰਹੇ। ਸੰਤਾਂ ਦੀ ਸਰੀਰਕ ਬੀਮਾਰੀ ਸਮੇਂ ਲੱਗਪੱਗ ੧੯੫੬ ਈ. ਤੋਂ ਮਾਰਚ ੧੯੫੮ ਈ. ਤਕ ਦੋ ਸਾਲ ਜੱਥੇ 'ਚ ਸੰਤਾਂ ਦੀ ਥਾਂ ਕਥਾ ਕਰਦੇ ਰਹੇ। ਇਸ ਤਰ੍ਹਾਂ ਜਿਨ੍ਹਾਂ ਨਗਰਾਂ ਨੂੰ ਸੰਤਾਂ ਵਲੋਂ ਪ੍ਰੋਗਰਾਮ ਦਿੱਤੇ ਹੋਏ ਸਨ, ਉਹ ਪ੍ਰੋਗਰਾਮ ਜਥੇ ਸਮੇਤ ਵਿਚਰ ਕੇ ਆਪ ਜੀ ਨੇ ਨਿਭਾਏ ਤੇ ਸੰਤਾਂ ਦੀਆਂ ਖੁਸ਼ੀਆਂ ਤੇ ਆਸ਼ੀਰਵਾਦ ਪ੍ਰਾਪਤ ਕੀਤੇ।

## *ਨਿਯੁਕਤੀ ਬਤੌਰ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ—*

ਗਿਆਨੀ ਜੀ ਦੇ ਆਦਰਸ਼ਕ ਜੀਵਨ, ਗੁਰਮਤਿ ਰਹਿਣੀ ਦੀ ਪਰਪੱਕਤਾ ਤੇ ਉੱਚ ਧਾਰਮਿਕ ਵਿਦਿਆ ਨੂੰ ਵੇਖਦਿਆਂ ਹੋਇਆਂ ੨ ਅਪ੍ਰੈਲ, ੧੯੫੮ ਈ. ਨੂੰ ਆਪ ਜੀ ਦੀ ਨਿਯੁਕਤੀ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਕੀਤੀ ਗਈ। ਨਿਯੁਕਤੀ ਹੋਣ ਉਪਰੰਤ ਆਪ ਜੀ ਨੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਤੋਂ ਪੁੱਛਿਆ ਕਿ "ਸਾਡੇ ਜੱਥੇ ਦੀ ਮਰਯਾਦਾ ਸ੍ਰੀ ਹਰਿਮੰਦਰ ਸਾਹਿਬ ਦੀ ਮਰਯਾਦਾ ਤੋਂ ਅਲੱਗ ਹੈ, ਇਸ ਸੰਬੰਧੀ ਮੈਨੂੰ ਕੀ ਆਦੇਸ਼ ਹੈ"?

ਸੰਤ ਜੀ ਨੇ ਆਪ ਜੀ ਨੂੰ ਕਿਹਾ ਕਿ "ਤੁਹਾਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਮਰਯਾਦਾ ਦੀ ਪਾਲਣਾ ਕਰਨੀ ਚਾਹੀਦੀ ਹੈ, ਕਿਉਂਕਿ ਸ੍ਰੀ ਹਰਿਮੰਦਰ ਸਾਹਿਬ ਦੀ ਮਰਯਾਦਾ ਪੰਥਕ ਹੈ ਅਤੇ

ਸਾਡੀ ਜੱਥੇ ਦੀ ਹੈ, ਹੁਣ ਤੁਸਾਂ ਪੰਥਕ ਮਰਯਾਦਾ ਦੀ ਪਾਲਣਾ ਕਰਨੀ ਹੈ"। ਨਿਯੁਕਤੀ ਸਮੇਂ ਤੋਂ ਲੈ ਕੇ ਸੇਵਾ ਮੁਕਤ ਹੋਣ ਤਕ ਗਿਆਨੀ ਜੀ ਪੰਥਕ ਮਰਯਾਦਾ 'ਤੇ ਪਹਿਰਾ ਦੇਂਦੇ ਰਹੇ। ਗ੍ਰੰਥੀ ਦੀ ਡਿਊਟੀ ਤੋਂ ਇਲਾਵਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਤੋਂ ਅੰਮ੍ਰਿਤ ਵੇਲੇ ਆਏ ਮਹਾਂਵਾਕ ਦੀ ਕਥਾ ਗੁਰਦੁਆਰਾ ਮੰਜੀ ਸਾਹਿਬ ਵਿਖੇ ਸੰਗਤਾਂ ਵੱਲੋਂ ਉਚੇਚੀ ਮੰਗ ਕਰਨ ਕਰਕੇ ਤਕਰੀਬਨ ਦੋ ਸਾਲ ਤਕ ਕਰਦੇ ਰਹੇ। ਕਥਾ ਸਮੇਂ ਸੰਗਤਾਂ ਦਾ ਇਕੱਠ ਇਕ ਰੀਕਾਰਡ ਹੈ। ਬਾਅਦ ਵਿਚ ਗ੍ਰੰਥੀ ਦੀ ਸੇਵਾ ਦੇ ਨਾਲ-ਨਾਲ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਜੱਥੇਦਾਰ ਥਾਪੇ ਗਏ। ਮਈ ੧੯੬੩ ਈ. ਤੋਂ ਜੂਨ ੧੯੬੫ ਈ. ਤਕ ਦੋ ਸਾਲ ਦੇ ਕਰੀਬ ਇਹ ਸੇਵਾ ਬੜੀ ਲਗਨ, ਸੂਝ ਤੇ ਯੋਗਤਾ ਨਾਲ ਨਿਭਾਹੀ। ੧੬ ਸਾਲ ਦੀ ਨਿਰੰਤਰ ਗ੍ਰੰਥੀ ਸਿੰਘ ਦੀ ਸੇਵਾ ਉਪਰੰਤ ਆਪ ਜੀ ਦੀ ਵਿਦਵਤਾ, ਯੋਗਤਾ ਤੇ ਸਸ਼ਸੀਅਤ ਨੂੰ ਮੁੱਖ ਰੱਖਦਿਆਂ ਹੋਇਆ ੨ ਜੂਨ, ੧੯੭੪ ਈ. ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਦੀ ਮਹਾਨ ਉਚ ਪਦਵੀ 'ਤੇ ਨਿਯੁਕਤ ਕੀਤਾ ਗਿਆ। ਆਪ ਜੀ ਨੇ ਉਸ ਦਿਨ ਤੋਂ ਲੈ ਕੇ ੩੧ ਮਈ ੧੯੮੩ ਈ. ਤਕ ਇਸ ਸੇਵਾ ਨੂੰ ਪੂਰਨ ਤਨ ਦੇਹੀ, ਸਿਆਣਪ ਤੇ ਮਿਲਵਰਤਨ ਨਾਲ ਨਿਭਾਇਆ।

## ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ—

੧੯੮੨ ਈ. ਵਿਚ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਦਿਆਲ ਸਿੰਘ ਅਜਨੋਹਾ ਜੀ ਦੇ ਅਕਾਲ ਚਲਾਣਾ ਕਰਨ ਤੇ (੨੧ ਮਾਰਚ, ੧੯੮੨ ਨੂੰ) ਆਪ ਜੀ ਨੂੰ ਮੁੱਖ ਗ੍ਰੰਥੀ ਦੀ ਸੇਵਾ ਦੇ ਨਾਲ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦਾ ਜੱਥੇਦਾਰ ਥਾਪ ਦਿੱਤਾ ਗਿਆ। ਇਨ੍ਹਾਂ ਦੋਹਾਂ ਮਹਾਨ ਉੱਚ ਪਦਵੀਆਂ ਦੀ ਸੇਵਾ ਆਪ ਨੇ ਲਗਾਤਾਰ ਸਾਲ ਭਰ ਬੜੀ ਤਨਦੇਹੀ, ਹਿੰਮਤ, ਲਗਨ, ਮਿਹਨਤ ਤੇ ਕਾਬਲੀਅਤ ਨਾਲ ਨਿਭਾਹੀ। ਦੋਹਾਂ ਮਹਾਨ ਪਵਿੱਤਰ ਅਸਥਾਨਾਂ ਦੀਆਂ ਡਿਊਟੀਆਂ ਤੇ ਜ਼ਿੰਮੇਵਾਰੀਆਂ ਤੋਂ ਇਲਾਵਾ ਆਪ ਨੂੰ ਬਾਹਰ ਗੁਰਮਤਿ ਪ੍ਰਚਾਰ ਤੇ ਅੰਮ੍ਰਿਤ ਪ੍ਰਚਾਰ ਹਿੱਤ ਵੀ ਜਾਣਾ ਪੈਂਦਾ ਸੀ। ੧੯੮੩ ਈ. ਵਿਚ ਗਿਆਨੀ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸੇਵਾ ਤੋਂ ਅਸਤੀਫਾ ਦੇ ਦਿੱਤਾ ਤੇ ਸਿਰਫ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸੇਵਾ ਦੀ ਜ਼ਿਮੇਵਾਰੀ ਨਿਭਾਉਣ ਲੱਗ ਪਏ। ਇਸ ਦੌਰਾਨ ਵਿਦੇਸ਼ੀ ਸੰਗਤਾਂ ਦੇ ਪ੍ਰੇਮ ਸਦਕਾ ਇੰਗਲੈਂਡ ਵਿਖੇ ਧਰਮ ਪ੍ਰਚਾਰ ਲਈ ਵੀ ਗਏ। ਆਪ ਜੀ ਨੇ ਵੱਖ ਵੱਖ ਸ਼ਹਿਰਾਂ 'ਚ ਜਾ ਕੇ ਧਰਮ ਪ੍ਰਚਾਰ ਦੀ ਲਹਿਰ ਚਲਾਈ।

ਜੂਨ ੧੯੮੪ ਦੇ ਸਾਕਾ ਨੀਲਾ ਤਾਰਾ ਦੀ ਦੁਖਦਾਈ ਘਟਨਾ ਨੇ ਸਿੱਖ ਕੌਮ ਦੇ ਹਿਰਦੇ ਵਲੂੰਧਰ ਸੁੱਟੇ। ਕੁਝ ਕੁ ਪੰਥ ਦੋਖੀ ਤਾਕਤਾਂ ਤੇ ਜਾਤੀ ਰੰਜਸ਼ ਵਾਲੇ ਵਿਅਕਤੀਆਂ ਨੇ ਸਿੰਘ ਸਾਹਿਬ ਜੀ ਨੂੰ ਬੇਲੋੜੇ ਵਾਦ-ਵਿਵਾਦ ਦਾ ਸ਼ਿਕਾਰ ਬਣਾਉਣਾ ਚਾਹਿਆ। ਕਈ ਕੱਚ ਘਰੜ ਲੇਖਕਾਂ ਨੇ ਬੇਸਮਝੀ ਤੇ ਅਗਿਆਨਤਾ ਵਿਚ ਊਲ ਜਲੂਲ ਲੇਖ ਵੀ ਲਿਖੇ ਪਰ ਸਿੰਘ ਸਾਹਿਬ ਜੀ ਨੇ ਅਖ਼ਬਾਰਾਂ ਤੇ ਗੁਰਮਤਿ ਰਸਾਲਿਆਂ ਵਿਚ ਸਾਰੀ ਕਹਾਣੀ ਵਿਸਤਾਰ ਸਹਿਤ ਲਿਖੀ ਜੋ ਆਪ ਜੀ ਦੀ ਲਿਖਤ

'ਸਾਕਾ ਨੀਲਾ ਤਾਰਾ' ਵਿਚ ਵੀ ਦਰਜ ਹੈ। ਇਹ ਸਭ ਕੁਝ ਪੜ੍ਹ ਸੁਣ ਕੇ ਸ਼ੰਕਾਵਾਦੀ ਲੋਕਾਂ ਨੂੰ ਅਸਲੀਅਤ ਬਾਰੇ ਪਤਾ ਚਲਿਆ ਕਿ ਸਿੰਘ ਸਾਹਿਬ ਪ੍ਰਤੀ ਪੈਦਾ ਕੀਤਾ ਵਾਦ-ਵਿਵਾਦ ਨਿਰਮੂਲ, ਝੂਠਾ ਤੇ ਪੰਥ ਦੋਖੀਆਂ ਦੀ ਸਾਜਿਸ਼ ਦਾ ਇੱਕ ਹਿੱਸਾ ਸੀ। ਸਿੰਘ ਸਾਹਿਬ ਹਮੇਸ਼ਾਂ ਬੇਲੋੜੇ ਵਾਦ ਵਿਵਾਦ ਤੋਂ ਆਪਣੇ ਆਪ ਨੂੰ ਦੂਰ ਰੱਖਦੇ ਸਨ।

## ਜਥੇਦਾਰ ਦੀ ਪਦਵੀ ਤੋਂ ਅਸਤੀਫਾ—

ਜਦੋਂ ਪ੍ਰਮੁੱਖ ਪੰਥਕ ਲੀਡਰ ਜੇਲਾਂ 'ਚੋਂ ਰਿਹਾਅ ਹੋਏ ਤਾਂ ਇਹਨਾਂ ਨੇ ੨੪ ਦਸੰਬਰ, ੧੯੮੬ ਈ. ਵਿਚ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਸਰਵ ਉੱਚ ਪਦਵੀ ਤੋਂ ਅਸਤੀਫਾ ਦੇ ਦਿੱਤਾ। ਇਸ ਉਪਰੰਤ ਆਪਣੇ ਨਿਵਾਸ ਸਥਾਨ (੨੫੮, ਅਜੀਤ ਨਗਰ ਅੰਮ੍ਰਿਤਸਰ) ਪੜ੍ਹਨ ਲਿਖਣ ਦੇ ਕਾਰਜ ਵਿੱਚ ਜੁੱਟ ਗਏ। ਆਪਣੇ ਜੀਵਨ ਨਿਯਮ ਅਨੁਸਾਰ ਤੜਕੇ ਸਾਢੇ ਤਿੰਨ ਵਜੇ ਜਾਗਣਾ, ਇਸ਼ਨਾਨ ਉਪਰੰਤ ਨਿੱਤਨੇਮ ਕਰਕੇ ਮਹਾਰਾਜ ਦਾ ਪ੍ਰਕਾਸ਼ ਕਰਨਾ, ਅਰਦਾਸ, ਹੁਕਮਨਾਮਾ ਤੇ ਫਿਰ ਅਖ਼ਬਾਰਾਂ ਪੜ੍ਹਨੀਆਂ ਤੇ ਏਸੇ ਤਰ੍ਹਾਂ ਲਿਖਣ-ਪੜ੍ਹਨ ਦਾ ਕਾਰਜ ਜਾਰੀ ਰੱਖਿਆ। ਘਰ ਵਿਚ ਹੀ ਨਿੱਜੀ ਲਾਇਬਰੇਰੀ ਸੀ ਜਿਸ ਵਿਚ ਹੱਥ ਲਿਖਤ ਖਰੜੇ ਤੇ ਦੁਰਲੱਭ ਪੁਸਤਕਾਂ ਸਨ। ਘਰ ਦੇ ਇਕ ਕਮਰੇ ਵਿਚ ਮਹਾਰਾਜ ਦਾ ਪ੍ਰਕਾਸ਼ ਸੀ ਤੇ ਸਹਿਜ ਪਾਠ ਨਿਰੰਤਰ ਚੱਲਦਾ ਰਹਿੰਦਾ ਸੀ। ਭੋਗ ਵਾਲੇ ਦਿਨ ਘਰ ਕੜਾਹ ਪ੍ਰਸ਼ਾਦ ਕਰਕੇ ਘਰ ਦੇ ਜੀਆਂ ਨੂੰ ਬਿਠਾ ਕੇ ਭੋਗ ਪਾ ਦੇਣਾ ਅਤੇ ਨਾਲ ਹੀ ਅਰਦਾਸ ਕਰਕੇ ਫੇਰ ਪਾਠ ਸ਼ੁਰੂ ਕਰ ਦੇਣਾ। ਅੰਤਲੇ ਸਮੇਂ ਤਕ ਏਸੇ ਤਰ੍ਹਾਂ ਨਿਯਮਬੱਧ ਰਹੇ। ਅੰਤ ਲੱਖਾਂ ਸ਼ਰਧਾਲੂਆਂ ਤੇ ਪਾਠਕਾਂ ਦੇ ਦਿਲਾਂ ਵਿਚ ਵਸੇ ਖੋਜੀ ਵਿਦਵਾਨ, ਪ੍ਰਸਿੱਧ ਲੇਖਕ, ਸਫਲ ਵਕਤਾ, ਪ੍ਰਬੀਨ ਕਥਾ ਵਾਚਕ, ਨਿਮਰ-ਮਿਠ ਬੋਲੜੇ ਤੇ ਸਭ ਨੂੰ ਮਿੱਤਰ-ਪਿਆਰੇ ਸਮਝਣ ਵਾਲੀ ਸਿੱਖ ਪੰਥ ਦੀ ਸਤਿਕਾਰਯੋਗ ਸ਼ਖਸੀਅਤ ਸਿੰਘ ਸਾਹਿਬ ਗਿ. ਕਿਰਪਾਲ ਸਿੰਘ ਸੰਖੇਪ ਜਿਹੇ ਹਾਰਟ ਅਟੈਕ ਨਾਲ ਕੁਝ ਕੁ ਦਿਨ ਬੀਮਾਰ ਰਹਿਣ ਉਪਰੰਤ ੨੬ ਜੁਲਾਈ, ੧੯੯੩ ਈ. ਨੂੰ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ। ਪੰਥ ਦੀਆਂ ਉੱਚ ਸ਼ਖਸੀਅਤਾਂ, ਮਹਾਨ ਲੇਖਕਾਂ, ਵਿਦਵਾਨਾਂ ਤੇ ਪੰਥ ਪ੍ਰਸਤ ਚਿੰਤਕਾਂ ਨੇ ਆਪ ਜੀ ਦੀ ਅਰਥੀ ਨੂੰ ਮੋਢਾ ਦਿੱਤਾ ਤੇ ਸੇਜਲ ਅੱਖਾਂ ਨਾਲ ਚਿਤਾ ਨੂੰ ਅਗਨ ਭੇਟ ਕੀਤਾ। ਲੋਕਾਂ ਵਿਚ ਆਪ ਜੀ ਦਾ ਮਾਣ ਸਤਿਕਾਰ ਏਨਾ ਸੀ ਕਿ ਕਈ ਸੰਸਥਾਵਾਂ, ਸੰਪਰਦਾਵਾਂ ਤੇ ਡੇਰਿਆਂ ਵਿਚ ਸਿੰਘ ਸਾਹਿਬ ਨਮਿਤ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ।

## ਆਪ ਜੀ ਦੇ ਇਤਿਹਾਸਕ ਮਹੱਤਤਾ ਵਾਲੇ ਕਾਰਜ—

ਸਿੰਘ ਸਾਹਿਬ ਜੀ ਨੇ ਆਪਣੇ ਸੇਵਾ ਕਾਲ ਦੌਰਾਨ ਬਹੁਤ ਸਾਰੇ ਇਤਿਹਾਸਕ ਮਹੱਤਤਾ ਵਾਲੇ ਕਾਰਜ ਅਤੇ ਫੈਸਲੇ ਕੀਤੇ, ਜਿਵੇਂ ੧੯੬੦ ਈ. ਵਿੱਚ ਮਾਸਟਰ ਤਾਰਾ ਸਿੰਘ ਜੀ, ਸੰਤ ਫਤਹਿ ਸਿੰਘ ਜੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਮੁੱਚੀ ਕਾਰਜਕਾਰਨੀ ਨੂੰ ਤਨਖਾਹ ਲਾਉਣੀ। ੧੯੭੯

ਈ. ਵਿਚ ਅਕਾਲੀ ਦਲ ਦੇ ਦੋ ਧੜਿਆਂ ਦੀ ਏਕਤਾ ਕਰਨ ਲਈ ਦਸ ਨੁਕਾਤੀ ਫੈਸਲੇ ਤਹਿਤ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਦੇਸ਼ ਜਾਰੀ ਕੀਤਾ ਗਿਆ। ਆਦੇਸ਼ ਜਾਰੀ ਕਰਨ ਵਾਲੇ ਪੰਜ ਪਿਆਰਿਆਂ ਵਿੱਚ ਗਿਆਨੀ ਜੀ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਮੁੱਖ ਗ੍ਰੰਥੀ ਵੱਜੋਂ ਸ਼ਾਮਿਲ ਹੋਏ। ਇਸ ਆਦੇਸ਼ ਦੀ ਉਲੰਘਣਾ ਦੇ ਦੋਸ਼ ਵਿਚ ਜਥੇਦਾਰ ਜਗਦੇਵ ਸਿੰਘ ਤਲਵੰਡੀ, ਜਥੇਦਾਰ ਜੀਵਨ ਸਿੰਘ ਉਮਰਾ ਨੰਗਲ, ਜੱਥੇਦਾਰ ਉਜਾਗਰ ਸਿੰਘ ਜੀ ਸੇਖਵਾਂ ਨੂੰ ਤਨਖਾਹੀਆ ਕਰਾਰ ਦਿੱਤਾ। ਜੱਥੇਦਾਰ ਸੰਤੋਖ ਸਿੰਘ ਦਿੱਲੀ ਨੂੰ ਤਨਖਾਹੀਆ ਕਰਾਰ ਦੇ ਕੇ ਤਨਖਾਹ ਲਾਉਣ ਸਮੇਤ ਹੈੱਡ ਗ੍ਰੰਥੀ ਹੁੰਦਿਆਂ ਪੰਜਾਂ ਸਿੰਘ ਸਾਹਿਬਾਨ ਵਿਚ ਬਤੌਰ ਜਥੇਦਾਰ ਫੈਸਲਾ ਸੁਣਾਇਆ। ੧੯੮੪ ਵਿਚ ਸੰਤਾ ਸਿੰਘ ਨਿਹੰਗ, ਬੀਰ ਬਿਕਰਮਜੀਤ ਸਿੰਘ ਤੇ ਸੰਤ ਨਰੈਣ ਸਿੰਘ ਕਲੇਰਾਂ ਵਾਲਿਆਂ ਨੂੰ ਤਨਖਾਹੀਏ ਕਰਾਰ ਦਿੱਤਾ ਗਿਆ। ਉਸ ਸਮੇਂ ਪੰਜਾਂ ਪਿਆਰਿਆਂ ਵਿਚ ਬਤੌਰ ਜੱਥੇਦਾਰ ਸ੍ਰੀ ਅਕਾਲ ਤਖਤ ਸ਼ਾਮਿਲ ਹੋਏ।

ਇਸੇ ਤਰ੍ਹਾਂ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਵੱਲੋਂ ਸ਼੍ਰੋ. ਗੁ. ਪ੍ਰ. ਕਮੇਟੀ ਦੇ ਸਹਿਯੋਗ ਨਾਲ ਅੰਮ੍ਰਿਤਸਰ, ਤਖ਼ਤ ਸ੍ਰੀ ਦਮਦਮਾ ਸਾਹਿਬ ਤੇ ਬੰਬਈ ਵਿਖੇ ਹੋਏ ਪਾਠ ਬੋਧ ਸਮਾਗਮਾਂ ਵਿਚ ਬਤੌਰ ਮੁਖੀ ਵਿਦਵਾਨ ਸ਼ਾਮਿਲ ਹੁੰਦੇ ਰਹੇ ਤੇ ਗੁਰਬਾਣੀ ਦੇ ਸ਼ੁੱਧ ਉਚਾਰਣ ਅਤੇ ਗੁਰਮਤਿ ਅਨੁਸਾਰ ਗੁਰਬਾਣੀ ਦੇ ਅਰਥਾਂ ਬਾਰੇ ਖੋਜ ਭਰਪੂਰ ਜਾਣਕਾਰੀ ਦੇਂਦੇ ਰਹੇ। ਇਨ੍ਹਾਂ ਸਮਾਗਮਾਂ ਸਮੇਂ ਸ਼ੁੱਧ ਗੁਰਬਾਣੀ ਉਚਾਰਣ ਦੇ ਵਿਸ਼ੇ ਉਪਰ ਆਪ ਜੀ ਦੇ ਲਿਖੇ ਲੇਖ ਪੜ੍ਹੇ ਜਾਂਦੇ ਰਹੇ। ਆਪ ਜੀ ਨੂੰ ਇਹਨਾਂ ਸਮਾਗਮਾਂ ਦੀ ਕਾਮਯਾਬੀ 'ਤੇ ਸਨਮਾਨਤ ਕੀਤਾ ਗਿਆ।

ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਸਮੂੰਹ ਉਪਰ ਭਾਰਤੀ ਫੌਜ ਵਲੋਂ ਹੋਏ ਹਮਲੇ ਤੋਂ ਬਾਅਦ ਸੰਕਟ ਦੇ ਸਮੇਂ ਸਿੰਘ ਸਾਹਿਬ ਜੀ ਨੇ ਬਤੌਰ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਅਹਿਮ ਭੂਮਿਕਾ ਨਿਭਾਈ। ਸਮੁੱਚੀ ਪੰਥਕ ਲੀਡਰਸ਼ਿਪ ਸਰਕਾਰ ਨੇ ਜੇਲ੍ਹਾਂ ਵਿੱਚ ਬੰਦ ਕਰ ਦਿੱਤੀ ਸੀ ਤੇ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਤੇ ਪੂਰੀ ਤਰ੍ਹਾਂ ਸਰਕਾਰ ਦਾ ਕਬਜਾ ਸੀ, ਅਜਿਹੇ ਸੰਕਟ ਭਰੇ ਸਮੇਂ ਗਿਆਨੀ ਜੀ ਨੇ ਸੁਯੋਗ ਅਗਵਾਈ ਕੀਤੀ। ੨ ਸਤੰਬਰ, ੧੯੮੪ ਈ. ਦਾ ਸਰਬ ਸੰਸਾਰ ਸਿੱਖ ਸੰਮੇਲਨ ਜਦੋਂ ਡਰਦਾ ਕੋਈ ਅੰਮ੍ਰਿਤਸਰ ਵੱਲ ਮੂੰਹ ਨਹੀਂ ਸੀ ਕਰਦਾ, ਉਸ ਸਮੇਂ ੨ ਲੱਖ ਸੰਗਤਾਂ ਦਾ ਇਕੱਠ ਇੱਕ ਇਤਿਹਾਸਕ ਘਟਨਾ ਹੈ। ਇਕ ਅਕਤੂਬਰ ਦੇ ਸ਼ਾਂਤੀ ਮਾਰਚ ਦਾ ਐਲਾਨ, ਦੋ ਸਤੰਬਰ ਦਾ ਭਾਸ਼ਣ ਤੇ ਫੈਸਲੇ ਅਤੇ ੨੭ ਸਤੰਬਰ ਦਾ ਰਾਸ਼ਟਰਪਤੀ ਗਿ.ਜੈਲ ਸਿੰਘ ਦੇ ਸਾਹਮਣੇ ਸਿੰਘ ਸਾਹਿਬ ਵੱਲੋ ਦਿੱਤਾ ਭਾਸ਼ਣ ਭਾਰਤ ਸਰਕਾਰ ਨੂੰ ਹਿਲਾ ਦੇਣ ਵਾਲੇ ਸਨ। ਇੱਕ ਅਕਤੂਬਰ ਤੋਂ ਪਹਿਲਾਂ ਪਹਿਲਾਂ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਨਾਲ ਸੰਬੰਧਿਤ ਸਾਰੀਆਂ ਇਮਾਰਤਾਂ ਦਾ ਫੌਜ ਤੋਂ ਕਬਜਾ ਲੈ ਕੇ ਸ਼੍ਰੋਮਣੀ ਕਮੇਟੀ ਦੇ ਹਵਾਲੇ ਕਰਨਾ ਵੀ ਇਕ ਇਤਿਹਾਸਕ ਮਹੱਤਤਾ ਵਾਲੀ ਘਟਨਾ ਸੀ ਜੋ ਸਿੰਘ ਸਾਹਿਬ ਜੀ ਦੀ ਸੂਝ ਬੂਝ ਦਾ ਹੀ ਸਿੱਟਾ ਸੀ।

## ਆਪ ਜੀ ਦਾ ਪਰਿਵਾਰ—

ਸਿੰਘ ਸਾਹਿਬ ਦੀ ਧਰਮ ਸੁਪਤਨੀ ਗਿਆਨਜੀਤ ਕੌਰ ਸਕੂਲ ਅਧਿਆਪਕਾ ਰਿਟਾਇਰ ਹੈ। ਜੋ ਪਰਿਵਾਰ ਸਮੇਤ ੨੫੮, ਅਜੀਤ ਨਗਰ ਅੰਮ੍ਰਿਤਸਰ ਵਿਖੇ ਰਹਿ ਰਹੇ ਹਨ। ਸਿੰਘ ਸਾਹਿਬ ਜੀ ਦਾ ਇੱਕ ਲੜਕਾ ਤੇ ਇੱਕ ਲੜਕੀ ਹੈ। ਲੜਕਾ ਸ੍ਰ. ਮਨਮੋਹਨ ਸਿੰਘ ਅਗਜੈਕਟਿਵ ਆਫੀਸਰ ਹੈ ਅਤੇ ਨੂੰਹ ਸਦੀਪ ਕੌਰ ਲੈਕਚਰਾਰ ਹੈ। ਸਪੁੱਤਰੀ ਕੰਵਲਜੀਤ ਕੌਰ ਅਤੇ ਦਾਮਾਦ ਇੰਦਰਜੀਤ ਸਿੰਘ ਗੋਗੋਆਣੀ ਦੋਨੋਂ ਸਕੂਲ ਅਧਿਆਪਕ ਹਨ। ਪਰਿਵਾਰ ਵਲੋਂ ਸਿੰਘ ਸਾਹਿਬ ਜੀ ਦੀ ਸਾਲਾਨਾ ਬਰਸੀ ਹਰ ਸਾਲ ਮਨਾਈ ਜਾਂਦੀ ਹੈ।

## ਗੁਰਮਤਿ ਸਾਹਿਤ ਨੂੰ ਵਡਮੁੱਲੀ ਦੇਣ —

ਆਪ ਜਿੱਥੇ ਸਫਲ ਵਕਤਾ, ਪ੍ਰਬੀਨ ਕਥਾ ਵਾਚਕ ਤੇ ਪ੍ਰਸਿੱਧ ਵਿਆਖਿਆਕਾਰ ਸਨ ਉਥੇ ਅਨੁਭਵੀ ਕਵੀ, ਸੁਜਾਨ ਲੇਖਕ ਤੇ ਸੁਘੜ ਸੰਪਾਦਕ ਵੀ ਸਨ। ਆਪ ਜੀ ਨੇ ਤਕਰੀਬਨ ਦੋ ਦਰਜਨ ਵਿਦਵਾਨ ਲੇਖਕਾਂ ਦੀਆਂ ਪੁਸਤਕਾਂ ਦੇ ਮੁੱਖ ਬੰਧ ਲਿਖੇ। ਆਪ ਜੀ ਨੇ ਸਿੱਖ ਧਰਮ ਦੀਆਂ ਸਰਵ ਉੱਚ ਉਪਾਧੀਆਂ ਤੇ ਸੇਵਾ ਕਰਨ ਦੌਰਾਨ ਬਹੁਮੁੱਲੀਆਂ ਖੋਜ ਭਰਪੂਰ ਇਤਿਹਾਸਕ ਮਹੱਤਤਾ ਵਾਲੀਆਂ ਪੁਸਤਕਾਂ ਲਿਖ ਕੇ ਵਡਮੁੱਲਾ ਯੋਗਦਾਨ ਪਾਇਆ ਜਿਹਨਾਂ 'ਚੋਂ ਪ੍ਰਮੁੱਖ ਇਹ ਹਨ:-

੧. ***ਸਮ ਅਰਥ ਕੋਸ਼***—ਇਹ ਗੁਰਮਤਿ ਤੇ ਪੰਜਾਬੀ ਸਾਹਿਤ ਵਿਚ ਆਪਣੀ ਕਿਸਮ ਦਾ ਪਹਿਲਾ ਕੰਮ ਹੈ, ਜਿਸ ਵਿਚ ਪੰਜ ਹਜ਼ਾਰ ਸ਼ਬਦਾਂ ਦੇ ਸਮ-ਅਰਥ ਦਿੱਤੇ ਹੋਏ ਹਨ।

੨. ***ਸੰਪਾਦਿਤ-ਪੰਥ ਪ੍ਰਕਾਸ਼***—ਗਿਆਨੀ ਗਿਆਨ ਸਿੰਘ ਜੀ ਕਿਰਤ ਪੰਥ ਪ੍ਰਕਾਸ਼ ਦੀ ਸੰਪਾਦਨਾ ਸਿੰਘ ਸਾਹਿਬ ਜੀ ਨੇ ਕੀਤੀ। ਜਿਸ ਦੇ ਭੂਮਿਕਾ ਸਮੇਤ ੨੯੬੦ ਸਫੇ ਹਨ। ਇਹ ਛੇ ਜਿਲਦਾਂ ਵਿਚ ਪ੍ਰਕਾਸ਼ਤ ਹੈ।

੩. ***ਗੁਰਮੁਖ ਦਰਸ਼ਨ***— ਸੰਤ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂਵਾਲਿਆਂ ਦੀ ਵਿਸਥਾਰ ਸਹਿਤ ਜੀਵਨੀ ਅਤੇ ਉਹਨਾਂ ਦੇ ਪ੍ਰਵਚਨ ਹਨ।

੪. ***ਸ੍ਰੀ ਹਰਿਮੰਦਰ ਸਾਹਿਬ ਜੀ ਦਾ ਸੁਨਹਿਰੀ ਇਤਿਹਾਸ***—

ਇਹ ਪੁਸਤਕ ਸ੍ਰੀ ਹਰਿਮੰਦਰ ਸਾਹਿਬ ਸੰਬੰਧੀ ਜਾਣਕਾਰੀ ਭਰਪੂਰ ਬਹੁਮੁੱਲੀ ਇਤਿਹਾਸਕ ਦਸਤਾਵੇਜ਼ ਹੈ ਜਿਸ ਨੂੰ ਧਰਮ ਪ੍ਰਚਾਰ ਕਮੇਟੀ (ਸ਼੍ਰੋ. ਗੁ. ਪ੍ਰ. ਕਮੇਟੀ.) ਵੱਲੋਂ ਪ੍ਰਕਾਸ਼ਿਤ ਕੀਤਾ ਗਿਆ।

੫. ***ਸੰਪਾਦਿਤ ਤਵਾਰੀਖ ਗੁਰੂ ਖਾਲਸਾ***— ਇਸ ਵਿਚ ਗੁਰੂ ਨਾਨਕ ਦੇਵ ਜੀ ਦੀਆਂ ਜੀਵਨ ਸਿੱਖਿਆਵਾਂ ਨੂੰ ਸਿੰਘ ਸਾਹਿਬਾਨ ਜੀ ਨੇ ਤਵਾਰੀਖ ਗੁਰੂ ਖਾਲਸਾ ਕਿਰਤ ਗਿਆਨੀ ਗਿਆਨ ਸਿੰਘ ਵਿਚੋਂ ਸੰਪਾਦਿਤ ਕੀਤਾ ਜੋ ਧਰਮ ਪ੍ਰਚਾਰ ਕਮੇਟੀ (ਸ਼੍ਰੋ. ਗੁ. ਪ੍ਰ. ਕੇਮਟੀ.) ਵੱਲੋ ਪ੍ਰਕਾਸ਼ਿਤ ਕੀਤੀ ਗਈ।

**੬. ਤਿੰਨ ਰੰਗ:**-ਇਹ ਪੰਜਾਬੀ ਅਤੇ ਬ੍ਰਿਜ ਭਾਸ਼ਾ ਵਿਚ ਅਨੁਭਵੀ ਕਵਿਤਾਵਾਂ ਹਨ।

**੭.ਮਾਝਾਂ ਭਾਈ ਦਰਬਾਰੀ**— ਇਹ ਇਤਿਹਾਸਕ ਪੁਸਤਕ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪ੍ਰਕਾਸ਼ਿਤ ਹੈ।

**੮. ਅੱਖੀਂ ਡਿੱਠਾ ਸਾਕਾ ਨੀਲਾ ਤਾਰਾ**— ੧੯੮੪ ਦਾ ਇਤਿਹਾਸ ਜਿਸ ਨੂੰ ਵਾਈਟ ਪੇਪਰ ਕਿਹਾ ਜਾ ਸਕਦਾ ਹੈ। ਤਿੰਨ ਸੌ ਪੰਨਿਆਂ ਦੇ ਕਰੀਬ ਇਹ ਪੁਸਤਕ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਚ (ਭਾਈ ਚਤਰ ਸਿੰਘ ਜੀਵਨ ਸਿੰਘ) ਫਰਮ ਵਲੋਂ ਉਨ੍ਹਾਂ ਦੇ ਗੁਰਪੁਰੀ ਪਿਆਨੇ ਤੋਂ ਬਾਅਦ ਪ੍ਰਕਾਸ਼ਿਤ ਹੋਈ।

**੯. ਸਿੱਖ ਮੱਤ ਦਰਸ਼ਨ**— ਇਸ ਪੁਸਤਕ ਵਿੱਚ ਸਿੰਘ ਸਾਹਿਬ ਜੀ ਦੇ ਵੱਖ-ਵੱਖ ਵਿਸ਼ਿਆਂ ਤੇ ੨੦ ਖੋਜ ਭਰਪੂਰ ਲੇਖ ਹਨ। ਇਹ ਪੁਸਤਕ ਵੀ ਉਹਨਾਂ ਦੇ ਗੁਰਪੁਰੀ ਪਿਆਨੇ ਤੋਂ ਬਾਅਦ ਪ੍ਰਕਾਸ਼ਿਤ ਹੋਈ।

**੧੦. ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਜਥੇਦਾਰ ਸਾਹਿਬਾਨ**—

ਇਹ ਲੇਖ ਗੁਰਮਤਿ ਪ੍ਰਕਾਸ਼ ਵਿੱਚ ਪਹਿਲਾਂ ਛਪ ਚੁੱਕੇ ਸਨ। ਇਹ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਮੁੱਖ ਸੇਵਾਦਾਰਾਂ (ਜਥੇਦਾਰਾਂ) ਬਾਰੇ ਖੋਜ ਭਰਪੂਰ ਪਹਿਲੀ ਇਤਿਹਾਸਕ ਪੁਸਤਕ ਹੈ।

**੧੧. ਸੰਪਾਦਿਤ ਸੁਧਾਸਰ ਸ਼ਤਕ ਪਚੀਸਾ**— ਸੰਤ ਨਿਹਾਲ ਸਿੰਘ ਲਿਖਤ ਸੰਗ੍ਰਹਿ ਤੇ ਸੰਪਾਦਿਤ ਪੁਸਤਕ ਜਿਸ ਵਿਚ ੧੨੮ ਛੰਦ ਬ੍ਰਜ ਭਾਸ਼ਾ ਦੀ ਸੁੰਦਰ ਕਾਵ ਦੇ ਹਨ। ਜਿਨ੍ਹਾਂ ਵਿਚ ਅੰਮ੍ਰਿਤਸਰ ਸ਼ਹਿਰ, ਸਰੋਵਰ ਤੇ ਸ੍ਰੀ ਹਰਿਮੰਦਰ ਸਾਹਿਬ ਦਾ ਵਰਣਨ ਹੈ ਜੋ ਲੜੀਵਾਰ ਗੁਰਦੁਆਰਾ ਗਜ਼ਟ ਵਿਚ ਛਪ ਚੁਕਾ ਹੈ।

**੧੨. ਸੰਪਾਦਿਤ ਭਾਈ ਸਾਹਿਬ ਚੰਦ੍ਰਕਾ**— ਕ੍ਰਿਤ ਮੇਘ ਸਿੰਘ ਕਵੀ ਜਿਸ ਵਿਚ ਭਾਈ ਸੰਤਾ ਸਿੰਘ ਗਿਆਨੀ ਦੀ ਮਹਿਮਾਂ ਤੇ ਜੀਵਨੀ ਸੁੰਦਰ ਬ੍ਰਜ ਭਾਸ਼ਾ ਕਾਵਿ ਵਿਚ ਹੈ।

**੧੩. ਸੰਪਾਦਿਤ ਬਾਬਾ ਗੁਰਬਖਸ਼ ਸਿੰਘ ਜੀ ਸ਼ਹੀਦ**—

ਬਹੁਤ ਪੁਰਾਤਨ ਹੱਥ ਲਿਖਤ ਬ੍ਰਜ ਭਾਸ਼ਾ ਕਾਵਿ ਹੈ। ਜਿਸ ਵਿਚ ਬਾਬਾ ਜੀ ਦਾ ਜਨਮ ਮਾਤਾ ਪਿਤਾ, ਅੰਮ੍ਰਿਤ ਛਕਣ ਤੇ ਸ਼ਹੀਦੀ ਦਾ ਵਿਸਥਾਰ ਸਹਿਤ ਵੇਰਵਾ ਹੈ। ਇਹ ਵੀ ਗੁਰਦੁਆਰਾ ਗਜਟ ਵਿਚ ਕਿਸ਼ਤ ਵਾਰ ਛਪ ਚੁੱਕੀ ਹੈ।

**੧੪. ਸਵੈ-ਜੀਵਨੀ**— ਇਹ ਅਣਪ੍ਰਕਾਸ਼ਿਤ ਕਾਫੀ ਵੱਡੇ ਆਕਾਰ ਦੀ ਹੈ ਜਿਸ ਨੂੰ ਪਰਿਵਾਰ ਵੱਲੋਂ ਪ੍ਰਕਾਸ਼ਿਤ ਕੀਤਾ ਜਾਵੇਗਾ।



ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ